# ਐਲੀਮੈਂਟਰੀ ਸਿੱਖਿਆ ਵਿੱਚ ਡਿਪਲੋਮਾ

(ਡੀ.ਈਐੱਲ.ਈਡੀ.)

ਕੋਰਸ–501

ਭਾਰਤ ਵਿੱਚ ਐਲੀਮੈਂਟਰੀ ਸਿੱਖਿਆ:

ਸਮਾਜਿਕ–ਸੱਭਿਆਚਾਰਕ ਸੰਦਰਭ

**ਬਲਾਕ–2**

ਭਾਰਤ ਵਿੱਚ ਐਲੀਮੈਂਟਰੀ ਸਿੱਖਿਆ : ਇੱਕ ਪੂਰਵ ਅਨੁਮਾਨ

ਸਮਕਾਲੀ ਸੰਦਰਭ -1 ਵਿੱਚ ਭਾਰਤ ਵਿੱਚ ਐਲੀਮੈਂਟਰੀ ਸਿੱਖਿਆ


# ਓਪਨ ਸਕੂਲਿੰਗ ਦੀ ਰਾਸ਼ਟਰੀ ਸੰਸਥਾ

ਏ–24/25, ਇੰਡਸਟਰੀਅਲ ਏਰੀਆ, ਸੈਕਟਰ–62,

ਨੋਇਡਾ ਗੌਤਮ ਬੁੱਧ ਨਗਰ, ਯੂਪੀ–201309

ਵੈਬਸਾਈਟ: www.nios.ac.in

ਲਰਨਰ ਸਪੋਰਟ ਸੈਂਟਰ ਟੋਲ ਫਰੀ ਨੰਬਰ:1800 180 9393, ਈ–ਮੇਲ : lsc@nios.ac.in

**ਕਰੈਡਿਟ ਅੰਕ** (4=3+1)

| ਬਲਾਕ | ਇਕਾਈ | ਇਕਾਈ ਦਾ ਨਾਂ | ਸਿਧਾਂਤਕ ਅਧਿਐਨ ਘੰਟੇ | | ਵਿਵਹਾਰਕ ਅਧਿਐਨ |
|---|---|---|---|---|---|
| | | | ਸਮੱਗਰੀ | ਗਤੀਵਿਧੀਆਂ | |
| ਬਲਾਕ-1: ਭਾਰਤ ਵਿੱਚ ਐਲੀਮੈਂਟਰੀ ਸਿੱਖਿਆ: ਇੱਕ ਪੂਰਵ ਅਨੁਮਾਨ | ਯੂ 1 | ਭਾਰਤੀ ਸਿੱਖਿਆ ਪ੍ਰਣਾਲੀ-1 | 4 | 2 | ਪਹਿਲਾਂ ਦੇ ਗੁਰੂ ਦੀ ਤੁਲਨਾ ਅਤੇ ਅੱਜ ਦੇ ਪੇਸ਼ੇਵਰ ਅਧਿਆਪਕ |
| | ਯੂ 2 | ਭਾਰਤੀ ਸਿੱਖਿਆ ਪ੍ਰਣਾਲੀ-2 | 5 | 3 | ਕਿਸੇ ਵੀ ਪਾਠ ਪੁਸਤਕ ਦਾ ਮੁਲਾਂਕਣ ਐਨਸੀਐਫ 2005 ਦਾ ਅਧਿਕਾਰ ਹੈ। |
| | ਯੂ 3 | ਸਿੱਖਿਆ ਮੁੱਢਲੇ ਅਧਿਕਾਰ ਵਜੋਂ | 4 | 2 | ਅਧਿਆਪਕ ਦੀ ਭੂਮਿਕਾ ਅਤੇ ਜ਼ਿੰਮੇਵਾਰੀਆਂ ਦੇ ਸੰਦਰਭ ਵਿੱਚ ਆਰਟੀਈ ਕਾਨੂੰਨ 2009 ਦਾ ਮੁਲਾਂਕਣ |
| | ਯੂ 4 | ਯੂਈਈ ਦਾ ਸੰਗਠਨਾਤਮਕ ਢਾਂਚਾ | 4 | 2 | ਝਾਰਖੰਡ ਵਿੱਚ ਐਲੀਮੈਂਟਰੀ ਸਿੱਖਿਆ ਦਾ ਸੰਗਠਨਾਤਮਕ ਢਾਂਚਾ |
| ਬਲਾਕ-2: ਭਾਰਤ ਵਿੱਚ ਸਮਕਾਲੀ ਪ੍ਰਸੰਗ ਵਿੱਚ ਐਲੀਮੈਂਟਰੀ ਸਿੱਖਿਆ-1 | ਯੂ 5 | ਯੂਈਈ-1: ਲਈ ਰਣਨੀਤੀਆਂ | 5 | 3 | ਸਬੰਧਿਤ ਸਕੂਲਾਂ ਵਿੱਚ ਮਿਡ-ਡੇ-ਮੀਲ ਅਨੁਭਵ |
| | ਯੂ 6 | ਯੂਈਈ-2: ਲਈ ਰਣਨੀਤੀਆਂ, ਸਰਵ ਸਿੱਖਿਆ ਅਭਿਆਨ (ਐਸਐਸਏ) | 5 | 3 | |

| | | | | | |
|---|---|---|---|---|---|
| | ਯੂ 7 | ਯੂਈਈ ਦੀ ਯੋਜਨਬਾਂਦੀ ਅਤੇ ਪ੍ਰਬੰਧਨ | 6 | 3 | |
| ਬਲਾਕ–3:ਸਮਕਾਲੀ ਸੰਦਰਭ ਵਿੱਚ ਭਾਰਤ ਵਿੱਚ ਐਲੀਮੈਂਟਰੀ ਸਿੱਖਿਆ–2 | ਯੂ 8 | ਐਲੀਮੈਂਟਰੀ ਸਿੱਖਿਆ ਲਈ ਅਧਿਆਪਕਾਂ ਨੂੰ ਤਿਆਰ ਕਰਨਾ | 6 | 3 | ਇਕ ਚਿੰਤਨਸ਼ੀਲ ਅਧਿਆਪਕ ਦੇ ਰੂਪ ਵਿੱਚ ਤੁਹਾਡੀ ਗੁਣਵੱਤਾ ’ਤੇ ਵਿਚਾਰ |
| | ਯੂ 9 | ਵੰਚਿਤਾਂ ਦੀ ਸਿੱਖਿਆ ਲਈ ਅਧਿਆਪਕਾਂ ਦੀ ਤਿਆਰੀ | 5 | 3 | ਤੁਹਾਡੇ ਖੇਤਰ ਵਿੱਚ ਐੱਸਸੀ/ਐੱਸਟੀ/ਘੱਟ ਗਿਣਤੀਆਂ ਦੇ ਬੱਚਿਆਂ ਦੀ ਪਹੁੰਚ ਦੇ ਮੁੱਦਿਆਂ ’ਤੇ ਵਿਚਾਰ ਕਰਨਾ। ਤੁਹਾਡੇ ਸਕੂਲ ਵਿੱਚ ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਕਾਰਜ ਯੋਜਨਾ। |
| | ਯੂ 10 | ਐਲੀਮੈਂਟਰੀ ਸਿੱਖਿਆ ਵਿੱਚ ਅੰਤਰਰਾਸ਼ਟਰੀ ਦ੍ਰਿਸ਼ | 5 | 2 | |
| | | ਟਿਊਸ਼ਨ | 15 | | |
| | | | 64 | 26 | 30 |
| | | ਕੁੱਲ ਜੋੜ | 64+26+30=120 ਘੰਟੇ | | |

ਬਲਾਕ 2

ਸਮਕਾਲੀ ਸੰਦਰਭ–1 ਵਿੱਚ ਭਾਰਤ ਵਿੱਚ ਐਲੀਮੈਂਟਰੀ ਸਿੱਖਿਆ

ਬਲਾਕ ਇਕਾਈਆਂ

ਇਕਾਈ 5: ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪਕੀਰਨ ਲਈ ਰਣਨੀਤੀਆਂ–1

ਇਕਾਈ 6: ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਲਈ ਰਣਨੀਤੀਆਂ–2

ਇਕਾਈ 7: ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਦੀ ਯੋਜਨਾਬੰਦੀ ਅਤੇ ਪ੍ਰਬੰਧਨ

**ਬਲਾਕ ਜਾਣ ਪਛਾਣ**

ਬਲਾਕ 2 ਵਿੱਚ ਇਕਾਈ 4, 5, 6 ਅਤੇ 7 ਆਦਿ ਕੁੱਲ ਚਾਰ ਇਕਾਈਆਂ ਹਨ।

**ਇਕਾਈ**-5, ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ 'ਤੇ ਰਣਨੀਤੀਆਂ ਅਤੇ ਉਨ੍ਹਾਂ ਦੇ ਪ੍ਰਭਾਵਾਂ 'ਤੇ ਫੋਕਸ ਕਰਨ ਲਈ ਤੁਹਾਡੀ ਸਹਾਇਤਾ ਕਰੇਗੀ। ਤੁਸੀਂ ਮਹਾਰਾਸ਼ਟਰ, ਯੂ.ਪੀ. ਮੁੱਢਲਾ ਸਿੱਖਿਆ ਪ੍ਰਾਜੈਕਟ, ਬਿਹਾਰ ਸਿੱਖਿਆ ਪ੍ਰਾਜੈਕਟ, ਲੋਕ ਜੰਬਿਸ਼ ਸਿੱਖਿਆ ਕਰਮੀ, ਡੀਪੀਈਪੀ ਵਰਗੇ ਵੱਖੋ ਵੱਖਰੇ ਰਾਜਾਂ ਵਿੱਚ ਮੁੱਢਲੀ ਸਿੱਖਿਆ ਦੀ ਮੌਜੂਦਾ ਅੰਕੜਾ ਤਸਵੀਰ ਦਾ ਅਧਿਐਨ ਕਰੋਗੇ।

**ਇਕਾਈ**-6 ਵਿੱਚ ਤੁਸੀਂ 6-14 ਸਾਲਾਂ ਦੀ ਉਮਰ ਵਿੱਚ ਬੱਚਿਆਂ ਨੂੰ ਮੁੱਢਲੀ ਸਿੱਖਿਆ ਪ੍ਰਦਾਨ ਕਰਨ ਲਈ ਡਿਜ਼ਾਇਨ ਕੀਤੇ ਗਏ ਐੱਸ.ਐੱਸ.ਏ. ਦੀਆਂ ਜ਼ਰੂਰੀ ਵਿਸ਼ੇਸ਼ਤਾਵਾਂ, ਪ੍ਰਬੰਧਨ ਅਤੇ ਨਿਗਰਾਨੀ ਦਾ ਅਧਿਐਨ ਕਰੋਗੇ।

**ਇਕਾਈ**-7 ਵਿੱਚ ਤੁਸੀਂ ਸਰਬਵਿਆਪੀ ਐਲੀਮੈਂਟਰੀ ਸਿੱਖਿਆ ਦੀ ਯੋਜਨਾ ਅਤੇ ਪ੍ਰਬੰਧਨ ਬਾਰੇ ਅਧਿਐਨ ਕਰੋਗੇ। ਇਹ ਤੁਹਾਨੂੰ ਇਹ ਜਾਣਨ ਵਿੱਚ ਮਦਦ ਕਰੇਗਾ ਕਿ ਸਕੂਲ ਨਾਲ ਸਬੰਧਿਤ ਸਰੋਤਾਂ ਦਾ ਲਾਭ ਉਠਾਉਣ ਲਈ ਤੁਸੀਂ ਕਿਨ੍ਹਾਂ ਨਾਲ ਸੰਪਰਕ ਕਰ ਸਕਦੇ ਹੋ ਅਤੇ ਕਿਹੜੀਆਂ ਪ੍ਰਕਿਰਿਆਵਾਂ ਦਾ ਪ੍ਰਯੋਗ ਕਰ ਸਕਦੇ ਹੋ। ਇਨ੍ਹਾਂ ਚੀਜ਼ਾਂ ਦਾ ਗਿਆਨ ਸਕੂਲ ਪੱਧਰ 'ਤੇ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਸਾਰਥਿਕ ਰੂਪ ਨਾਲ ਭਾਗ ਲੈਣ ਵਿੱਚ ਸਹਾਇਕ ਹੋਏਗਾ।

**ਵਿਸ਼ਾ ਸੂਚੀ**


| ਲੜੀ ਨੰਬਰ | ਪਾਠ ਦਾ ਨਾਂ | ਪੇਜ਼ ਸੰਖਿਆ |
|---|---|---|
| 1 | ਇਕਾਈ 5: ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਲਈ ਰਣਨੀਤੀਆਂ | 1 |
| 2 | ਇਕਾਈ 6: ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਲਈ ਰਣਨੀਤੀਆਂ-2 | .29 |
| 3 | ਇਕਾਈ 7: ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਦੀ ਯੋਜਨਾਬੰਦੀ ਅਤੇ ਪ੍ਰਬੰਧਨ | ˙44 |

**ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਲਈ ਰਣਨੀਤੀਆਂ-1**

**ਇਕਾਈ 5: ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਲਈ ਰਣਨੀਤੀਆਂ-1**

**ਸੰਰਚਨਾ**


5.0 ਜਾਣ ਪਛਾਣ

5.1 ਸਿਖਲਾਈ ਉਦੇਸ਼

5.2 ਐਲੀਮੈਂਟਰੀ ਸਿੱਖਿਆ ਦਾ ਸਰਬਵਿਆਪੀਕਰਨ (ਯੂਈਈ)

5.3 ਵਿਭਿੰਨ ਰਾਜਾਂ ਵਿੱਚ ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਦੀ ਪ੍ਰਾਜੈਕਟ ਵਿਧੀ

5.3.1 ਉੱਤਰ ਪ੍ਰਦੇਸ਼ ਦਾ ਮੁੱਢਲਾ ਸਿੱਖਿਆ ਪ੍ਰਾਜੈਕਟ

5.3.2 ਬਿਹਾਰ ਦਾ ਸਿੱਖਿਆ ਪ੍ਰਾਜੈਕਟ

5.3.3 ਲੋਕ ਜੰਬਿਸ਼

5.3.4 ਸਿੱਖਿਆ ਕਰਮੀ

5.3.5 ਮਹਾਰਾਸ਼ਟਰ ਵਰਗੇ ਸੂਬੇ ਲਈ ਉਚੇਚੇ ਪ੍ਰਾਜੈਕਟ

5.3.5.1 ਸਮਾਜਿਕ ਰੂਪ ਨਾਲ ਵੰਚਿਤ ਬੱਚਿਆਂ ਲਈ ਸਕੀਮਾਂ

5.3.5.2 ਲੜਕੀਆਂ ਲਈ ਸਕੀਮਾਂ

5.3.5.3 ਆਰਥਿਕ ਰੂਪ ਨਾਲ ਪੱਛੜੀਆਂ ਜਾਤੀਆਂ ਦੇ ਬੱਚਿਆਂ ਲਈ ਸਕੀਮਾਂ

5.3.5.4 ਦੂਰ ਦੁਰਾਡੇ ਦੇ ਖੇਤਰਾਂ ਦੇ ਬੱਚਿਆਂ ਲਈ ਸਕੀਮਾਂ

5.3.5.5 ਸਕੂਲ ਤੋਂ ਬਾਹਰ ਦੇ ਬੱਚਿਆਂ ਲਈ ਸਕੀਮਾਂ

5.3.5.6 ਵਿਸ਼ੇਸ਼ ਟੀਚਾ ਸਮੂਹ ਲਈ ਪ੍ਰਾਜੈਕਟ (ਅਪਾਹਜ, ਦੇਵਦਾਸੀ ਬੱਚੀਆਂ ਆਦਿ)

5.4 ਡੀ.ਪੀ.ਈ.ਪੀ. (ਜ਼ਿਲ੍ਹਾ ਐਲੀਮੈਂਟਰੀ ਸਿੱਖਿਆ ਪ੍ਰਾਜੈਕਟ)

5.4.1 ਡੀ.ਪੀ.ਈ.ਪੀ. ਦੇ ਉਦੇਸ਼

5.4.2 ਡੀ.ਪੀ.ਈ.ਪੀ. ਦੇ ਮੁੱਖ ਹਿੱਸੇ

5.4.3 ਡੀ.ਪੀ.ਈ.ਪੀ. ਦੀ ਤਾਮੀਲ

5.4.4 ਕਾਰਜ ਨੀਤੀਆਂ ਅਤੇ ਗਤੀਵਿਧੀਆਂ

5.4.5 ਡੀ.ਪੀ.ਈ.ਪੀ. ਪ੍ਰੋਗਰਾਮ ਦਾ ਯੂ.ਈ.ਈ. 'ਤੇ ਪ੍ਰਭਾਵ

5.5 ਸਿੱਟਾ

5.6 ਸ਼ਬਦਾਵਲੀ/ਸੰਕੇਤਾਵਲੀ

5.7 ਸੰਦਰਭ ਗ੍ਰੰਥ/ ਕੁਝ ਉਪਯੋਗੀ ਪੁਸਤਕਾਂ

5.8 ਇਕਾਈ ਅੰਤ ਅਭਿਆਸ

## 5.0 ਜਾਣ ਪਛਾਣ

ਜਿਵੇਂ ਤੁਸੀਂ ਜਾਣਦੇ ਹੋ ਕਿ ਭਾਰਤ ਵਿੱਚ ਐਲੀਮੈਂਟਰੀ ਸਿੱਖਿਆ, ਸਿੱਖਿਆ ਨੀਤੀ ਨਿਰਧਾਰਨ ਅਤੇ ਯੋਜਨਾ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੈ। ਸਿੱਖਿਆ ਦਾ ਸਰੋਕਾਰ ਰਾਜ ਅਤੇ ਕੇਂਦਰ ਦੋਨਾਂ ਸਰਕਾਰਾਂ ਨਾਲ ਹੈ। ਆਜ਼ਾਦੀ ਤੋਂ ਬਾਅਦ ਦੇ ਭਾਰਤ ਵਿੱਚ ਰਾਜ ਸਰਕਾਰਾਂ ਕੋਲ ਸਿੱਖਿਆ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਰਹੀ ਹੈ। 1986 ਵਿੱਚ ਕੇਂਦਰ ਸਰਕਾਰ ਨੇ ਵੀ ਰਾਸ਼ਟਰੀ ਸਿੱਖਿਆ ਨੀਤੀ ਤਹਿਤ ਬਹੁਤ ਸਾਰੇ ਪ੍ਰਾਯੋਜਿਤ ਪ੍ਰੋਗਰਾਮ ਸ਼ੁਰੂ ਕੀਤੇ ਜਿਨ੍ਹਾਂ ਦੇ ਫਲਸਰੂਪ ਦੇਸ਼ ਵਿੱਚ ਐਲੀਮੈਂਟਰੀ ਸਿੱਖਿਆ ਦੀ ਸਥਿਤੀ ਵਿੱਚ ਸੁਧਾਰ ਆਇਆ। ਆਓ ਜਾਣੀਏ ਕਿ ਇਸ ਸਮੇਂ ਭਾਰਤ ਵਿੱਚ ਐਲੀਮੈਂਟਰੀ ਸਿੱਖਿਆ ਦੀ ਸਥਿਤੀ ਕੀ ਹੈ, ਇਸ ਸੰਦਰਭ ਵਿੱਚ ਅਸੀਂ ਕਿੱਥੇ ਖੜ੍ਹੇ ਹਾਂ ਅਤੇ ਰਾਜਾਂ ਰਾਹੀਂ ਐਲੀਮੈਂਟਰੀ ਸਿੱਖਿਆ ਵਿੱਚ ਸੁਧਾਰ ਲਿਆਉਣ ਲਈ ਕੀ -ਕੀ ਉਪਰਾਲੇ ਕੀਤੇ ਜਾ ਰਹੇ ਹਨ। ਇਸ ਇਕਾਈ ਵਿੱਚ ਇਸ ਪ੍ਰਕਾਰ ਦੇ ਪ੍ਰਸ਼ਨਾਂ ਦਾ ਉੱਤਰ ਲੱਭਣ ਦੀ ਕੋਸ਼ਿਸ਼ ਕਰਾਂਗੇ।

## 5.1 ਸਿਖਲਾਈ ਉਦੇਸ਼

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਤੁਸੀਂ:

- ਮਹਾਰਾਸ਼ਟਰ ਰਾਜ ਦੇ ਕੇਸ ਅਧਿਐਨ ਦੇ ਆਧਾਰ ’ਤੇ ਕੁੱਲ ਦਾਖਲਾ ਦਰ ਅਤੇ ਸ਼ੁੱਧ ਦਾਖਲਾ ਦਰ ਦੇ ਰੂਪ ਵਿੱਚ ਆਪਣੇ ਰਾਜ ਦੀ ਐਲੀਮੈਂਟਰੀ ਸਿੱਖਿਆ ਦੀ ਮੌਜੂਦਾ ਸਥਿਤੀ ’ਤੇ ਇੱਕ ਰਿਪੋਰਟ ਤਿਆਰ ਕਰ ਸਕੋਗੇ।

- ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਦੇ ਸੰਦਰਭ ਵਿੱਚ ਐਲੀਮੈਂਟਰੀ ਸਿੱਖਿਆ ਦੇ ਵਿਭਿੰਨ ਰਾਜ ਪੱਧਰੀ ਪ੍ਰਾਜੈਕਟਾਂ ਦੀ ਜਾਂਚ ਕਰ ਸਕੋਗੇ।

- ਆਪਣੇ ਰਾਜ ਵਿੱਚ ਵਿਭਿੰਨ ਯੋਜਨਾਵਾਂ ਅਤੇ ਪ੍ਰਾਜੈਕਟਾਂ ਅਨੁਸਾਰ ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਦੀ ਪ੍ਰਗਤੀ ਦੀ ਸਮੀਖਿਆ ਕਰ ਸਕੋਗੇ, ਮਹਾਰਾਸ਼ਟਰ ਸੂਬੇ ਦੇ ਕੇਸ ਦੇ ਟਾਕਰੇ ਵਿੱਚ।

- ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਲਈ ਡੀ.ਪੀ.ਈ.ਪੀ. ਵੱਲੋਂ ਅਪਣਾਈਆਂ ਗਈਆਂ ਵਿਭਿੰਨ ਰਣਨੀਤੀਆਂ ਨੂੰ ਸੂਚੀਬੱਧ ਕਰ ਸਕੋਗੇ ਅਤੇ ਉਨ੍ਹਾਂ ਦਾ ਵਰਣਨ ਵੀ ਕਰ ਸਕੋਗੇ ਅਤੇ

- ਆਪਣੇ ਰਾਜ ਦੇ ਵਿਭਿੰਨ ਜ਼ਿਲ੍ਹਿਆਂ ਵਿੱਚ ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ’ਤੇ ਡੀ.ਪੀ.ਈ.ਪੀ. ਦੇ ਪ੍ਰਭਾਵ ਦੀ ਤੁਲਨਾ ਕਰ ਸਕੋਗੇ।

## 5.2 ਐਲੀਮੈਂਟਰੀ ਸਿੱਖਿਆ ਦਾ ਸਰਬਵਿਆਪੀਕਰਨ (ਯੂ.ਈ.ਈ.)

ਤੁਸੀਂ ਇਸ ਗੱਲ ਨੂੰ ਜ਼ਰੂਰ ਸਮਝੋਗੇ ਕਿ ਰਾਜ ਦੇ ਹਰੇਕ ਬੱਚੇ ਨੂੰ ਐਲੀਮੈਂਟਰੀ ਸਿੱਖਿਆ ਪ੍ਰਦਾਨ ਕਰਾਉਣ ਲਈ ਉਨ੍ਹਾਂ ਦੇ ਰਸਤੇ ਵਿੱਚ ਆਉਣ ਵਾਲੀਆਂ ਸਾਰੀਆਂ ਰੁਕਾਵਟਾਂ ਨੂੰ ਹਟਾਉਣ ਲਈ ਸਖ਼ਤ ਮਿਹਨਤ ਦੀ ਲੋੜ ਹੈ।

ਬੱਚਿਆਂ ਵਿੱਚ ਸਕੂਲ ਜਾਣ ਵਿੱਚ ਆਉਣ ਵਾਲੀਆਂ ਵਿਭਿੰਨ ਸਮੱਸਿਆਵਾਂ ਅਲੱਗ ਅਲੱਗ ਰਾਜ ਵਿੱਚ ਅਲੱਗ ਅਲੱਗ ਪ੍ਰਕਾਰ ਦੀਆਂ ਹੁੰਦੀਆਂ ਹਨ। ਅੱਗੇ ਵਧਣ ਤੋਂ ਪਹਿਲਾਂ ਆਓ ਹੇਠ ਦਿੱਤੇ ਡੱਬੇ ਵਿੱਚ ਦਿੱਤੀ ਗਈ ਉਦਾਹਰਨ ’ਤੇ ਨਜ਼ਰ ਮਾਰੀਏ।

Notes

ਪ੍ਰਕਾਸ਼ ਗਣੇਸ਼ ਪਾਟਿਲ ਜ਼ਿਲ੍ਹਾ ਡੁਮਕਾ ਦੇ ਇੱਕ ਪਿੰਡ ਮੋਹਾੜੀ ਦਾ ਰਹਿਣ ਵਾਲਾ ਇੱਕ ਚੌਥੀ ਕਲਾਸ ਦਾ ਵਿਦਿਆਰਥੀ ਹੈ। ਉਸ ਦਾ ਇੱਕ ਛੋਟਾ ਭਾਈ ਜੋ ਦੂਜੀ ਕਲਾਸ ਵਿੱਚ ਪੜ੍ਹਦਾ ਹੈ ਅਤੇ ਇੱਕ ਵੱਡੀ ਭੈਣ ਹੈ ਜੋ ਛੇਵੀਂ ਕਲਾਸ ਦੀ ਵਿਦਿਆਰਥਣ ਹੈ। ਪ੍ਰਕਾਸ਼ ਦੇ ਪਿਤਾ ਜੀ ਗਣੇਸ਼ ਇੱਕ ਲੁਹਾਰ ਹਨ ਜੋ ਬਲਦਾਂ ਨੂੰ ਨਾਲ ਲਗਾਉਣ ਦਾ ਕਾਰਜ ਕਰਦੇ ਹਨ। ਗੰਨਾ ਕੱਟਣ ਵਾਲੇ ਬਲਦ ਗੱਡੀਆਂ ਵਿੱਚ ਗੰਨਾ ਢੋਣ ਲਈ ਆਪਣੇ ਨਾਲ ਬਲਦ ਲਿਆਉਂਦੇ ਹਨ। ਇਸ ਨਾਲ ਗਣੇਸ਼ ਨੂੰ ਕਾਫ਼ੀ ਕੰਮ ਮਿਲ ਜਾਂਦਾ ਹੈ। 6 ਮਹੀਨੇ ਤੱਕ ਉਹ ਗੰਨਾ ਕੱਟਣ ਵਾਲਿਆਂ ਦੇ ਨਾਲ ਰਹਿੰਦਾ ਹੈ। ਗਣੇਸ਼ ਆਪਣੇ ਪਰਿਵਾਰ ਲਈ ਦੀਵਾਲੀ ਤੋਂ ਪਹਿਲਾਂ ਹਰੇਕ ਸਾਲ ਫੈਕਟਰੀ ਸਥਾਨ 'ਤੇ ਆ ਜਾਂਦਾ ਹੈ।

ਫੈਕਟਰੀ ਸਥਾਨ 'ਤੇ ਆਉਣ ਤੋਂ ਬਾਅਦ ਪ੍ਰਕਾਸ਼ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਜ਼ਿਲ੍ਹਾ ਪ੍ਰੀਸ਼ਦ ਸਕੂਲ ਵਿੱਚ ਜਾਣਾ ਚਾਹੁੰਦਾ ਹੈ। ਪਰ ਪਿੰਡ ਦੇ ਸਕੂਲ ਵਿੱਚ ਜ਼ਿਲ੍ਹਾ ਪ੍ਰੀਸ਼ਦ ਸਕੂਲ ਤੋਂ ਟਰਾਂਸਫਰ ਪ੍ਰਾਪਤ ਕਰਨ ਵਿੱਚ ਆਉਣ ਵਾਲੀਆਂ ਪ੍ਰਕਿਰਿਆਤਮਕ ਸਮੱਸਿਆਵਾਂ ਕਾਰਨ ਉਸ ਦੇ ਦੋ ਸਾਲ ਬੇਕਾਰ ਚਲੇ ਜਾਂਦੇ ਹਨ। ਅੰਤ...

ਹੁਣ ਨਿਮਨਲਿਖਤ ਪ੍ਰਸ਼ਨਾਂ ਨੂੰ ਦੇਖੋ ਅਤੇ ਦੱਸੋ ਕਿ ਤੁਸੀਂ ਕੀ ਕਰ ਸਕਦੇ ਹੋ:

- ਪ੍ਰਕਾਸ਼ ਸੋਚ ਰਿਹਾ ਹੈ ਕਿ ਉਹ ਆਪਣੀ ਪੜ੍ਹਾਈ ਲਿਖਾਈ ਬੰਦ ਕਰ ਦੇਵੇ ਅਤੇ ਆਪਣੇ ਪਿਤਾ ਦੇ ਕਿੱਤੇ ਵਿੱਚ ਉਸ ਦਾ ਹੱਥ ਵਟਾਏ।
- ਕੀ ਤੁਸੀਂ ਸੋਚਦੇ ਹੋ ਕਿ ਉਸ ਨੂੰ ਸਕੂਲ ਛੱਡ ਦੇਣਾ ਚਾਹੀਦਾ ਹੈ?
- ਤੁਸੀਂ ਪ੍ਰਕਾਸ਼ ਦੇ ਪਿਤਾ ਦਾ ਕਿਸ ਪ੍ਰਕਾਰ ਮਾਰਗਦਰਸ਼ਨ ਕਰ ਸਕਦੇ ਹੋ ਕਿ ਉਹ ਪ੍ਰਕਾਸ਼ ਦੀ ਪੜ੍ਹਾਈ ਜਾਰੀ ਰੱਖ ਸਕੇ।

ਇਸ ਪ੍ਰਕਾਰ ਦੀਆਂ ਸਮੱਸਿਆਵਾਂ ਦੇ ਹੱਲ ਲਈ ਮਹਾਰਾਸ਼ਟਰ ਸਰਕਾਰ ਨੇ 2001 ਵਿੱਚ ਭੌਤਿਕ ਵਿਸਥਾਪਨ ਵਾਲੇ ਬੱਚਿਆਂ ਦੀ ਪੜ੍ਹਾਈ ਜਾਰੀ ਰੱਖਣ ਲਈ 'ਸਾਖਰ ਸ਼ਾਲਾਵਾਂ' ਸ਼ੁਰੂ ਕੀਤੀਆਂ। ਇਹ ਸਾਖਰ ਸ਼ਾਲਾਵਾਂ ਸਾਰੇ ਸਾਲ ਨਹੀਂ ਚਲਦੀਆਂ, ਪਰ ਸਿੱਖਿਆ ਸਾਲ ਦੇ ਦੂਜੇ ਅੱਧ ਵਿੱਚ ਹੀ ਚਲਦੀਆਂ ਹਨ। ਆਮ ਤੌਰ 'ਤੇ ਸਕੂਲ ਗਰਮੀ ਦੀਆਂ ਛੁੱਟੀਆਂ ਤੋਂ ਬਾਅਦ ਜੂਨ ਦੇ ਮਹੀਨੇ ਵਿੱਚ ਸ਼ੁਰੂ ਹੁੰਦੇ ਹਨ। ਗੰਨੇ ਦੇ ਸੀਜ਼ਨ ਵਿੱਚ ਗੰਨਾ ਢੋਣ ਵਾਲੇ ਵਿਅਕਤੀ ਆਪਣੇ ਪਰਿਵਾਰਾਂ ਸਮੇਤ ਫੈਕਟਰੀ ਸਥਾਨਾਂ ਦੇ ਨਜ਼ਦੀਕ ਆ ਕੇ ਵਸ ਜਾਂਦੇ ਹਨ ਜੋ ਅਕਤੂਬਰ ਤੋਂ ਨਵੰਬਰ ਦੇ ਮੱਧ ਵਿੱਚ ਸ਼ੁਰੂ ਹੁੰਦਾ ਹੈ। ਅਜਿਹੇ ਵਿਸਥਾਪਨ (ਤਬਦੀਲੀ) ਦੇ ਸਮੇਂ ਇਨ੍ਹਾਂ ਦੇ ਬੱਚੇ ਕਈ ਮਹੀਨਿਆਂ ਤੱਕ ਸਕੂਲ ਵਿੱਚ ਨਹੀਂ ਜਾ ਸਕਦੇ। ਅਤੇ ਅਗਲੇ ਸਾਲ ਮਾਰਚ-ਅਪ੍ਰੈਲ ਦੇ ਮਹੀਨਿਆਂ ਵਿੱਚ ਜਦੋਂ ਇਹ ਪਰਿਵਾਰ ਆਪਣੇ-ਆਪਣੇ ਪਿੰਡ ਵਾਪਸ ਆਉਂਦੇ ਹਨ ਤਾਂ ਇਹ ਬੱਚੇ ਆਪਣੀ ਪੜ੍ਹਾਈ ਉੱਥੋਂ ਹੀ ਅੱਗੇ ਸ਼ੁਰੂ ਨਹੀਂ ਕਰ ਸਕਦੇ ਜਿੱਥੋਂ ਉਨ੍ਹਾਂ ਨੇ ਛੱਡੀ ਸੀ। ਇਸ ਲਈ ਸਕੂਲ ਤੋਂ ਬਾਹਰ ਹੋ ਜਾਂਦੇ ਹਨ। ਸਾਖਰ ਸ਼ਾਲਾਵਾਂ ਵਿੱਚ ਤਬਦੀਲੀ ਕਾਲ ਵਿੱਚ (ਲਗਪਗ 6 ਮਹੀਨੇ) ਉਨ੍ਹਾਂ ਬੱਚਿਆਂ ਲਈ ਗੰਨਾ ਮਿੱਲਾਂ ਦੇ ਨਜ਼ਦੀਕ ਸੁਵਿਧਾਜਨਕ ਸਮੇਂ 'ਤੇ ਕਲਾਸਾਂ ਲਗਾਈਆਂ ਜਾਂਦੀਆਂ ਹਨ। ਇਨ੍ਹਾਂ ਸਕੂਲਾਂ ਨੂੰ ਦੂਜਾ ਸਮੈਸਟਰ ਸਕੂਲ ਕਿਹਾ ਜਾਂਦਾ ਹੈ।

Notes




ਬਾਹਰਵਾਰ ਲੱਗੀ ਜਮਾਤ

ਗੰਨਾ ਮਿਲ 'ਤੇ ਸਾਖਰ ਸ਼ਾਲਾਵਾਂ

ਇਸ ਅਧਿਐਨ ਦੇ ਫਲਸਰੂਪ ਅਸੀਂ ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਨੂੰ ਨਿਮਨਲਿਖਤ ਪ੍ਰਕਾਰ ਨਾਲ ਪਰਿਭਾਸ਼ਿਤ ਕਰ ਸਕਦੇ ਹਾਂ।

**ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਤੋਂ ਮਤਲਬ ਹੈ:** ਬੱਚਿਆਂ ਦੀਆਂ ਵਿਸ਼ੇਸ਼ ਲੋੜਾਂ ਅਤੇ ਸਥਾਨ ਅਨੁਸਾਰ ਸਾਰੇ ਸਥਾਨਾਂ 'ਤੇ ਸਿੱਖਿਆ ਦੀ ਉਪਲੱਬਧਤਾ। ਭਾਰਤ ਵਿੱਚ ਸਕੂਲੀ ਸਿੱਖਿਆ ਨੂੰ ਮੁੱਖ ਤੌਰ 'ਤੇ ਨਿਮਨਲਿਖਤ ਪੱਧਰਾਂ ਵਿੱਚ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ।

ਪ੍ਰੀ ਸਕੂਲ : 3–6 ਸਾਲ ਦੀ ਉਮਰ ਤੱਕ

ਐਲੀਮੈਂਟਰੀ : ਪ੍ਰਾਇਮਰੀ (1–5ਵੀਂ ) : 6–11 ਸਾਲ ਦੀ ਉਮਰ ਤੱਕ

: ਅਪਰ ਪ੍ਰਾਇਮਰੀ (6–8ਵੀਂ) : 11–14 ਸਾਲ ਦੀ ਉਮਰ ਤੱਕ

ਸੈਕੰਡਰੀ : (9–10ਵੀਂ) : 15–16 ਸਾਲ ਦੀ ਉਮਰ ਤੱਕ

ਉੱਚ ਸੈਕੰਡਰੀ : (11–12ਵੀਂ) : 17–18 ਸਾਲ ਦੀ ਉਮਰ ਤੱਕ

ਪ੍ਰਾਇਮਰੀ ਅਤੇ ਉੱਚ ਪ੍ਰਾਇਮਰੀ ਸਿੱਖਿਆ ਦੇ ਸੰਯੋਜਨ ਨੂੰ ਐਲੀਮੈਂਟਰੀ ਸਿੱਖਿਆ ਕਿਹਾ ਜਾਂਦਾ ਹੈ। ਐਲੀਮੈਂਟਰੀ ਸਿੱਖਿਆ ਸਾਡੀ ਸਿੱਖਿਆ ਪ੍ਰਣਾਲੀ ਦੇ ਪਿਰਾਮਿਡ (ਸੂਚੀ ਸਤੰਭ) ਦਾ ਆਧਾਰ ਹੁੰਦੀ ਹੈ ਜਿਸ 'ਤੇ ਦਸਵੀਂ ਪੰਜ ਸਾਲ ਯੋਜਨਾ ਵਿੱਚ ਸਰਵ ਸਿੱਖਿਆ ਅਭਿਆਨ ਰਾਹੀਂ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਸਰਵ ਸਿੱਖਿਆ ਅਭਿਆਨ ਦੇ ਸਾਰੇ ਖੇਤਰਾਂ ਵਿੱਚ ਐਲੀਮੈਂਟਰੀ ਸਕੂਲਾਂ ਦੀ ਪਹੁੰਚ ਵਿੱਚ ਸੁਧਾਰ ਆਇਆ ਹੈ। ਜਿਸ ਦੇ ਫਲਸਰੂਪ ਐਲੀਮੈਂਟਰੀ ਸਿੱਖਿਆ ਦੇ ਮਾਰਗ ਨੂੰ ਤੇਜ਼ ਕਰ ਦਿੱਤਾ ਹੈ।

**ਐਲੀਮੈਂਟਰੀ ਸਿੱਖਿਆ ਦਾ ਸਰਬਵਿਆਪੀਕਰਨ ਅਤੇ ਇਸ ਦੇ ਪਹਿਲੂ:**

ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਨੂੰ ਨਿਮਨਲਿਖਤ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ।

'ਹਰੇਕ ਵਿਅਕਤੀ ਨੂੰ ਆਪਣੇ ਆਪ ਨੂੰ ਸਿੱਖਿਅਤ ਕਰਨ ਲਈ ਸਕੂਲਾਂ ਦੀ ਉਪਲੱਬਧਤਾ ਅਤੇ ਪੜ੍ਹਨ ਦੇ ਬਰਾਬਰ ਮੌਕੇ। ਐਲੀਮੈਂਟਰੀ ਸਿੱਖਿਆ ਦੇ ਤਿੰਨ ਪਹਿਲੂ ਹੁੰਦੇ ਹਨ ਜੋ ਹੇਠ ਦਿੱਤੇ ਚਿੱਤਰ 5.1 ਵਿੱਚ ਦਰਸਾਏ ਗਏ ਹਨ।

Notes




**ਚਿੱਤਰ 5.1**

**ਐਲੀਮੈਂਟਰੀ ਸਿੱਖਿਆ**

- **ਸਰਬਵਿਆਪੀ ਪਹੁੰਚ ਅਤੇ ਦਾਖਲਾ:** ਵਿਦਿਆਰਥੀਆਂ ਲਈ ਸਕੂਲਾਂ ਦੀ ਪਹੁੰਚ ਸੁਨਿਸ਼ਚਿਤ ਕਰਨ ਲਈ ਹਾਲ ਹੀ ਵਿੱਚ ਭਾਰਤ ਸਰਕਾਰ ਨੇ ਹਰੇਕ ਕਿਲੋਮੀਟਰ ਦੀ ਦੂਰੀ ’ਤੇ ਇੱਕ ਪ੍ਰਾਇਮਰੀ ਸਕੂਲ ਸਥਾਪਿਤ ਕਰਨ ਦੀ ਯੋਜਨਾ ਬਣਾਈ। ਸਕੂਲ ਵੱਲੋਂ ਸਾਲ ਦੀ ਸ਼ੁਰੂਆਤ ਵਿੱਚ ਉਸ ਦੇ ਅਧਿਕਾਰ ਖੇਤਰ ਵਿੱਚ ਆਉਣ ਵਾਲੇ ਪਰਿਵਾਰਾਂ ਦਾ ਸਰਵੇਖਣ ਕੀਤਾ ਜਾਏਗਾ। ਉਨ੍ਹਾਂ ਬੱਚਿਆਂ ਦੀ ਸੂਚੀ ਤਿਆਰ ਕੀਤੀ ਜਾਏਗੀ ਜੋ ਸਕੂਲ ਜਾਣ ਦੇ ਯੋਗ ਹਨ ਅਤੇ ਜੋ ਸਕੂਲ ਜਾਂਦੇ ਹੀ ਨਹੀਂ ਹਨ ਤਾਂ ਕਿ ਇਨ੍ਹਾਂ ਦੋਨੋਂ ਪ੍ਰਕਾਰ ਦੇ ਬੱਚਿਆਂ ਨੂੰ ਸਕੂਲ ਵਿੱਚ ਲਿਆਂਦਾ ਜਾ ਸਕੇ। ਜਦੋਂ ਸਕੂਲ ਸ਼ੁਰੂ ਹੋਵੇ ਤਾਂ ਇੱਕ ਦਾਖਲਾ ਸਪਤਾਹ ਮਨਾਇਆ ਜਾਵੇ ਤਾਂ ਕਿ ਸਾਰੇ ਸਕੂਲ ਜਾਣ ਯੋਗ ਬੱਚਿਆਂ ਦਾ 100 ਫੀਸਦੀ ਦਾਖਲਾ ਸੁਨਿਸ਼ਚਿਤ ਕੀਤਾ ਜਾ ਸਕੇ।

- **ਹਾਜ਼ਰੀ ਅਤੇ ਧਾਰਨਾ:** ਇਹ ਅਧਿਕਾਰਕ ਰੂਪ ਨਾਲ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਸਕੂਲ ਵਿੱਚ ਦਾਖਲ ਹੋਏ ਪੱਛੜੇ ਬੱਚਿਆਂ ਨੂੰ ਉਨ੍ਹਾਂ ਨੂੰ ਵਿਦਿਅਕ ਪ੍ਰਣਾਲੀ ਵਿੱਚ ਦਾਖਲ ਕਰਨ ਦੀ ਬਜਾਏ, ਉਨ੍ਹਾਂ ਨੂੰ ਸਕੂਲਾਂ ਵਿੱਚ ਕਾਇਮ ਰੱਖਣਾ ਹੁਣ ਤੱਕ ਦਾ ਸਭ ਤੋਂ ਚੁਣੌਤੀਪੂਰਨ ਕੰਮ ਹੈ। ਇਸ ਲਈ 14 ਸਾਲ ਦੀ ਉਮਰ ਤੱਕ ਦੇ ਬੱਚਿਆਂ ਦਾ ਸਰਬਵਿਆਪੀ ਕਰਨ ਬਹੁਤ ਲਾਜ਼ਮੀ ਹੈ। ਬਹੁਤ ਸਾਰੇ ਅਜਿਹੇ ਪਰਿਵਾਰ ਹਨ ਜਿਨ੍ਹਾਂ ਦੇ ਬੱਚਿਆਂ ਨੂੰ ਸਕੂਲ ਵਿੱਚ ਬਣਾਏ ਰੱਖਣ ਲਈ ਦੈਨਿਕ ਹਾਜ਼ਰੀ ਭੱਤਾ, ਮੁਫ਼ਤ ਯਾਤਰਾ ਪਾਸ, ਮੁਫ਼ਤ ਮਿਡ-ਡੇ-ਮੀਲ ਵਰਗੀਆਂ ਸੁਵਿਧਾਵਾਂ ਦਿੱਤੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਦੀ ਮੌਜੂਦਗੀ ਵਿੱਚ ਸੁਧਾਰ ਲਿਆਉਣ ਲਈ ਨਵੀਆਂ ਅਧਿਐਨ ਤਕਨੀਕਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

Notes

- **ਸਿੱਖਿਆ ਦੀ ਗੁਣਵੱਤਾ**: ਇਸ ਤੋਂ ਅਰਥ ਹੈ ਹਰੇਕ ਬੱਚੇ ਨੂੰ ਉਸ ਦੀਆਂ ਯੋਗਤਾਵਾਂ ਦੇ ਅਨੁਸਾਰ ਉੱਚ ਕੋਟੀ ਦੀ ਸਿੱਖਿਆ ਦਾ ਪ੍ਰਾਵਧਾਨ ਕਰਨਾ ਤਾਂ ਕਿ ਉਹ ਸਿਖਲਾਈ ਦੇ ਘੱਟ ਤੋਂ ਘੱਟ ਪੱਧਰ ਨੂੰ ਪ੍ਰਾਪਤ ਕਰ ਸਕੇ। ਇਸ ਦੇ ਨਾਲ ਹੀ ਢਾਂਚਾਗਤ, ਮੁੱਢਲੀਆਂ ਸੁਵਿਧਾਵਾਂ ਜਿਵੇਂ ਪੀਣ ਯੋਗ ਪਾਣੀ, ਪਖਾਨੇ, ਅਧਿਆਪਕ ਸਿਖਲਾਈ ਅਤੇ ਵਿਦਿਆਰਥੀ-ਅਧਿਆਪਕ ਅਨੁਪਾਤ ਵਿੱਚ ਸੁਧਾਰ ਲਿਆਉਣਾ।

**ਗਤੀਵਿਧੀ-1**

ਕਲਪਨਾ ਕਰੋ ਕਿ ਕਿਸੇ ਸਕੂਲ ਵਿੱਚ ਸਜਿਦ ਅਤੇ ਉਸ ਦੀ ਭੈਣ ਹਰੇਕ ਸ਼ਨਿਚਰਵਾਰ ਨੂੰ ਗੈਰ ਹਾਜ਼ਰ ਰਹਿੰਦੇ ਹਨ ਅਤੇ ਇਸ ਲਈ ਉਹ ਆਪਣੇ ਅਧਿਆਪਕਾਂ ਕੋਲ ਬਹਾਨਾ ਬਣਾਉਂਦੇ ਹਨ। ਇੱਕ ਅਧਿਆਪਕ ਦੇ ਰੂਪ ਵਿੱਚ ਉਨ੍ਹਾਂ ਦੀ ਗੈਰ ਹਾਜ਼ਰੀ ਦੇ ਵਿਸ਼ੇ ਵਿੱਚ ਜਾਂਚ ਪੜਤਾਲ ਕਰਨ ਲਈ ਤੁਹਾਡਾ ਪਹਿਲਾ ਕਦਮ ਕੀ ਹੋਏਗਾ?

———————————————————————————

———————————————————————————

## 5.3 ਵਿਭਿੰਨ ਰਾਜਾਂ ਵਿੱਚ ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਦੀਆਂ ਪ੍ਰਾਜੈਕਟ ਵਿਧੀਆਂ

ਇੱਕੀਵੀਂ ਸਦੀ ਦੀ ਸ਼ੁਰੂਆਤ ਤੋਂ ਪਹਿਲਾਂ ਭਾਰਤ ਸਰਕਾਰ ਨੇ 14 ਸਾਲ ਤੱਕ ਦੀ ਉਮਰ ਦੇ ਸਾਰੇ ਬੱਚਿਆਂ ਨੂੰ ਮੁਫ਼ਤ ਅਤੇ ਲਾਜ਼ਮੀ ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਦਾ ਭਰੋਸਾ ਦਿੱਤਾ। ਇਹ ਭਰੋਸਾ ਰਾਸ਼ਟਰੀ ਸਿੱਖਿਆ ਨੀਤੀ 1986 ਅਤੇ ਸੋਧੀ ਰਾਸ਼ਟਰੀ ਸਿੱਖਿਆ ਨੀਤੀ (1992) ਦੇ ਪ੍ਰਾਵਧਾਨਾਂ ਤਹਿਤ ਕੀਤਾ ਗਿਆ ਸੀ। ਇਸ ਨੂੰ ਪ੍ਰਾਪਤ ਕਰਨ ਲਈ ਢੁਕਵੇਂ ਪ੍ਰੋਗਰਾਮਾਂ ਨੂੰ ਇੱਕ ਮਿਸ਼ਨ ਦੇ ਰੂਪ ਵਿੱਚ ਲਾਗੂ ਕੀਤਾ ਗਿਆ ਸੀ ਜਿਸ ਦਾ ਅਰਥ ਸੀ ਕਿ ਪ੍ਰਾਜੈਕਟਾਂ ਦੇ ਸਪੱਸ਼ਟ ਰੂਪ ਨਾਲ ਪਰਿਭਾਸ਼ਿਤ ਉਦੇਸ਼, ਕਾਰਜ ਖੇਤਰ ਅਤੇ ਲਾਗੂ ਕਰਨ ਸਬੰਧੀ ਸਮਾਂ ਸੀਮਾ ਅਤੇ ਮੀਲ ਪੱਥਰ ਨਿਰਧਾਰਤ ਕੀਤੇ ਗਏ। ਇਸ ਤੋਂ ਇਲਾਵਾ ਮਾਪਦੰਡ ਨਤੀਜੇ ਸਪੱਸ਼ਟ ਕੀਤੇ ਗਏ ਅਤੇ ਹਰੇਕ ਪੱਧਰ 'ਤੇ ਉਚਿਤ ਸਹਾਇਤਾ ਦਿੱਤੀ ਗਈ।

### 5.3.1 ਉੱਤਰ ਪ੍ਰਦੇਸ਼ ਦਾ ਮੁੱਢਲਾ ਸਿੱਖਿਆ ਪ੍ਰਾਜੈਕਟ (ਯੂਪੀ-ਬੀਈਪੀ)

ਉੱਤਰ ਪ੍ਰਦੇਸ਼ ਸਰਕਾਰ ਨੇ 1993 ਵਿੱਚ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਮੁੱਢਲਾ ਸਿੱਖਿਆ ਪ੍ਰਾਜੈਕਟ ਸ਼ੁਰੂ ਕੀਤਾ। ਇਸ ਪ੍ਰਾਜੈਕਟ ਦੀ ਜ਼ਿੰਮੇਵਾਰੀ ਸਾਰਿਆਂ ਲਈ ਸਿੱਖਿਆ ਪ੍ਰਾਜੈਕਟ ਪ੍ਰੀਸ਼ਦ ਨਾਂ ਦੀ ਸੰਸਥਾ ਨੂੰ ਸੌਂਪੀ ਗਈ।

**ਪ੍ਰਾਜੈਕਟ ਦਾ ਉਦੇਸ਼**: ਪ੍ਰਾਜੈਕਟ ਦੇ ਉਦੇਸ਼ ਹੇਠ ਲਿਖੇ ਹਨ:

- ਸਿੱਖਿਆ ਦੇ ਸਰਬਵਿਆਪੀਕਰਨ ਤਹਿਤ ਦੋ ਗੱਲਾਂ ਵਿਸ਼ੇਸ਼ ਰੂਪ ਨਾਲ ਰੱਖੀਆਂ ਗਈਆਂ ਹਨ:

-14 ਸਾਲ ਦੀ ਉਮਰ ਤੱਕ ਦੇ ਸਾਰੇ ਬੱਚਿਆਂ ਲਈ ਪੀ.ਈ. ਐਲੀਮੈਂਟਰੀ ਸਿੱਖਿਆ ਦੀ ਪਹੁੰਚ ਅਤੇ ਸਰਬਵਿਆਪੀ ਭਾਗੀਦਾਰੀ, ਜਦੋਂ ਤੱਕ ਬੱਚੇ ਰਸਮੀ ਅਤੇ ਗੈਰ ਰਸਮੀ ਤਰੀਕੇ ਨਾਲ ਐਲੀਮੈਂਟਰੀ ਸਿੱਖਿਆ ਪੂਰੀ ਨਹੀਂ ਕਰ ਲੈਂਦੇ।

–ਸਿੱਖਿਆ ਦੇ ਨਿਊਨਤਮ ਪੱਧਰ ਲਈ ਸਰਬਵਿਆਪੀਕਰਨ ਉਪਲੱਬਧੀ ਪ੍ਰੋਗਰਾਮ

–ਨੌਜਵਾਨਾਂ ਲਈ ਸਿੱਖਿਆ ਅਤੇ ਹੁਨਰ ਵਿਕਾਸ ਪ੍ਰੋਗਰਾਮਾਂ ਦਾ ਪ੍ਰਾਵਧਾਨ

–ਮਹਿਲਾ ਸਸ਼ਕਤੀਕਰਨ ਅਤੇ ਸਿੱਖਿਆ ਵਿੱਚ ਹੋਰ ਜ਼ਿਆਦਾ ਲਿੰਗ ਸਮਾਨਤਾ

–ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨ ਜਾਤੀਆਂ ਦੇ ਬੱਚਿਆਂ ਲਈ ਬਰਾਬਰ ਸਿੱਖਿਆ ਅਵਸਰ

**ਰਣਨੀਤੀਆਂ**: ਇਸ ਪ੍ਰਾਜੈਕਟ ਤਹਿਤ ਨਿਮਨਲਿਖਤ ਰਣਨੀਤੀਆਂ ਅਪਣਾਈਆਂ ਗਈਆਂ ਹਨ:

• ਯੋਜਨਾ ਬਣਾਉਣ, ਪ੍ਰਬੰਧਨ ਅਤੇ ਪੇਸ਼ੇਵਰ ਸਹਾਇਤਾ ਦੇਣ ਲਈ ਰਾਜ ਅਤੇ ਜ਼ਿਲ੍ਹਾ ਪੱਧਰ 'ਤੇ ਇੱਕ ਦ੍ਰਿੜ ਢਾਂਚਾ ਖੜ੍ਹਾ ਕਰਨ ਲਈ ਇੱਕ ਸੰਗਠਨ ਸਥਾਪਿਤ ਕੀਤਾ ਗਿਆ ਹੈ। ਤਾਂ ਜੋ ਤਿੰਨ ਬੁਨਿਆਦੀ ਸਿੱਖਿਆ ਵਿਕਾਸ ਪ੍ਰੋਗਰਾਮਾਂ ਦਾ ਮੁਲਾਂਕਣ ਅਤੇ ਯੋਜਨਾ, ਪ੍ਰਬੰਧਨ ਦੀ ਸੰਸਥਾਪਕ ਸਮਰੱਥਾ ਤਿਆਰ ਕੀਤੀ ਜਾ ਸਕੇ।

• ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਲਈ ਸ਼ੁਰੂਆਤੀ ਬਚਪਨ ਸਿੱਖਿਆ ਦਾ ਪਾਠਕ੍ਰਮ ਅਤੇ ਪਾਠ ਪੁਸਤਕਾਂ ਦਾ ਪੁਨਰ ਨਿਰੀਖਣ, ਸੇਵਾਕਾਲ ਦੌਰਾਨ ਸਿਖਲਾਈ, ਔਰਤਾਂ ਅਤੇ ਸਿਖਲਾਈ ਦੀ ਸਿੱਖਿਆ ਅਤੇ ਸਕੂਲੀ ਪ੍ਰਬੰਧਨ ਨੂੰ ਮਜ਼ਬੂਤ ਬਣਾਉਣਾ।

• ਸੁਵਿਧਾ ਵੰਚਿਤ ਖੇਤਰਾਂ ਵਿੱਚ ਜ਼ਿਆਦਾ ਪ੍ਰਾਇਮਰੀ ਅਤੇ ਅਪਰ ਪ੍ਰਾਇਮਰੀ ਸਕੂਲਾਂ ਦਾ ਨਿਰਮਾਣ ਕਰ ਕੇ 10 ਜ਼ਿਲ੍ਹਿਆਂ ਵਿੱਚ ਮੁੱਢਲੀ ਸਿੱਖਿਆ ਦੀ ਸਥਿਤੀ ਵਿੱਚ ਸੁਧਾਰ ਲਿਆਉਣਾ ਅਤੇ ਸਕੂਲ ਤੋਂ ਬਾਹਰ ਬੱਚਿਆਂ ਲਈ ਗੈਰ ਰਸਮੀ ਸਿੱਖਿਆ ਦੀ ਪੁਨਰ ਕਲਪਨਾ ਨੂੰ ਲਾਗੂ ਕਰਨ ਲਈ ਸਮਰਥਨ ਦੇਣਾ।

• **ਗਤੀਵਿਧੀਆਂ**: ਹੇਠ ਲਿਖੀਆਂ ਗਤੀਵਿਧੀਆਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ:

• ਸੱਭਿਆਚਾਰ ਅਤ ਸੰਚਾਰ ਸਬੰਧੀ ਸਿੱਖਿਆ ਗਤੀਵਿਧੀਆਂ

• ਵਿਗਿਆਨ ਅਤੇ ਵਾਤਾਵਰਣ

• ਸਮਾਜਿਕ ਨਿਆਂ ਅਤੇ ਭਾਵਨਾ ਦਾ ਨਿਰਮਾਣ

• **ਲਾਗੂ ਕਰਨਾ**: ਪ੍ਰੀਸ਼ਦ ਦੀਆਂ ਗਤੀਵਿਧੀਆ ਉਤਰਾਂਚਲ ਸਮੇਤ ਉੱਤਰ ਪ੍ਰਦੇਸ਼ ਦੇ 63 ਜ਼ਿਲ੍ਹਿਆਂ ਵਿੱਚੋਂ 10 ਟੀਚਾਗਤ ਜ਼ਿਲ੍ਹਿਆਂ 'ਤੇ ਕੇਂਦਰਿਤ ਸਨ। ਇਹ ਜ਼ਿਲ੍ਹੇ ਸਨ ਵਾਰਾਣਸੀ, ਇਲਾਹਾਬਾਦ, ਬਾਂਦਾ, ਇਟਾਵਾ, ਸੀਤਾਪੁਰ, ਅਲੀਗੜ੍ਹ, ਸਹਾਰਨਪੁਰ, ਗੋਰਖਪੁਰ, ਪੌੜੀ ਅਤੇ ਨੈਨੀਤਾਲ। 1993 ਤੋਂ ਸ਼ੁਰੂ ਕਰਦੇ ਹੋਏ ਇਸ ਪ੍ਰਾਜੈਕਟ ਦੀ ਸਮਾਂ ਸੀਮਾ ਢੁਕਵੇਂ 10 ਜ਼ਿਲ੍ਹਿਆਂ ਲਈ 5 ਸਾਲ ਰੱਖੀ ਗਈ ਸੀ, ਪਰ 2003 ਤੱਕ ਇਸ ਦਾ ਵਿਸਥਾਰ 17 ਜ਼ਿਲ੍ਹਿਆਂ ਤੱਕ ਕਰਨਾ ਸੀ।

Notes

### 5.3.2 **ਬਿਹਾਰ ਦਾ ਸਿੱਖਿਆ ਪ੍ਰਾਜੈਕਟ**–(**ਬੀ.ਈ.ਪੀ.**)

ਇਸ ਦਾ ਉਦੇਸ਼ ਰਾਜ ਵਿੱਚ ਗੁਣਵੱਤਾ ਸਿੱਖਿਆ 'ਤੇ ਜ਼ੋਰ ਦਿੰਦੇ ਹੋਏ ਐਲੀਮੈਂਟਰੀ ਸਿੱਖਿਆ ਦਾ ਸਰਬਵਿਆਪੀਕਰਨ ਸੀ। ਇਹ ਪ੍ਰਾਜੈਕਟ ਯੂਪੀਬੀਈਪੀ ਦੀਆਂ ਉਪਲੱਬਧੀਆਂ 'ਤੇ ਆਧਾਰਿਤ ਸੀ ਅਤੇ ਯੂਪੀਬੀਈਪੀ ਨੂੰ ਲਾਗੂ ਕਰਨ ਵਾਲੀ ਏਜੰਸੀ ਭਾਵ ਯੂਪੀ ਬੁਨਿਆਦੀ ਸਿੱਖਿਆ ਪ੍ਰੀਸ਼ਦ ਵੀ ਇਸ ਲਈ ਜ਼ਿੰਮੇਵਾਰ ਹੈ। ਇਹ ਪ੍ਰਾਜੈਕਟ ਯੂਨੀਸੈਫ, ਭਾਰਤ ਸਰਕਾਰ ਅਤੇ ਬਿਹਾਰ ਰਾਜ ਸਰਕਾਰ ਦਾ ਸਾਂਝਾ ਪ੍ਰਾਜੈਕਟ ਸੀ। ਇਸ ਦਾ ਵਿਸ਼ੇਸ਼ ਜ਼ੋਰ ਸਮਾਜ ਦੇ ਸੁਵਿਧਾ ਵੰਚਿਤ ਵਰਗਾਂ ਦੀ ਸਿੱਖਿਆ ਜਿਵੇਂ ਅਨੁਸੂਚਿਤ ਜਾਤੀ/ਅਨੁਸੂਚਿਤ ਜਨ ਜਾਤੀ ਅਤੇ ਔਰਤਾਂ 'ਤੇ ਸੀ। ਇਹ

ਪਹਿਲਾ ਅਜਿਹਾ ਵਿਆਪਕ ਸਰਵ ਸਿੱਖਿਆ ਪ੍ਰਾਜੈਕਟ ਸੀ ਜਿਸ ਦਾ ਵਿੱਤੀ ਪ੍ਰਬੰਧ ਰਾਜ ਤੋਂ ਬਾਹਰ ਤੋਂ ਸੀ। ਇਸ ਨੂੰ ਪਹਿਲਾਂ ਤਿੰਨ ਜ਼ਿਲ੍ਹਿਆਂ ਰਾਂਚੀ, ਰੋਹਤਾਸ਼ ਅਤੇ ਪੱਛਮੀ ਚੰਪਾਰਣ ਵਿੱਚ ਸ਼ੁਰੂ ਕੀਤਾ ਗਿਆ ਅਤੇ ਬਾਅਦ ਵਿੱਚ 1992–93 ਵਿੱਚ ਇਸ ਦਾ ਵਿਸਥਾਰ ਚਾਰ ਹੋਰ ਜ਼ਿਲ੍ਹਿਆਂ ਵਿੱਚ ਕਰ ਦਿੱਤਾ ਗਿਆ।

**ਪ੍ਰਾਜੈਕਟ ਦੇ ਉਦੇਸ਼**

• ਪ੍ਰਾਇਮਰੀ ਸਿੱਖਿਆ ਦਾ ਸਰਬਵਿਆਪੀਕਰਨ ਜਿਸ ਨੂੰ 14 ਸਾਲ ਤੱਕ ਦੀ ਉਮਰ ਦੇ ਸਾਰੇ ਬੱਚਿਆਂ ਲਈ ਸਿੱਖਿਆ ਅਤੇ ਸਿਖਲਾਈ ਦੇ ਘੱਟ ਤੋਂ ਘੱਟ ਪੱਧਰਾਂ ਦੀ ਸਰਬਵਿਆਪੀ ਉਪਲੱਬਧੀ ਦਾ ਇੱਕ ਸੰਯੁਕਤ ਪ੍ਰੋਗਰਾਮ ਸਮਝਿਆ ਜਾਂਦਾ ਹੈ।

• ਸਿੱਖਿਆ ਪੱਧਤੀ ਦਾ ਇਸ ਪ੍ਰਕਾਰ ਨਾਲ ਓਰੀਐਂਟੇਸ਼ਨ (ਸਥਿਤੀ ਗਿਆਨ) ਕਰਨਾ ਤਾਂ ਕਿ ਔਰਤਾਂ ਦੀ ਸਮਾਨਤਾ ਅਤੇ ਸਸ਼ਕਤੀਕਰਨ ਦੇ ਉਦੇਸ਼ ਪੂਰੇ ਹੋ ਸਕਣ।

• ਬਾਲਗਾਂ ਅਤੇ ਨਿਮਨ ਜਾਤੀਆਂ, ਕਬਾਇਲੀ ਸਮੁਦਾਏ ਅਤੇ ਸਮਾਜ ਦੇ ਸਭ ਤੋਂ ਗਰੀਬ ਵਰਗਾਂ ਦੇ ਬੱਚਿਆਂ ਨੂੰ ਬਰਾਬਰ ਸਿੱਖਿਆ ਅਵਸਰ ਪ੍ਰਦਾਨ ਕਰਨ ਲਈ ਢੁਕਵੇਂ ਉਪਾਅ ਕਰਨਾ।

• ਸਿੱਖਿਆ ਦੀ ਦਾਖਲਾ ਸਮਰੱਥਾ ਨੂੰ ਵਧਾਉਣਾ ਅਤੇ ਵਿਸ਼ੇਸ਼ ਤੌਰ 'ਤੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਦੇ ਵਿਦਿਆਰਥੀਆਂ ਅਤੇ ਲੜਕੀਆਂ ਦੀ ਡਰਾਪ ਆਊਟ ਦਰ ਵਿੱਚ ਕਮੀ ਲਿਆਉਣੀ।

**ਰਣਨੀਤੀਆਂ**

• ਲਗਪਗ 11,000 ਪ੍ਰਾਇਮਰੀ ਅਤੇ ਉੱਚ ਪ੍ਰਾਇਮਰੀ ਕਲਾਸਾਂ ਦੇ ਕਮਰਿਆਂ ਦਾ ਨਿਰਮਾਣ

• ਲਗਪਗ 16,000 ਜ਼ਿਆਦਾ ਅਧਿਆਪਕਾਂ ਦੀ ਭਰਤੀ

• ਨਵ ਨਿਯੁਕਤ ਅਧਿਆਪਕਾਂ ਦੀ ਸਿਖਲਾਈ

• ਨਵੇਂ ਖੋਲ੍ਹੇ ਗਏ ਸਕੂਲਾਂ ਵਿੱਚ ਜ਼ਰੂਰੀ ਸਮੱਗਰੀ ਦਾ ਪ੍ਰਾਵਧਾਨ

• ਸਹਿਭਾਗੀ ਯੋਜਨਾ ਅਤੇ ਲਾਗੂ ਕਰਨਾ

• ਮਹਿਲਾ ਸਮੱਖਿਆ ਹਿੱਸੇ ਨੂੰ ਲਾਗੂ ਕਰਨਾ

• **ਗਤੀਵਿਧੀਆਂ:** ਪ੍ਰਾਜੈਕਟ ਵੱਲੋਂ ਹੇਠ ਲਿਖੀਆਂ ਗਤੀਵਿਧੀਆਂ ਕੀਤੀਆਂ ਜਾਣਗੀਆਂ:

• ਪਿੰਡ ਸਿੱਖਿਆ ਕਮੇਟੀਆਂ ਦਾ ਆਯੋਜਨ ਅਤੇ ਘੱਟੋ ਘੱਟ ਪੱਧਰ 'ਤੇ ਪ੍ਰੋਗਰਾਮ ਲਾਗੂ ਕਰਨ ਵਿੱਚ ਸਮੁਦਾਏ ਦੀ ਸਹਿਭਾਗਤਾ

• ਐੱਨ.ਜੀ.ਓ. (ਗੈਰ ਸਰਕਾਰੀ ਸੰਸਥਾਵਾਂ/ਸਵੈ ਇਛੁੱਕ ਸੰਸਥਾਵਾਂ) ਜ਼ਰੀਏ ਗੈਰ ਰਸਮੀ ਸਿੱਖਿਆ

• ਰਾਜ ਪੱਧਰੀ ਵਰਕਸ਼ਾਪਾਂ ਦਾ ਪ੍ਰਬੰਧ: ਸਿਖਲਾਈ ਦੇ ਘੱਟ ਤੋਂ ਘੱਟ ਪੱਧਰਾਂ ਦੀ ਪ੍ਰਾਪਤੀ ਲਈ ਮੁੱਖ ਕਰਮੀਆਂ ਅਤੇ ਪ੍ਰਾਇਮਰੀ ਅਧਿਆਪਕਾਂ ਨੂੰ ਸਿਖਲਾਈ ਦੇਣਾ

• ਔਰਤਾਂ ਲਈ ਜ਼ਿਲ੍ਹਾ ਪੱਧਰ 'ਤੇ ਇੱਕ ਕੋਰ ਸਮੂਹ ਦੀ ਰਚਨਾ

• ਦਾਖਲਾ ਅਭਿਆਨ

• **ਪੋਸਟਰ ਵਰਕਸ਼ਾਪ**: ਪੇਂਡੂ ਲਾਇਬਰੇਰੀਆਂ ਆਦਿ ਦੀ ਧਾਰਨਾ ਦਾ ਵਿਸਥਾਰ

• **ਮਹਿਲਾ ਸਮੱਖਿਆ**: ਸਕੂਲਾਂ ਲਈ ਸਥਾਨਕ ਜ਼ਿੰਮੇਵਾਰੀ ਸਥਾਪਤ ਕਰਨਾ, ਸ਼ੁਰੂਆਤੀ ਬਚਪਨ ਦੇਖਭਾਲ ਅਤੇ ਗੈਰ ਰਸਮੀ ਸਿੱਖਿਆ ਕੇਂਦਰਾਂ, ਸਹਾਇਕ ਸਕੂਲਾਂ ਦੇ ਪ੍ਰਬੰਧਨ ਵਿੱਚ ਸਰਗਰਮ ਭੂਮਿਕਾ ਨਿਭਾਉਣੀ ਅਤੇ ਗ੍ਰਾਮ ਸਿੱਖਿਆ ਕਮੇਟੀਆਂ ਵਿੱਚ ਭਾਗੀਦਾਰ ਹੋਣਾ।

• **ਲਾਗੂ ਕਰਨਾ**: ਜ਼ਿਲ੍ਹਾ ਜਾਂ ਰਾਜ ਪੱਧਰ 'ਤੇ ਪ੍ਰਬੰਧਨ ਸੰਰਚਨਾਵਾਂ, ਮਹਿਲਾ ਸਸ਼ਕਤੀਕਰਨ, ਵਿਸਥਾਰਤ ਸਮੁਦਾਏ ਹਿੱਸੇ, ਮੁੱਢਲੀ ਸਿੱਖਿਆ ਵਿੱਚ ਜ਼ਿਆਦਾ ਰਾਸ਼ਟਰੀ/ਅੰਤਰਰਾਸ਼ਟਰੀ ਰੁਚੀ ਦੀ ਗਤੀਸ਼ੀਲਤਾ ਆਦਿ ਸਥਾਪਿਤ ਕਰਨਾ, ਕਲਾਸਾਂ ਦੀ ਚੋਣ-ਜਨਸੰਖਿਆ ਅਤੇ ਦਾਖਲਾ ਸਮੱਸਿਆਵਾਂ ਦੇ ਵਿਸ਼ਲੇਸ਼ਣ ਦੇ ਆਧਾਰ 'ਤੇ ਪਿੰਡ ਪੱਧਰ 'ਤੇ ਸੂਖਮ ਯੋਜਨਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ। ਪ੍ਰਾਜੈਕਟ ਨਿਗਰਾਨੀ ਸਾਲ ਵਿੱਚ ਦੋ ਵਾਰ ਯੂਪੀਬੀਈਪੀ 1 ਅਤੇ ਜ਼ਿਲ੍ਹਾ ਪ੍ਰਾਇਮਰੀ ਸਿੱਖਿਆ ਪ੍ਰਾਜੈਕਟ ਨਾਲ ਸੰਯੁਕਤ ਰੂਪ ਵਿੱਚ ਹੋਏਗੀ।

ਪ੍ਰਸਤਾਵਿਤ ਪ੍ਰਾਜੈਕਟ ਨੂੰ ਯੂਪੀਬੀਈਪੀ-1 ਵੱਲੋਂ ਮੌਜੂਦਾ ਸਮੇਂ ਵਿੱਚ 12 ਜ਼ਿਲ੍ਹਿਆਂ ਵਿੱਚ ਲਾਗੂ ਕੀਤਾ ਗਿਆ ਹੈ।

5.3.3 **ਲੋਕ ਜੁਬਿਸ਼**

ਲੋਕ ਜੁਬਿਸ਼ ਜਿਸ ਨੂੰ ਸਰਵ ਸਿੱਖਿਆ ਦਾ ਲੋਕ ਅਭਿਆਨ ਵੀ ਕਿਹਾ ਜਾਂਦਾ ਹੈ, ਰਾਜਸਥਾਨ ਸਰਕਾਰ ਨੇ 'ਸਵੀਡਿਸ਼ ਇੰਟਰਨੈਸ਼ਨਲ ਡਿਵੈਲਪਮੈਂਟ ਅਥਾਰਿਟੀ (ਐੱਸਆਈਡੀਏ) ਦੇ ਸਹਿਯੋਗ ਨਾਲ 1992 ਵਿੱਚ ਚਲਾਇਆ ਸੀ।

ਇਸ ਪ੍ਰੋਗਰਾਮ ਦਾ ਉਦੇਸ਼ ਰਸਮੀ ਅਤੇ ਗੈਰ ਰਸਮੀ ਤਰੀਕਿਆਂ ਅਤੇ ਕਾਰਜਸ਼ੀਲ ਸਾਖਰਤਾ ਦੇ ਮਾਧਿਅਮ ਨਾਲ ਸੰਤੁਸ਼ਟੀਜਨਕ ਪੱਧਰ ਤੱਕ ਐਲੀਮੈਂਅਰੀ ਸਿੱਖਿਆ ਦੇ ਸਰਬਵਿਆਪੀਕਰਨ ਦੇ ਟੀਚੇ ਨੂੰ ਪ੍ਰਾਪਤ ਕਰਨਾ ਹੈ। ਇਸ ਦਾ ਮੁੱਖ ਜ਼ੋਰ ਲੜਕੀਆਂ ਦੀ ਸਿੱਖਿਆ ਅਤੇ ਵਿਕਾਸ 'ਤੇ ਹੈ, ਸਾਖਰਤਾ ਤੋਂ ਬਾਅਦ ਅਤੇ ਨਿਰੰਤਰ ਸਿੱਖਿਆ 'ਤੇ ਜਿਸ ਨਾਲ ਲੋਕ ਗਤੀਸ਼ੀਲਤਾ ਨਾਲ ਗਤੀਵਿਧੀਆਂ ਹੁੰਦੀਆਂ ਹਨ।

• **ਪ੍ਰਾਜੈਕਟ ਦੇ ਉਦੇਸ਼**

– ਲੋਕ ਗਤੀਸ਼ੀਲਤਾ ਅਤੇ ਸਹਿਭਾਗਤਾ ਦੇ ਜ਼ਰੀਏ ਸਾਲ 2000 ਤੱਕ ਸਭ ਲਈ ਸਿੱਖਿਆ ਉਪਲੱਬਧ ਕਰਾਉਣਾ

– ਲੜਕੀਆਂ ਅਤੇ ਔਰਤਾਂ 'ਤੇ ਵਿਸ਼ੇਸ਼ ਧਿਆਨ ਦਿੰਦੇ ਹੋਏ ਲੜਕੀਆਂ ਦੇ ਦਾਖਲੇ ਵਿੱਚ ਸੁਧਾਰ ਲਿਆਉਣਾ

– ਸਿੱਖਿਆ ਨੂੰ ਸਮਾਨਤਾ ਦਾ ਔਜ਼ਾਰ ਬਣਾਕੇ ਔਰਤਾਂ ਦਾ ਸਸ਼ਕਤੀਕਰਨ ਕਰਨਾ

– ਔਰਤ ਅਤੇ ਪੁਰਸ਼ ਦੋਨਾਂ ਅਤੇ ਪ੍ਰਤਿਕੂਲ ਅਵਸਥਾ ਸਮੂਹ ਵਿੱਚ 15 ਤੋਂ 35 ਸਾਲ ਦੇ ਉਮਰ ਵਰਗ ਵਿੱਚ 80 ਪ੍ਰਤੀਸ਼ਤ ਤੱਕ ਸਾਖਰਤਾ ਪੱਧਰ ਵਧਾਉਣਾ ਉਹ ਵੀ 3 ਆਰ ਨੂੰ ਜੀਵਨ ਸਥਿਤੀਆਂ ਦੇ ਅਨੁਕੂਲ ਬਣਾਕੇ।

Notes

Notes

–ਸਿਖਲਾਈ ਪ੍ਰਕਿਰਿਆ ਵਿੱਚ ਗੁਣਵੱਤਾ ਸੁਧਾਰ ਲਿਆਉਣ ਲਈ ਸਿਖਲਾਈ ਅਤੇ ਤਕਨੀਕੀ ਸਰੋਤ, ਸਹਾਇਕ ਸੰਰਚਨਾ ਦੀ ਪ੍ਰਣਾਲੀ ਦਾ ਨਿਰਮਾਣ ਕਰਨਾ।

– ਜਿੱਥੇ ਅੰਕੜਿਆਂ ਦਾ ਸੰਗ੍ਰਹਿ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦਾ ਉਪਯੋਗ ਉਨ੍ਹਾਂ ਵਿਅਕਤੀਆਂ ਵੱਲੋਂ ਕੀਤਾ ਜਾਂਦਾ ਹੈ ਜੋ ਇਸ ਪ੍ਰਕਿਰਿਆ ਨਾਲ ਜੁੜੇ ਹਨ, ਉਨ੍ਹਾਂ ਵਿੱਚ ਪਾਰਦਰਸ਼ਤਾ ਸੁਨਿਸ਼ਚਿਤ ਕਰਨਾ।

- **ਮੁੱਖ ਹਿੱਸੇ**

– ਪ੍ਰੋਗਰਾਮਾਂ ਨੂੰ ਸ਼ੁਰੂ ਕਰਨ ਅਤੇ ਉਨ੍ਹਾਂ ਦਾ ਪ੍ਰਬੰਧਨ ਕਰਨ ਲਈ ਇੱਕ ਅਜਿਹੀ ਸੁਤੰਤਰ ਸੰਸਥਾ ਦਾ ਨਿਰਮਾਣ ਕਰਨਾ ਜਿਸ ਵਿੱਚ ਸਸ਼ਕਤ ਕਮੇਟੀ ਹੈ ਜੋ ਪ੍ਰਗਤੀ ਦਾ ਪੁਨਰਨਿਰੀਖਣ ਕਰੇ।

– ਪਿੰਡ ਪੱਧਰ 'ਤੇ ਸਕੂਲ ਨਕਸ਼ਿਆਂ ਅਤੇ ਸੂਖਮ ਯੋਜਨਾ ਲੋਕ ਜਬਿੰਸ਼ ਦੇ ਮੁੱਖ ਸੰਚਾਲਨਾਤਮਕ ਲੱਛਣਾਂ ਦੀ ਸਮੀਖਿਆ ਕਰਦੇ ਹਨ। ਇਹ ਕਾਰਜ ਸਮਾਜਿਕ ਵਰਕਰਾਂ, ਅਧਿਆਪਕਾਂ ਅਤੇ ਲੋਕ ਜਬਿੰਸ਼ ਦੇ ਵਰਕਰਾਂ ਵੱਲੋਂ ਸਿੱਖਿਆ ਮੁਲਾਂਕਣ ਲਈ ਕੀਤਾ ਜਾਂਦਾ ਹੈ ਜਿਸ ਨਾਲ ਹਰੇਕ ਬੱਚੇ ਦੀ ਵਿਅਕਤੀਗਤ ਰੂਪ ਨਾਲ ਪ੍ਰਗਤੀ ਦਾ ਪਤਾ ਲੱਗਦਾ ਰਹਿੰਦਾ ਹੈ।

- **ਰਣਨੀਤੀਆਂ**

– ਅਧਿਕਾਰਕ ਪੱਧਰ 'ਤੇ ਇੱਕ ਕਾਰਜ ਵਿਧੀ ਜਾਂ ਰਚਨਾ ਤੰਤਰ ਵਿਕਸਤ ਕੀਤਾ ਗਿਆ ਜਿਵੇਂ ਪ੍ਰੇਰਕ ਦਲ, ਭਵਨ ਨਿਰਮਾਣ ਕਮੇਟੀ, ਗ੍ਰਾਮ ਸਿੱਖਿਆ ਕਮੇਟੀ ਕਲੱਸ਼ਟਰ, ਬਲਾਕ ਪੱਧਰੀ ਸਿੱਖਿਆ ਪ੍ਰਬੰਧਨ ਕਮੇਟੀ ਅਤੇ ਬਲਾਕ ਸਟੀਅਰਿੰਗ ਸਮੂਹ ਜੋ ਪ੍ਰਯੋਗ ਲਈ ਪੰਜ ਜ਼ਿਲ੍ਹਿਆਂ ਵਿੱਚ ਪ੍ਰੋਗਰਾਮਾਂ ਨੂੰ ਸਹਾਇਤਾ ਦਿੰਦੇ ਸਨ ਅਤੇ ਉਸ ਦੀ ਨਿਗਰਾਨੀ ਕਰਦੇ ਸਨ।

– ਔਰਤਾਂ ਦੀ ਸ਼ਮੂਲੀਅਤ ਸੁਨਿਸ਼ਚਿਤ ਕਰਨ ਲਈ ਅਧਿਆਪਕਾ ਮੰਚ ਬਣਾਇਆ ਗਿਆ।

– ਸਾਰੇ ਪੱਧਰਾਂ 'ਤੇ ਵਰਕਰਾਂ ਦੀ ਸੰਖਿਆ ਵਧਾਈ ਗਈ ਤਾਂ ਕਿ ਉਸ ਖੇਤਰ ਵਿੱਚ ਸੰਪੂਰਨ ਜਵਾਬਦੇਹੀ ਦਾ ਨਿਰਵਾਹ ਹੋ ਸਕੇ।

– ਕਲੱਸਟਰ ਅਤੇ ਬਲਾਕ ਪੱਧਰ 'ਤੇ ਸਾਰੇ ਪ੍ਰੋਗਰਾਮਾਂ ਦੀ ਸਮੀਖਿਆ ਯੋਜਨਾ ਮੀਟਿੰਗਾਂ ਦਾ ਪ੍ਰਬੰਧ ਹਰੇਕ ਮਹੀਨੇ ਕੀਤਾ ਜਾਂਦਾ ਸੀ ਤਾਂ ਕਿ ਪਿਛਲੇ ਕਾਰਜਾਂ ਦਾ ਪੁਨਰ ਨਿਰੀਖਣ ਹੋ ਸਕੇ ਅਤੇ ਅਗਲੇ ਮਹੀਨੇ ਦੀ ਯੋਜਨਾ ਨੂੰ ਅੰਤਿਮ ਰੂਪ ਦਿੱਤਾ ਜਾ ਸਕੇ।

– **ਪ੍ਰਵੇਸ਼ਉਤਸਵ**: ਪ੍ਰਵੇਸ਼ਉਤਸਵ ਇੱਕ ਅਜਿਹੀ ਘਟਨਾ ਹੈ ਜਿਸ ਰਾਹੀਂ ਬੱਚਿਆਂ ਵਿੱਚ, ਸਕੂਲ ਵਿੱਚ ਅਤੇ ਸਮੁਦਾਏ ਵਿੱਚ ਸਾਕਾਰਾਤਮਕ ਅਤੇ ਰਚਨਾਤਮਕ ਵਾਤਾਵਰਨ ਦਾ ਨਿਰਮਾਣ ਕੀਤਾ ਜਾ ਸਕੇ।

**ਗਤੀਵਿਧੀ**: ਇਸ ਪ੍ਰਾਜੈਕਟ ਵਿੱਚ ਸ਼ਾਮਲ ਗਤੀਵਿਧੀ ਹੇਠ ਦਿੱਤੀ ਗਈ ਸਾਰਣੀ 5.1 ਵਿੱਚ ਦਰਸਾਈ ਗਈ ਹੈ:

| | |
|---|---|
| ਕਬਾਇਲੀ ਬੱਚਿਆਂ ਲਈ ਹੋਸਟਲ | ਮੌਸਮੀ ਪਰਵਾਸੀਆਂ ਦੀਆਂ ਲੋੜਾਂ ਦੀ ਪੂਰਤੀ ਲਈ ਅਤੇ ਉਨ੍ਹਾਂ ਲਈ ਜੋ ਦੂਰ ਦੇ ਸਥਾਨਾਂ 'ਤੇ ਰਹਿੰਦੇ ਹਨ। |
| ਮਹਿਲਾ ਸਿੱਖਣ ਵਿਹਾਰ | 15+ ਉਮਰ ਵਰਗ ਦੀਆਂ ਸਕੂਲ ਤੋਂ ਬਾਹਰ ਲੜਕੀਆਂ ਲਈ ਰਿਹਾਇਸ਼ੀ ਪਾਠਕ੍ਰਮ ਚਲਾਏ ਗਏ ਜਿਸ ਵਿੱਚ ਪੇਂਡੂ ਖੇਤਰਾਂ ਤੋਂ ਆਈਆਂ ਲੜਕੀਆਂ ਨੂੰ ਗੁਣਵੱਤਾ ਸਿੱਖਿਆ ਦਿੱਤੀ ਗਈ। |
| ਬਾਲਿਕਾ ਸਿੱਖਣ ਵਿਹਾਰ | 9+ ਉਮਰ ਵਰਗ ਦੀਆਂ ਲੜਕੀਆਂ ਲਈ ਜੋ ਸਕੂਲ ਛੱਡ ਚੁੱਕੀਆਂ ਹਨ 6 ਤੋਂ 8 ਮਹੀਨੇ ਰਿਹਾਇਸ਼ੀ ਕੈਂਪ ਤਾਂ ਕਿ ਉਨ੍ਹਾਂ ਨੂੰ ਰਸਮੀ ਸਿੱਖਿਆ ਵਿੱਚ ਮੁੜ ਦਾਖਲ ਕੀਤਾ ਜਾ ਸਕੇ। |
| ਮੁਕਤਾਂਗਨ | ਇਹ ਪ੍ਰੋਗਰਾਮ ਉਨ੍ਹਾਂ ਕਬਾਇਲੀ ਬੱਚਿਆਂ ਲਈ ਸੀ ਜੋ ਕਿਸ਼ਨਗੰਜ ਬਲਾਕ ਦੇ ਖੰਡੇਲਾ ਕਲੱਸਟਰ ਵਿੱਚ ਰਹਿੰਦੇ ਸਨ। |
| ਮਦਰੱਸੇ | ਭਰਤਪੁਰ ਕੌਮਨ ਬਲਾਕ ਦੇ ਮੁਸਲਮਾਨ ਬੱਚਿਆਂ ਲਈ ਚਲਾਇਆ ਗਿਆ। |
| ਸਹਿਜ ਸਿੱਖਿਆ ਕੇਂਦਰਾਂ ਦਾ ਸੰਸਥਾਨੀਕਰਨ | ਇਹ ਪ੍ਰੋਗਰਾਮ ਕੰਮ ਕਰਦੇ ਬੱਚਿਆਂ ਦੀਆਂ ਲੋੜਾਂ ਦੀ ਪੂਰਤੀ ਲਈ ਇੱਕ ਗੈਰ ਰਸਮੀ ਸਿੱਖਿਆ ਪ੍ਰੋਗਰਾਮ ਹੈ। |
| ਸਕੂਲ ਸਿੱਖਿਆ ਪ੍ਰੋਗਰਾਮ | ਇਸ ਪ੍ਰੋਗਰਾਮ ਦਾ ਉਦੇਸ਼ ਸਕੂਲੀ ਬੱਚਿਆਂ ਵਿੱਚ ਸਿਹਤ ਸਬੰਧੀ ਜਾਗਰੂਕਤਾ ਉਤਪੰਨ ਕਰਨਾ ਹੈ। |
| ਆਂਗਨਵਾੜੀ ਕੇਂਦਰ | ਇਹ ਪ੍ਰੀ ਪ੍ਰਾਇਮਰੀ ਸਿੱਖਿਆ ਨੂੰ ਮਜ਼ਬੂਤ ਕਰਨ ਅਤੇ ਇਸ ਦਾ ਸਬੰਧ ਐਲੀਮੈਂਟਰੀ ਸਿੱਖਿਆ ਨਾਲ ਜੋੜਨ ਦਾ ਪ੍ਰੋਗਰਾਮ ਹੈ। ਉੱਤਰ ਪ੍ਰਦੇਸ਼ ਵੱਲੋਂ ਸਮਰਥਿਤ ਐੱਨ.ਜੀ.ਓ. 'ਵਿਹਾਨ' ਨੇ 245 ਆਂਗਨਵਾੜੀ ਕੇਂਦਰਾਂ ਦੀ ਜ਼ਿੰਮੇਵਾਰੀ ਲਈ। |

**ਚਿੱਤਰ 5.2–ਲੋਕ ਜੁਬਿੰਸ ਦੀਆਂ ਮੁੱਖ ਗਤੀਵਿਧੀਆਂ**

Notes

### 5.3.4 ਸਿੱਖਿਆਕਰਮੀ ਪ੍ਰਾਜੈਕਟ

ਸਿੱਖਿਆਕਰਮੀ ਪ੍ਰਾਜੈਕਟ ਇੱਕ ਸਿੱਖਿਆ ਪ੍ਰੋਗਰਾਮ ਹੈ ਜਿਸ ਨੂੰ ਰਾਜਸਥਾਨ ਸਰਕਾਰ ਨੇ 1987 ਵਿੱਚ ਸਵੀਡਿਸ਼ ਇੰਟਰਨੈਸ਼ਨਲ ਡਿਵੈਲਪਮੈਂਟ ਅਥਾਰਿਟੀ ਦੀ ਸਹਾਇਤਾ ਨਾਲ ਸਿੱਖਿਆ ਕਰਮੀ ਬੋਰਡ ਦੇ ਜ਼ਰੀਏ ਚਲਾਇਆ ਸੀ।

Notes

ਪ੍ਰਾਜੈਕਟ ਅਧੀਨ ਅਧਿਆਪਕਾਂ ਦੀ ਗੈਰ ਮੌਜੂਦਗੀ ’ਤੇ ਧਿਆਨ ਦਿੱਤਾ ਗਿਆ ਜੋ ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਦੀ ਪ੍ਰਾਪਤੀ ਵਿੱਚ ਇੱਕ ਮੁੱਖ ਰੋੜਾ ਸੀ। ਉਸ ਸਮੇਂ ਅਨੁਸਾਰ ਇਸ ਨੇ ਇੱਕ ਅਧਿਆਪਕ ਸਕੂਲ ਵਿੱਚ ਸਥਾਪਨ ਕਰਨ ਦਾ ਵਿਚਾਰ ਕੀਤਾ ਜਿਸ ਨਾਲ ਦੋ ਸਥਾਨਕ ਨਿਵਾਸੀ ਜਿਨ੍ਹਾਂ ਨੂੰ ਸਿੱਖਿਆ ਕਰਮੀ ਕਿਹਾ ਗਿਆ, ਸਹਾਇਤਾ ਲਈ ਲਗਾਏ ਗਏ।

ਸਥਾਨਕ ਵਿਅਕਤੀਆਂ (ਸਿੱਖਿਆ ਕਰਮੀਆਂ) ਦੀ ਨਿਯੁਕਤੀ ਲਈ ਅਧਿਆਪਕਾਂ ਲਈ ਨਿਰਧਾਰਤ ਸਿੱਖਿਆ ਯੋਗਤਾ ਨੂੰ ਬਹੁਤ ਲੋੜੀਂਦਾ ਨਹੀਂ ਸਮਝਿਆ ਗਿਆ, ਪਰ ਨਿਯੁਕਤੀ ਤੋਂ ਬਾਅਦ ਉਨ੍ਹਾਂ ਨੂੰ ਜ਼ਰੂਰੀ ਸਿਖਲਾਈ ਅਤੇ ਸਿੱਖਿਆ ਸਹਾਇਤਾ ਪ੍ਰਦਾਨ ਕੀਤੀ ਗਈ ਤਾਂ ਕਿ ਉਹ ਇੱਕ ਅਧਿਆਪਕ ਦੇ ਰੂਪ ਵਿੱਚ ਪ੍ਰਭਾਵੀ ਰੂਪ ਨਾਲ ਕਾਰਜ ਕਰ ਸਕਣ।

• ਪ੍ਰਾਜੈਕਟ ਦੇ ਉਦੇਸ਼

– ਪ੍ਰਾਇਮਰੀ ਸਿੱਖਿਆ ਦੇ ਸਰਬਵਿਆਪੀਕਰਨ ਨੂੰ ਇੱਕ ਸੰਯੁਕਤ ਪ੍ਰੋਗਰਾਮ ਸਮਝਿਆ ਗਿਆ ਜਿਸ ਤਹਿਤ 14 ਸਾਲ ਤੱਕ ਦੇ ਉਮਰ ਵਰਗ ਦੇ ਸਾਰੇ ਬੱਚਿਆਂ ਲਈ ਪ੍ਰਾਇਮਰੀ ਸਿੱਖਿਆ ਦੀ ਸਰਬਵਿਆਪੀ ਪਹੁੰਚ ਹੋਵੇ।

– ਸਿਖਲਾਈ ਦੇ ਘੱਟ ਤੋਂ ਘੱਟ ਪੱਧਰ ਦੀ ਪ੍ਰਾਪਤੀ

– ਸਿੱਖਿਆ ਪ੍ਰਣਾਲੀ ਦੀ ਓਰੀਐਂਟੇਸ਼ਨ (ਸਥਿਤੀ ਗਿਆਨ) ਤਾਂ ਕਿ ਸਮਾਨਤਾ ਦੇ ਉਦੇਸ਼ ਦੀ ਪੂਰਤੀ ਹੋ ਸਕੇ।

– ਮਹਿਲਾਵਾਂ ਅਤੇ ਉਨ੍ਹਾਂ ਦੇ ਸਸ਼ਕਤੀਕਰਨ ਲਈ।

– ਬਾਲਗ ਅਤੇ ਹੇਠਲੇ ਸਮਾਜਿਕ ਵਰਗਾਂ, ਕਬਾਇਲੀ ਸਮੁਦਾਏ ਅਤੇ ਸਮਾਜ ਦੇ ਸਭ ਤੋਂ ਗਰੀਬ ਵਰਗਾਂ ਦੇ ਬੱਚਿਆਂ ਨੂੰ ਬਰਾਬਰ ਸਿੱਖਿਆ ਅਵਸਰ ਪ੍ਰਦਾਨ ਕਰਨ ਲਈ ਢੁਕਵੇਂ ਉਪਾਅ ਕਰਨੇ।

– ਘੱਟ ਦਾਖਲੇ ਦੀ ਮੁੱਖ ਸਮੱਸਿਆ ਅਤੇ ਬੱਚਿਆਂ ਦੀ ਉੱਚ ਡਰਾਪ ਆਊਟ ਦਰ (ਵਿਸ਼ੇਸ਼ ਤੌਰ ’ਤੇ ਲੜਕੀਆਂ ਦੀ) ਦੀ ਸਮੱਸਿਆ ’ਤੇ ਕਾਬੂ ਪਾਉਣਾ।

• ਰਣਨੀਤੀਆਂ

– ਸਿੱਖਿਆ ਕਰਮੀ ਪ੍ਰਾਜੈਕਟਾਂ ਦੇ ਪੁਨਰਨਿਰੀਖਣ ਲਈ ਐੱਸਆਈਡੀਏ ਵੱਲੋਂ ਇੱਕ ਨਿਗਰਾਨੀ ਮਿਸ਼ਨ ਨਿਯੁਕਤ ਕੀਤਾ ਗਿਆ ਜੋ ਸਾਲ ਵਿੱਚ ਦੋ ਵਾਰ ਪ੍ਰਾਜੈਕਟ ਦੀ ਪ੍ਰਗਤੀ ਦੀ ਸਮੀਖਿਆ ਕਰੇਗਾ।

– ਖੇਤਰ ਅਨੁਭਵਾਂ ਅਤੇ ਆਪਸੀ ਸਹਿਮਤੀ ਦੇ ਫੈਸਲੇ ’ਤੇ ਆਧਾਰਿਤ ਵਿਧੀਆਂ ਵਿਕਸਤ ਕੀਤੀਆਂ ਗਈਆਂ।

– ਜ਼ਿਆਦਾ ਤੋਂ ਜ਼ਿਆਦਾ ਵਿਕੇਂਦਰੀਕਰਨ ਅਤੇ ਸਮੁਦਾਏ ਦੀ ਸਹਿਭਾਗਤਾ

– ਪਹੁੰਚ ਦੀ ਦ੍ਰਿਸ਼ਟੀ ਤੋਂ ਲਿੰਗ ਅਤੇ ਸਮਾਜਿਕ ਸੰਵੇਦਨਸ਼ੀਲਤਾ ਦਾ ਸਮਰਥਨ

• ਲਾਗੂ ਕਰਨਾ

ਪ੍ਰਾਜੈਕਟ ਨਿਰਦੇਸ਼ਕ ਨਾਲ ਰਾਜਸਥਾਨ ਸਰਕਾਰ ਅਤੇ ਸਵੈ ਇਛੁੱਕ ਸੰਸਥਾਵਾਂ ਆਪਸ ਵਿੱਚ ਮਿਲਕੇ ਕਾਰਜ ਕਰ ਰਹੀਆਂ ਹਨ ਜੋ ਐੱਸ. ਕੇ. ਸਿਖਿਆਰਥੀਆਂ ਲਈ ਸਿਖਲਾਈ ਦਾ ਡਿਜ਼ਾਇਨ ਪ੍ਰਬੰਧਨ ਅਤੇ ਟਰੇਨਿੰਗ ਦਾ ਸੰਚਾਲਨ ਕੀਤਾ ਜਾ ਸਕੇ। ਇਸ ਤੋਂ ਇਲਾਵਾ ਸਿੱਖਿਆ ਕਰਮੀਆਂ ਦੀ ਸਿਖਲਾਈ ਦਾ ਨਿਰੀਖਣ ਵੀ ਕਰਦੀ ਹੈ।

ਇਸ ਪ੍ਰਾਜੈਕਟ ਦੇ ਉਦੇਸ਼ਾਂ ਦੀ ਪੂਰਤੀ ਲਈ ਅਤੇ ਪੇਂਡੂ ਖੇਤਰਾਂ ਦੇ ਸੁਵਿਧਾਹੀਣ ਵਰਗ ਦੀਆਂ ਲੋੜਾਂ ਦੀ ਪੂਰਤੀ ਲਈ ਕੀਤੇ ਗਏ ਸਿੱਖਿਆ ਉਪਰਾਲਿਆਂ ਨੂੰ ਪੰਚਾਇਤ ਸੰਮਤੀ, ਸਿੱਖਿਆ ਕਰਮੀ ਸਹਿਯੋਗੀ ਅਤੇ ਐੱਨਜੀਓ, ਵਿਸ਼ਾ ਮਾਹਿਰ, ਸਿੱਖਿਆ ਕਰਮੀ ਅਤੇ ਪੇਂਡੂ ਸਮੁਦਾਏ ਦਾ ਸਮਰਥਨ ਜ਼ਰੂਰੀ ਹੈ।

**ਗਤੀਵਿਧੀ**: ਇਸ ਪ੍ਰਾਜੈਕਟ ਵਿੱਚ ਮੁੱਖ ਗਤੀਵਿਧੀ ਹੇਠ ਦਿੱਤੀ ਸਾਰਣੀ (ਚਿੱਤਰ 5.3) ਨਾਲ ਸਪੱਸ਼ਟ ਹੋ ਜਾਂਦੀ ਹੈ:

| | |
|---|---|
| ਡੇ ਕੇਂਦਰ | ਜਦੋਂ ਮੌਜੂਦ ਪ੍ਰਾਇਮਰੀ ਸਕੂਲ ਸਿੱਖਿਆ ਕਰਮੀਆਂ ਵੱਲੋਂ ਚਲਾਏ ਜਾਂਦੇ ਹਨ ਤਾਂ ਉਨ੍ਹਾਂ ਨੂੰ ਡੇ ਕੇਂਦਰ ਦਾ ਨਾਂ ਦਿੱਤਾ ਜਾਂਦਾ ਹੈ। |
| ਪ੍ਰੈਹਰ ਪਾਠਸ਼ਾਲਾ | ਜਦੋਂ ਬੱਚੇ ਕਿਸੇ ਕਾਰਨ ਡੇ-ਕੇਂਦਰਾਂ ’ਤੇ ਪੜ੍ਹਨ ਨਹੀਂ ਆ ਸਕਦੇ ਅਤੇ ਉਹ ਰਾਤ ਦੇ ਸਮੇਂ ਪੜ੍ਹਨ ਆਉਂਦੇ ਹੋਣ ਤਾਂ ਉਨ੍ਹਾਂ ਨੂੰ ਪ੍ਰੈਹਰ ਪਾਠਸ਼ਾਲਾ ਕਿਹਾ ਜਾਂਦਾ ਹੈ। |
| ਮਹਿਲਾ ਪ੍ਰਕਾਸ਼ਨ ਕੇਂਦਰ | ਇਸ ਪ੍ਰਾਜੈਕਟ ਦਾ ਜ਼ੋਰ ਮਹਿਲਾ ਸਿੱਖਿਆ ਕਰਮੀਆਂ ਦੀ ਭਰਤੀ ਅਤੇ ਮਹਿਲਾ ਸਿੱਖਿਆ ਕਰਮੀ ਸਿਖਲਾਈ ਕੇਂਦਰ ਸਥਾਪਿਤ ਕਰਨ ’ਤੇ ਹੁੰਦਾ ਹੈ। ਇਨ੍ਹਾਂ ਕੇਂਦਰਾਂ ਨੂੰ ਮਹਿਲਾ ਪ੍ਰਕਾਸ਼ਨ ਕੇਂਦਰ ਕਹਿੰਦੇ ਹਨ। ਇਹ ਸਥਾਨਕ ਔਰਤਾਂ ਨੂੰ ਸਿੱਖਿਆ ਕਰਮੀ ਦੀ ਸਿਖਲਾਈ ਦਿੰਦੇ ਹਨ। |
| ਸੰਗਠਿਤ ਪਹੁੰਚ | ਇੱਕ ਸਰਵੇਖਣ ਨਾਲ ਸਪੱਸ਼ਟ ਹੋਇਆ ਹੈ ਕਿ 14 ਸਾਲ ਦੀ ਉਮਰ ਤੱਕ ਬਲਾਕਾਂ ਘਟੋਲ (ਕਬੀਲਾ) ਅਤੇ ਬਲੋਤਰਾ (ਰੇਗਿਸਤਾਨ) ਵਿੱਚ 60 ਪ੍ਰਤੀਸ਼ਤ ਬੱਚੇ ਸਰੀਰਿਕ ਰੋਗਾਂ ਨਾਲ ਪੀੜਤ ਹੁੰਦੇ ਹਨ। ਇਨ੍ਹਾਂ ਦਾ ਧਿਆਨ ਰੱਖਣ ਲਈ ਸਿੱਖਿਆ ਕਰਮੀ ਪ੍ਰਾਜੈਕਟਾਂ ਵਿੱਚ ਇਨ੍ਹਾਂ ਬੱਚਿਆਂ ਨੂੰ ਪਾਇਆ ਗਿਆ ਹੈ। |

ਚਿੱਤਰ 5.3: ਸਿੱਖਿਆ ਕਰਮੀ ਦੀਆਂ ਮੁੱਖ ਗਤੀਵਿਧੀਆਂ

**ਗਤੀਵਿਧੀ**-2

- ਆਪਣੇ ਖੇਤਰ ਦੇ ਕਿਸੇ ਅਜਿਹੀ ਸੰਸਥਾ ਦਾ ਦੌਰਾ ਕਰੋ ਜੋ ਸਕੂਲ ਤੋਂ ਬਾਹਰ ਬੱਚਿਆਂ ਲਈ ਕੰਮ ਕਰ ਰਹੀ ਹੋਵੇ। ਨਿਮਨਲਿਖਤ ਬਿੰਦੂਆਂ ਦੇ ਸੰਦਰਭ ਵਿੱਚ ਇਸ ’ਤੇ ਇੱਕ ਰਿਪੋਰਟ ਤਿਆਰ ਕਰੋ।
- ਆਮ ਜਾਣਕਾਰੀ: ਸੰਸਥਾ ਦਾ ਨਾਂ, ਪਤਾ, ਫੋਨ ਨੰਬਰ, ਕਾਰਜ ਖੇਤਰ, ਕਲਾਸਾਂ ਦੀ ਸੰਖਿਆ ਅਤੇ ਵਿਦਿਆਰਥੀ, ਕੀ ਇਹ ਰਾਜ ਪੱਧਰੀ ਹੈ ਜਾਂ ਰਾਸ਼ਟਰ ਪੱਧਰੀ।
- ਉਦੇਸ਼ ਅਤੇ ਹੋਰ ਗਤੀਵਿਧੀਆਂ (ਸਿੱਖਿਆ ਅਤੇ ਸਹਿ ਪਾਠਕ੍ਰਮ)

Notes

Notes

## 5.5 ਮਹਾਰਾਸ਼ਟਰ ਵਿੱਚ ਵਿਭਿੰਨ ਪ੍ਰਾਜੈਕਟ: ਕੇਸ ਅਧਿਐਨ

ਹੁਣ ਅਸੀਂ ਭਾਰਤੀ ਰਾਜਾਂ ਵਿੱਚ ਯੂਈਈ ਸੰਚਾਲਨ ਲਈ ਵਿਭਿੰਨ ਪ੍ਰਕਾਰ ਦੇ ਪ੍ਰਾਜੈਕਟਾਂ ਦੀ ਜਾਂਚ ਕਰਨ ਲਈ ਇੱਕ ਰਾਜ ਦਾ ਕੇਸ ਅਧਿਐਨ ਕਰਾਂਗੇ। ਅਸੀਂ ਮਹਾਰਾਸ਼ਟਰ ਰਾਜ ਦੀ ਚੋਣ ਕੀਤੀ ਹੈ ਜਿਸ ਨੂੰ ਤੁਹਾਨੂੰ ਆਪਣੇ ਰਾਜ ਨਾਲ ਜੋੜਨਾ ਹੋਏਗਾ।

ਗੁਣਾਤਮਕ ਅਤੇ ਸੰਖਿਆਤਮਕ ਪ੍ਰਾਇਮਰੀ ਸਿੱਖਿਆ ਲਈ ਮਹਾਰਾਸ਼ਟਰ ਵਿੱਚ ਵਿਭਿੰਨ ਪ੍ਰਾਜੈਕਟ ਦੇ ਵਿਕਾਸ ਅਤੇ ਲਾਗੂ ਕਰਨ ਨਾਲ ਮਹਾਰਾਸ਼ਟਰ ਵਿੱਚ ਪ੍ਰਾਇਮਰੀ ਸਿੱਖਿਆ ਦਾ ਸਰਬਵਿਆਪੀਕਰਨ ਹੋ ਸਕਦਾ ਹੈ।

ਮਹਾਰਾਸ਼ਟਰ ਸਰਕਾਰ ਨੇ ਪ੍ਰਾਇਮਰੀ ਸਿੱਖਿਆ ਲਈ ਵਿਭਿੰਨ ਪ੍ਰਾਜੈਕਟਾਂ ਦੀ ਖੋਜ ਕੀਤੀ ਹੈ।

### 5.3.5 ਮਹਾਰਾਸ਼ਟਰ ਵਰਗੇ ਸੂਬੇ ਲਈ ਉਚੇਚੇ ਪ੍ਰਾਜੈਕਟ

#### 5.3.5.1 ਸਮਾਜਿਕ ਰੂਪ ਵਿੱਚ ਵੰਚਿਤ ਬੱਚਿਆਂ ਲਈ ਸਕੀਮਾਂ

ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ, ਖਾਨਾਬਦੋਸ਼ ਜਾਤੀਆਂ ਅਤੇ ਜਨਜਾਤੀਆਂ ਨੂੰ ਸਮਾਜਿਕ ਰੂਪ ਨਾਲ ਪੱਛੜੀਆਂ ਸ਼੍ਰੇਣੀਆਂ ਵਿੱਚ ਰੱਖਿਆ ਗਿਆ ਹੈ। ਮਹਾਰਾਸ਼ਟਰ ਵਿੱਚ ਪੱਛੜੇ ਵਰਗਾਂ ਦੇ ਲੜਕੇ ਅਤੇ ਲੜਕੀਆਂ ਲਈ ਨਿਮਨਲਿਖਤ ਪ੍ਰਾਜੈਕਟ ਚਲਾਏ ਜਾ ਰਹੇ ਹਨ:

- ਦਸਵੀਂ ਕਲਾਸ ਤੱਕ ਵਜ਼ੀਫਾ
- ਮੁਫ਼ਤ ਵਰਦੀ ਅਤੇ ਪੁਸਤਕਾਂ
- ਬੋਰਡਿੰਗ ਹਾਊਸ
- ਸਰਕਾਰੀ ਅਤੇ ਗੈਰ ਸਰਕਾਰੀ ਨਿੱਜੀ ਏਜੰਸੀਆਂ ਲਈ ਹੋਸਟਲ
- ਐੱਨ.ਸੀ.ਈ.ਆਰ.ਟੀ. ਵੱਲੋਂ ਸਥਾਪਿਤ ਰਾਸ਼ਟਰੀ ਪ੍ਰਤਿਭਾ ਖੋਜ ਬੋਰਡ ਜੋ ਅਨੁਸੂਚਿਤ ਜਾਤੀਆਂ/ਅਨੁਸੂਚਿਤ ਜਨ ਜਾਤੀਆਂ ਦੇ ਬੱਚਿਆਂ ਨੂੰ ਸੈਕੰਡਰੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਵਜ਼ੀਫਾ ਪ੍ਰਦਾਨ ਕਰਦਾ ਹੈ।
- ਹਾਜ਼ਰੀ ਦਾ ਭੱਤਾ
- ਆਸ਼ਰਮ ਸਕੂਲ
- ਪੁਸਤਕ ਬੈਂਕ ਸਕੀਮ

#### 5.3.5.2 ਲੜਕੀਆਂ ਲਈ ਸਕੀਮਾਂ

ਪਰਿਵਾਰ ਅਤੇ ਸਮਾਜ ਲਈ ਲੜਕੀਆਂ ਦੀ ਸਿੱਖਿਆ ਦੇ ਮਹੱਤਵ ਨੂੰ ਧਿਆਨ ਵਿੱਚ ਰੱਖਦੇ ਹੋਏ ਰਾਜ ਨੇ ਇਨ੍ਹਾਂ ਦੀ ਸਿੱਖਿਆ ਦੀਆਂ ਵਿਭਿੰਨ ਸਕੀਮਾਂ ਸ਼ੁਰੂ ਕੀਤੀਆਂ ਹਨ:

- **ਹਾਜ਼ਰੀ ਲਈ ਭੱਤਾ:** ਕਲਾਸ 1 ਤੋਂ 4 ਤੱਕ ਡਰਾਪ ਆਊਟ ਦਰ ਨੂੰ ਘੱਟ ਕਰਨ ਲਈ ਪੱਛੜੇ ਵਰਗਾਂ ਦੀਆਂ ਸਾਰੀਆਂ ਲੜਕੀਆਂ ਨੂੰ ਪ੍ਰਤੀਦਿਨ ਇੱਕ ਰੁਪਇਆ ਭੱਤਾ ਦਿੱਤਾ ਜਾਂਦਾ ਹੈ। ਜੇਕਰ ਉਹ ਸਕੂਲ ਵਿੱਚ 75 ਪ੍ਰਤੀਸ਼ਤ ਕੰਮਕਾਜੀ ਦਿਨਾਂ ਤੱਕ ਮੌਜੂਦ ਰਹਿੰਦੀਆਂ ਹਨ।

– **ਅਹਿਲਿਆਬਾਈ ਹੋਲਕਰ ਵੱਲੋਂ ਲੜਕੀਆਂ ਲਈ ਮੁਫ਼ਤ ਯਾਤਰਾ ਸਕੀਮ**: 1997 ਵਿੱਚ ਸਰਕਾਰ ਨੇ ਗ੍ਰਾਮੀਣ ਖੇਤਰਾਂ ਦੀਆਂ ਲੜਕੀਆਂ ਲਈ ਮੁਫ਼ਤ ਯਾਤਰਾ ਸਕੀਮ ਚਲਾਈ ਤਾਂ ਕਿ ਲੜਕੀਆਂ ਸਿੱਖਿਆ ਤੋਂ ਵੰਚਿਤ ਨਾ ਰਹਿ ਜਾਣ।

Notes

– **ਮਾਤਰਪ੍ਰਬੋਧਨ ਪ੍ਰਾਜੈਕਟ**: ਪੇਂਡੂ ਖੇਤਰਾਂ ਵਿੱਚ ਪ੍ਰਾਇਮਰੀ ਸਿੱਖਿਆ ਦੇ ਸਰਬਵਿਆਪੀਕਰਨ ਦੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਮਾਵਾਂ ਨੂੰ ਬੱਚਿਆਂ ਦੀ ਸਿੱਖਿਆ, ਉਨ੍ਹਾਂ ਦੀ ਸਿਹਤ ਅਤੇ ਵਿਅਕਤੀਗਤ ਵਿਕਾਸ ਦੇ ਵਿਸ਼ੇ ਵਿੱਚ ਸਿੱਖਿਅਤ ਕਰਨ ਲਈ ਇਹ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ।

– **ਆਰਮੀ ਸਕੂਲ**: ਮਹਾਰਾਸ਼ਟਰ ਦੀਆਂ ਲੜਕੀਆਂ ਨੂੰ ਪ੍ਰੋਤਸਾਹਿਤ ਕਰਨ ਲਈ ਸਰਕਾਰ ਨੇ ਨਾਸਿਕ ਵਿੱਚ ਭੋਰ ਸਥਾਨ 'ਤੇ ਆਰਮੀ ਸਕੂਲ ਸ਼ੁਰੂ ਕੀਤਾ ਹੈ ਜਿੱਥੇ ਉਨ੍ਹਾਂ ਲੜਕੀਆਂ ਨੂੰ ਕੁਝ ਵਜ਼ੀਫਾ ਵੀ ਮਿਲਦਾ ਹੈ ਅਤੇ ਜੇਕਰ ਉਹ ਸਰੀਰਿਕ ਰੂਪ ਨਾਲ ਫਿੱਟ ਹਨ ਤਾਂ ਅੱਗੇ ਸਿਖਲਾਈ ਦੇਣ ਦਾ ਅਵਸਰ ਵੀ ਪ੍ਰਦਾਨ ਕੀਤਾ ਜਾਂਦਾ ਹੈ।

– **ਸਮੂਹ ਨਿਵਾਸੀ ਸਕੂਲ**: ਉਨ੍ਹਾਂ ਲੜਕੀਆਂ ਲਈ ਜੋ ਦੂਰ ਦੁਰਾਡੇ ਦੇ ਸਥਾਨਾਂ ਵਿੱਚੋਂ ਆਉਂਦੀਆਂ ਹਨ, ਜਿਸ ਕਾਰਨ ਸਕੂਲ ਵਿੱਚ ਨਹੀਂ ਪਹੁੰਚ ਸਕਦੀਆਂ। ਅਜਿਹੀਆਂ ਲੜਕੀਆਂ ਲਈ ਸਮੂਹ ਨਿਵਾਸੀ ਸਕੂਲ ਦਾ ਪ੍ਰਬੰਧ ਕੀਤਾ ਗਿਆ ਹੈ।

### 5.3.5.3 ਆਰਥਿਕ ਰੂਪ ਨਾਲ ਪੱਛੜੀਆਂ ਜਾਤੀਆਂ ਦੇ ਬੱਚਿਆਂ ਲਈ ਸਕੀਮਾਂ

ਸਮਾਜ ਵਿੱਚ ਕਿਸੇ ਵੀ ਜਾਤ ਜਾਂ ਧਰਮ ਦੇ ਬੱਚੇ ਆਰਥਿਕ ਰੂਪ ਨਾਲ ਕਮਜ਼ੋਰ ਹੋ ਸਕਦੇ ਹਨ। ਗਰੀਬੀ ਦੇ ਕਾਰਨ ਇਹ ਬੱਚੇ ਵਿਚਕਾਰ ਹੀ ਸਕੂਲ ਛੱਡ ਕੇ ਪਰਿਵਾਰ ਲਈ ਕਮਾਉਣ ਲੱਗਦੇ ਹਨ। ਅਜਿਹੇ ਬੱਚਿਆਂ ਲਈ ਕੁਝ ਸਕੀਮਾਂ ਹੇਠ ਦਿੱਤੇ ਅਨੁਸਾਰ ਹਨ।

• **ਵਜ਼ੀਫਾ**: 1978 ਵਿੱਚ ਮਹਾਰਾਸ਼ਟਰ ਸਰਕਾਰ ਨੇ ਆਰਥਿਕ ਰੂਪ ਨਾਲ ਪੱਛੜੇ ਬੱਚਿਆਂ ਲਈ ਵਜ਼ੀਫਾ ਯੋਜਨਾ ਲਾਗੂ ਕੀਤੀ ਜਿਸ ਤਹਿਤ ਹਰੇਕ ਵਿਦਿਆਰਥੀ ਨੂੰ 70 ਰੁਪਏ ਪ੍ਰਤੀ ਮਹੀਨਾ ਅਤੇ ਵਿਦਿਆਰਥਣ ਨੂੰ 80 ਰੁਪਏ ਪ੍ਰਤੀ ਮਹੀਨਾ ਦਿੱਤੇ ਜਾਂਦੇ ਸਨ।

• **ਈ.ਬੀ.ਸੀ.** :ਮਹਾਰਾਸ਼ਟਰ ਸਰਕਾਰ ਨੇ ਇਹ ਯੋਜਨਾ 1956 ਵਿੱਚ ਸ਼ੁਰੂ ਕੀਤੀ ਸੀ। ਇਸ ਤਹਿਤ ਬੱਚਿਆਂ ਨੂੰ ਵਜ਼ੀਫਾ ਰਾਸ਼ੀ ਦਿੱਤੀ ਜਾਂਦੀ ਸੀ ਜੇਕਰ ਉਹ 75 ਪ੍ਰਤੀਸ਼ਤ ਹਾਜ਼ਰੀ ਦਿਖਾਉਂਦੇ ਹਨ ਅਤੇ ਹਰੇਕ ਸਾਲ ਪਾਸ ਹੁੰਦੇ ਹਨ ਉਨ੍ਹਾਂ ਦੇ ਮਾਤਾ ਪਿਤਾ ਦੀ ਆਮਦਨ ਸਾਲਾਨਾ 15000/ ਰੁਪਏ ਹੈ।

• **ਪੌਸ਼ਟਿਕ ਭੋਜਨ**: ਇਸ ਸਕੀਮ ਦੀ ਸ਼ੁਰੂਆਤ 1995 ਵਿੱਚ ਹੋਈ ਜਿਸ ਤਹਿਤ ਹਰੇਕ ਬੱਚੇ ਨੂੰ ਜੋ ਨਿਯਮਿਤ ਰੂਪ ਨਾਲ ਸਕੂਲ ਆਏਗਾ ਉਸ ਨੂੰ ਅੱਧੀ ਛੁੱਟੀ ਵਿੱਚ ਪੌਸ਼ਟਿਕ ਭੋਜਨ ਦਿੱਤਾ ਜਾਏਗਾ।

• **ਸਾਵਿੱਤਰੀ ਬਾਈ ਫੂਲੇ ਲੈਪਾਲਕਨੂੰ ਗੋਦ ਲੈਣ ਦੀ ਯੋਜਨਾ**: 1993 ਵਿੱਚ ਇਹ ਯੋਜਨਾ ਚਲਾਈ ਗਈ। ਇਸ ਤਹਿਤ ਸਕੂਲ ਦਾ ਪ੍ਰਿੰਸੀਪਲ, ਕੋਈ ਅਧਿਕਾਰੀ ਜਾਂ ਸਮਾਜ ਦਾ ਕੋਈ ਵੀ ਸਮਰੱਥ ਵਿਅਕਤੀ ਕਿਸੇ ਅਜਿਹੀ ਕੰਨਿਆ ਨੂੰ ਆਪਣਾ ਸਕਦਾ ਸੀ ਜੋ ਗਰੀਬੀ ਕਾਰਨ ਸਕੂਲ ਵਿੱਚ ਆਉਣ ਤੋਂ ਅਸਮਰੱਥ ਸੀ ਅਤੇ ਉਸ ਨੂੰ ਪ੍ਰਤੀ ਮਹੀਨਾ ਤੀਹ ਰੁਪਏ ਦੀ ਵਿੱਤੀ ਸਹਾਇਤਾ 7ਵੀਂ ਜਮਾਤ ਤੱਕ ਪ੍ਰਦਾਨ ਕਰ ਸਕਦਾ ਸੀ, ਪਰ ਅਜਿਹਾ ਉਹ ਸਕੂਲ ਦੇ ਜ਼ਰੀਏ ਹੀ ਕਰ ਸਕਦਾ ਸੀ।

• **ਪੁਸਤਕ ਬੈਂਕ ਸਕੀਮ**: ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਨੂੰ ਮੁਫ਼ਤ ਪੁਸਤਕਾਂ ਉਪਲੱਬਧ ਕਰਾਈਆਂ ਜਾਂਦੀਆਂ ਹਨ। ਸਾਲ ਦੇ ਅੰਤ ਵਿੱਚ ਇਨ੍ਹਾਂ ਪੁਸਤਕਾਂ ਨੂੰ ਵਾਪਸ ਲੈ ਲਿਆ ਜਾਂਦਾ ਹੈ। ਜਦੋਂ ਬੱਚਾ ਅਗਲੀ ਕਲਾਸ ਵਿੱਚ ਹੋ ਜਾਂਦਾ ਹੈ ਤਾਂ ਉਨ੍ਹਾਂ ਪੁਸਤਕਾਂ ਦੇ ਬਦਲੇ ਉਸ ਕਲਾਸ ਦੀਆਂ ਪੁਸਤਕਾਂ ਮਿਲ ਜਾਂਦੀਆਂ ਹਨ। ਪਹਿਲੀ ਅਤੇ ਦੂਜੀ ਜਮਾਤ ਦੇ

ਵਿਦਿਆਰਥੀਆਂ ਨੂੰ ਹਰੇਕ ਸਾਲ ਨਵੀਆਂ ਪੁਸਤਕਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਉੱਚ ਸ਼੍ਰੇਣੀ ਦੀਆਂ ਸਾਰੀਆਂ ਪੁਸਤਕਾਂ ਨਵੀਆਂ ਪੁਸਤਕਾਂ ਨਾਲ ਪੁਸਤਕ ਬੈਂਕ ਵਿੱਚ ਵਟਾਈਆਂ ਜਾ ਸਕਦੀਆਂ ਹਨ।

• 5.3.5.4 **ਦੂਰ ਦੁਰਾਡੇ ਦੇ ਖੇਤਰਾਂ ਦੇ ਬੱਚਿਆਂ ਲਈ ਸਕੀਮਾਂ**

ਮਹਾਰਾਸ਼ਟਰ ਸਰਕਾਰ ਨੇ 1970 ਵਿੱਚ ਦੂਰ ਦੁਰਾਡੇ ਰਹਿਣ ਵਾਲੇ ਬੱਚਿਆਂ ਲਈ ਨਿਮਨਲਿਖਤ ਸਕੀਮਾਂ ਬਣਾਈਆਂ:

• **ਪੌਸ਼ਟਿਕ ਭੋਜਨ ਯੋਜਨਾ:** ਇਸ ਦਾ ਉਦੇਸ਼ 6 ਸਾਲ ਤੱਕ ਦੇ ਬੱਚਿਆਂ ਨੂੰ ਸੰਤੁਲਿਤ ਭੋਜਨ ਦੇਣਾ ਸੀ ਜੋ ਆਂਗਨਵਾੜੀ ਅਤੇ ਬਾਲਵਾੜੀ ਦੇ ਜ਼ਰੀਏ ਦਿੱਤਾ ਗਿਆ।ਐੱਸ ਟੀ ਦੇ ਵਿਦਿਆਰਥੀ ਵੀ ਇਸ ਸਕੀਮ ਦਾ ਲਾਹਾ ਲੈਂਦੇ ਹਨ ਤੇ ਮਾਨਸਿਕ ਤੇ ਸਰੀਰਿਕ ਵਿਕਾਸ ਦਰਸਾਉਂਦੇ ਹਨ। 1 ਤੋਂ 5ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਮਿਡ ਡੇ ਮੀਲ ਦਿੱਤਾ ਜਾਂਦਾ ਹੈ।

• **ਆਸ਼ਰਮਸ਼ਾਲਾ:** ਜਨਜਾਤੀ ਵਿਕਾਸ ਡਾਇਰੈਕਟੋਰੇਟ ਨੇ ਇਸ ਯੋਜਨਾ ਨੂੰ ਲਾਗੂ ਕੀਤਾ। ਅਤਿ ਗਰੀਬ ਬੱਚਿਆਂ ਨੂੰ ਇਨ੍ਹਾਂ ਆਸ਼ਰਮਾਂ ਵਿੱਚ ਜਗ੍ਹਾ ਦਿੱਤੀ ਜਾਂਦੀ ਸੀ। ਉਨ੍ਹਾਂ ਨੂੰ ਮੁਫ਼ਤ ਲਿਖਣਾ ਪੜ੍ਹਨਾ, ਰਿਹਾਇਸ਼ ਅਤੇ ਵਰਦੀ ਦੀ ਸਹੂਲਤ ਦਿੱਤੀ ਜਾਂਦੀ ਸੀ। ਇਹ ਸਕੂਲ (ਆਸ਼ਰਮ) ਪਹਿਲੀ ਤੋਂ ਦਸਵੀਂ ਕਲਾਸ ਤੱਕ ਦੇ ਸਨ ਅਤੇ ਇਨ੍ਹਾਂ ਦੀ ਦੇਖਰੇਖ ਸਰਕਾਰ ਵੱਲੋਂ ਕੀਤੀ ਜਾਂਦੀ ਸੀ। ਇਹ ਇਸ ਪ੍ਰਕਾਰ ਸਨ

(1) ਮੁੱਢਲੀ ਆਸ਼ਰਮ ਸ਼ਾਲਾ (ਪਹਿਲੀ ਕਲਾਸ ਤੋਂ ਸੱਤਵੀਂ ਤੱਕ)

(2) ਪਰਾ ਮੁੱਢਲੀ ਆਸ਼ਰਮ ਸ਼ਾਲਾ (ਪੰਜਵੀਂ ਤੋਂ ਦਸਵੀਂ ਕਲਾਸ ਤੱਕ)

• **ਵਿਦਿਆ ਨਿਕੇਤਨ:** ਜਨਜਾਤੀ ਪ੍ਰਤਿਭਾਸ਼ਾਲੀ ਬੱਚਿਆਂ ਲਈ ਇਹ ਇੱਕ ਨਵੀਂ ਯੋਜਨਾ ਸੀ ਜਿਸ ਨੂੰ 1981 ਵਿੱਚ ਕੇਲਪੁਰ, ਯਵਤਮਲ ਵਿੱਚ ਖੋਲ੍ਹਿਆ ਗਿਆ। ਇਸ ਵਿੱਚ ਵੀ ਸਿੱਖਿਆ ਮੁਫ਼ਤ ਦਿੱਤੀ ਜਾਂਦੀ ਸੀ। ਲੜਕੀਆਂ ਲਈ ਵੀ ਬਾਅਦ ਵਿੱਚ ਵਿਦਿਆ ਨਿਕੇਤਨ ਖੋਲ੍ਹੇ ਗਏ। ਇਸ ਪ੍ਰਕਾਰ ਨਾਲ ਹਰੇਕ ਸੰਸਥਾ ਵਿੱਚ ਆਦਿਵਾਸੀ ਬੱਚਿਆਂ ਲਈ 10 ਸੀਟਾਂ ਦਾ ਪ੍ਰਾਵਧਾਨ ਸੀ।

• **ਕਰੁਣਾਸ਼ਾਲਾ:** ਇਹ ਮੋਬਾਇਲ ਸਕੂਲ ਸਨ ਜੋ ਗੈਰ ਰਸਮੀ ਸਿੱਖਿਆ ਦਿੰਦੇ ਸਨ। ਪਹਿਲੀ ਕਰੁਣਾਸ਼ਾਲਾ ਸ਼੍ਰੀਮਤੀ ਤਾਰਾਬਾਈ ਮੋਦਕ ਅਤੇ ਸ਼੍ਰੀਮਤੀ ਅਣੁਤਾਈ ਵਾਘ ਵੱਲੋਂ ਲਾਗੂ ਕੀਤੀ ਗਈ ਸੀ। ਇਸ ਵਿੱਚ ਅਧਿਆਪਕ ਜੰਗਲੀ ਖੇਤਰਾਂ ਦੇ ਵਿਦਿਆਰਥੀਆਂ ਨੂੰ ਸਫ਼ਾਈ, ਦਵਾਈਆਂ, ਚੰਗੀਆਂ ਆਦਤਾਂ, ਭਾਸ਼ਾ ਅਤੇ ਉਨ੍ਹਾਂ ਨੂੰ ਆਪਣੀ ਜੀਵਨ ਸ਼ੈਲੀ ਦਾ ਮਿਆਰ ਵਿਕਸਤ ਕਰਨ ਦੀ ਗੈਰ ਰਸਮੀ ਸਿੱਖਿਆ ਦਿੰਦੇ ਸਨ।

• **ਬਾਲ ਸਿੱਖਿਆ ਸਕੀਮ:** ਇਹ ਯੋਜਨਾ ਮਹਾਰਾਸ਼ਟਰ ਸਰਕਾਰ ਨੇ 1982 ਵਿੱਚ ਯੂਨੀਸੈਫ ਦੀ ਸਹਾਇਤਾ ਨਾਲ ਸ਼ੁਰੂ ਕੀਤੀ।ਇਸ ਵਿੱਚ ਬੱਚਿਆਂ ਨੂੰ ਸੁੰਦਰ, ਰੌਚਕ ਤਸਵੀਰਾਂ ਵਾਲੀਆਂ ਪੁਸਤਕਾਂ ਮੁਫ਼ਤ ਦਿੱਤੀਆਂ ਜਾਂਦੀਆਂ ਸਨ ਤਾਂ ਕਿ ਪੁਸਤਕਾਂ ਦੇ ਪ੍ਰਤੀਬਿੰਬਾਂ ਦੀ ਰੁਚੀ ਦਾ ਵਿਕਾਸ ਹੋ ਸਕੇ ਅਤੇ ਇਸ ਨਾਲ ਬੱਚੇ ਸ਼ਾਲਾਵਾਂ ਵਿੱਚ ਜਾਣਾ ਜਾਰੀ ਰੱਖਣ।

• **ਜਨਜਾਤੀ ਭਾਸ਼ਾਵਾਂ ਲਈ ਪ੍ਰਾਜੈਕਟ:** ਸਕੂਲ ਅਤੇ ਕਬਾਇਲੀ ਖੇਤਰਾਂ ਦੀ ਭਾਸਾ ਦਰਮਿਆਨ ਅੰਤਰ ਹੁੰਦਾ ਹੈ। ਇਸ ਲਈ ਜਨਜਾਤੀ ਬੱਚਿਆਂ ਨੂੰ ਮਿਆਰੀ ਭਾਸ਼ਾ ਸਮਝਣ ਵਿੱਚ ਮੁਸ਼ਕਿਲ ਆਉਂਦੀ ਹੈ। ਇਸ ਰੁਕਾਵਟ ਨੂੰ ਦੂਰ ਕਰਨ ਲਈ ਦੋਨੋਂ ਭਾਸ਼ਾਵਾਂ ਸਮਾਨ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਵਿਦਿਆਰਥੀ ਆਪਣੀ ਮਾਂ ਬੋਲੀ ਦੇ ਨਾਲ ਨਾਲ ਰਾਜ ਦੀ ਭਾਸ਼ਾ ਪ੍ਰਤੀ ਵੀ ਜਾਣੂ ਹੋ ਸਕੇ। ਇਸ ਲਈ ਐੱਮਐੱਸਸੀਈਆਰਟੀ ਨੇ ਇਨ੍ਹਾਂ ਬੱਚਿਆਂ

ਲਈ ਕਬਾਇਲੀ ਭਾਸ਼ਾਵਾਂ ਵਿੱਚ ਪਾਠ ਪੁਸਤਕਾਂ ਅਤੇ ਅਧਿਆਪਕਾਂ ਲਈ ਹੈਂਡਬੁੱਕ ਸਿਖਲਾਈ ਸਮੇਤ ਤਿਆਰ ਕੀਤੀਆਂ।

Notes

### 5.3.5.5 ਸਕੂਲ ਤੋਂ ਬਾਹਰ ਦੇ ਬੱਚਿਆਂ ਲਈ ਸਕੀਮਾਂ

ਬਹੁਤ ਸਾਰੇ ਬੱਚੇ ਗਰੀਬੀ ਅਤੇ ਕਈ ਹੋਰ ਕਾਰਨਾਂ ਨਾਲ ਸਕੂਲ ਨਹੀਂ ਆਉਂਦੇ ਅਤੇ ਜੇਕਰ ਆਉਂਦੇ ਵੀ ਹਨ ਤਾਂ ਵਿਚਕਾਰ ਹੀ ਸਕੂਲ ਛੱਡ ਦਿੰਦੇ ਹਨ। ਅਜਿਹੇ ਬੱਚਿਆਂ ਲਈ ਕਈ ਸਕੀਮਾਂ ਚਲਾਈਆਂ ਗਈਆਂ।

• **ਸੇਤੂ ਸਕੂਲ**: ਇਨ੍ਹਾਂ ਸਕੂਲਾਂ ਦਾ ਉਦੇਸ਼ ਉਨ੍ਹਾਂ ਵਿਦਿਆਰਥੀਆਂ ਨੂੰ ਮੁੜ ਸਕੂਲਾਂ ਵਿੱਚ ਦਾਖਲ ਕਰਨਾ ਸੀ ਜੋ ਵਿਚਕਾਰ ਹੀ ਸਕੂਲ ਛੱਡ ਗਏ ਅਤੇ ਜੋ ਕੁਝ ਸਿੱਖਿਆ ਸੀ ਉਸ ਨੂੰ ਲਗਪਗ ਭੁੱਲ ਗਏ। ਅਜਿਹੇ ਬੱਚਿਆਂ ਨੂੰ ਆਪਣੀ ਸਿੱਖਿਆ ਪੂਰੀ ਕਰਨ ਦਾ ਮੁੜ ਅਵਸਰ ਪ੍ਰਦਾਨ ਕਰਨਾ ਸੀ। ਅਜਿਹੇ ਬੱਚਿਆਂ ਨੂੰ ਲਗਪਗ 45 ਦਿਨਾਂ ਤੱਕ ਅਲੱਗ ਤੋਂ ਪੜ੍ਹਾਇਆ ਜਾਂਦਾ ਅਤੇ ਫਿਰ ਉਨ੍ਹਾਂ ਨੂੰ ਨਿਯਮਤ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਵਿੱਚ ਦਾਖਲ ਹੋਣ ਲਈ ਭੇਜ ਦਿੱਤਾ ਜਾਂਦਾ ਸੀ। ਜਿਹੜੇ ਵਿਅਕਤੀ ਇਹ ਸਕੂਲ ਚਲਾਉਂਦੇ ਹਨ, ਐੱਚ ਐੱਸ ਸੀ ਪਾਸ ਹੁੰਦੇ ਹਨ। ਸਰਕਾਰ ਵੀ ਸੇਤੂ ਸਕੂਲ ਅਤੇ ਵਿਦਿਆਰਥੀਆਂ ਦੀ ਲੋੜ ਮੁਤਾਬਕ ਸਿਲੇਬਸ ਤਿਆਰ ਕਰਦੀ ਹੈ।

• **ਇੰਡਸ ਬਾਲ ਮਜ਼ਦੂਰੀ ਪ੍ਰਾਜੈਕਟ**: ਬਹੁਤ ਸਾਰੇ ਅਜਿਹੇ ਬੱਚੇ ਹੁੰਦੇ ਹਨ ਜੋ ਕਿਧਰੇ ਨਾ ਕਿਧਰੇ ਮਜ਼ਦੂਰੀ ਕਰਦੇ ਹਨ ਅਤੇ ਸਕੂਲ ਨਹੀਂ ਜਾਂਦੇ। ਇਸ ਪ੍ਰਾਜੈਕਟ ਦਾ ਉਦੇਸ਼ ਬਾਲ ਮਜ਼ਦੂਰੀ ਦਾ ਖਾਤਮਾ ਕਰਕੇ ਉਨ੍ਹਾਂ ਬੱਚਿਆਂ ਨੂੰ ਸਾਖਰ ਬਣਾਉਣਾ ਸੀ। ਇਸ ਨੂੰ ਮਹਾਰਾਸ਼ਟਰ ਦੇ 5 ਜ਼ਿਲ੍ਹਿਆਂ ਵਿੱਚ ਲਾਗੂ ਕੀਤਾ ਗਿਆ। ਇਹ ਜ਼ਿਲ੍ਹੇ ਸਨ ਗੋਂਡਿਆ, ਅਮਰਾਵਤੀ, ਜਾਲਾਨਾ, ਔਰੰਗਾਬਾਦ ਅਤੇ ਮੁੰਬਈ। ਇਸਦੀ ਜ਼ਿੰਮੇਵਾਰੀ ਕੁਝ ਸਵੈ ਸੇਵੀ ਸੰਸਥਾਵਾਂ ਜਾਂ ਵਿਅਕਤੀਆਂ ਨੂੰ ਦਿੱਤੀ ਗਈ ਜੋ ਥਾਂ-ਥਾਂ ਅਜਿਹੇ ਬੱਚਿਆਂ ਦੀ ਤਲਾਸ਼ ਕਰਦੇ ਸਨ ਜੋ ਫੈਕਟਰੀ, ਉਦਯੋਗਾਂ, ਹੋਟਲਾਂ ਆਦਿ ਵਿੱਚ ਬਾਲ ਮਜ਼ਦੂਰੀ ਕਰਦੇ ਸਨ। ਇਨ੍ਹਾਂ 5-8 ਸਾਲਾਂ ਦੇ ਬੱਚਿਆਂ ਨੂੰ ਨਿਯਮਤ ਸਕੂਲਾਂ ਵਿੱਚ ਦਾਖਲ ਕਰਾਇਆ ਜਾਂਦਾ ਸੀ। 9-13 ਸਾਲਾਂ ਦੀ ਉਮਰ ਦੇ ਬੱਚਿਆਂ ਨੂੰ ਕਿੱਤਾਮੁਖੀ ਸਿਖਲਾਈ ਕੇਂਦਰਾਂ ਵਿੱਚ ਦਾਖਲ ਕਰਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਨਿਯਮਤ ਸਕੂਲਾਂ ਵਿੱਚ ਦਾਖਲ ਹੋਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਜਿੱਥੇ ਉਨ੍ਹਾਂ ਨੂੰ ਵਜ਼ੀਫਾ ਮਿਲਦਾ ਹੈ। 14-17 ਸਾਲ ਦੀ ਉਮਰ ਦੇ ਬੱਚਿਆਂ ਨੂੰ ਪੇਸ਼ੇਵਰ ਸਿਖਲਾਈ ਅਤੇ ਸਿੱਖਿਆ ਜਾਰੀ ਰੱਖਣ ਲਈ ਵਜ਼ੀਫਾ ਦਿੱਤਾ ਜਾਵੇ।

• ਕੇਂਦਰ ਕੇਵਲ ਘੱਟ ਤੋਂ ਘੱਟ 50 ਵਿਦਿਆਰਥੀਆਂ ਨਾਲ ਹੀ ਇਲਾਕੇ ਵਿੱਚ ਖੋਲ੍ਹਿਆ ਜਾਣਾ ਚਾਹੀਦਾ ਹੈ। ਕੇਂਦਰ ਵਿੱਚ ਵਿਭਿੰਨ ਉਮਰ ਵਰਗ ਦੇ ਵਿਦਿਆਰਥੀ ਹੋਣਗੇ ਅਤੇ ਵਿਦਿਆਰਥੀਆਂ ਨੂੰ ਪੜ੍ਹਾਉਣਾ ਆਸਾਨ ਕਰਨ ਲਈ ਸਮੂਹ ਪ੍ਰਣਾਲੀ ਅਪਣਾਈ ਜਾਵੇ। ਇਹ ਮੰਨਿਆ ਜਾਵੇ ਕਿ ਵਿਦਿਆਰਥੀ ਕੰਮ ਕਰਨ ਤੋਂ ਬਾਅਦ ਆ ਰਹੇ ਹਨ ਇਸ ਲਈ ਵਿਭਿੰਨ ਪ੍ਰੋਗਰਾਮਾਂ ਅਤੇ ਵਿਭਿੰਨ ਪੜ੍ਹਾਉਣ ਸਮੱਗਰੀ ਦੀ ਵਰਤੋਂ ਕੀਤੀ ਜਾਵੇ ਤਾਂ ਕਿ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਦਿਲਚਸਪੀ ਨੂੰ ਵਧਾਇਆ ਜਾਵੇ।

• **ਸਾਖਰਸ਼ਾਲਾ**: ਇਹ ਅਜਿਹੇ ਸਕੂਲ ਹੁੰਦੇ ਹਨ ਜੋ ਗੰਨਾ ਕੱਟਣ ਵਾਲਿਆਂ ਦੀ ਬਸਤੀ ਦੇ ਨਜ਼ਦੀਕ ਖੋਲ੍ਹੇ ਜਾਂਦੇ ਹਨ ਜੋ ਉਨ੍ਹਾਂ ਮਜ਼ਦੂਰਾਂ ਦੇ ਬੱਚਿਆਂ ਨੂੰ ਸਾਖਰਤਾ ਪ੍ਰਦਾਨ ਕਰਦੇ ਹਨ। ਕਿਉਂਕਿ ਉਨ੍ਹਾਂ ਦੇ ਮਾਤਾ-ਪਿਤਾ ਗੰਨਾ ਕੱਟਣ ਦੇ ਮੌਸਮ ਵਿੱਚ ਗੰਨਾਂ ਮਿੱਲਾਂ ਦੇ ਕੋਲ ਆ ਕੇ ਡੇਰਾ ਪਾ ਲੈਂਦੇ ਹਨ ਅਤੇ ਉਹ ਕਈ ਮਹੀਨੇ ਉੱਥੇ ਆਪਣੇ ਪਰਿਵਾਰ ਨਾਲ ਰਹਿੰਦੇ ਹਨ। ਇਸ ਲਈ ਅਜਿਹੇ ਬੱਚਿਆਂ ਦੀ ਸਿੱਖਿਆ ਲਈ ਸਾਖਰਸ਼ਾਲਾਵਾਂ ਖੋਲ੍ਹੀਆਂ ਜਾਂਦੀਆਂ ਹਨ ਤਾਂ ਕਿ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਵਿੱਚ ਰੁਕਾਵਟ ਨਾ ਆਵੇ।

Notes

• ਇਨ੍ਹਾਂ ਨੂੰ ਦੂਜਾ ਸਮੈਸਟਰ ਸਕੂਲ ਵੀ ਕਿਹਾ ਜਾਂਦਾ ਹੈ। ਕਿਉਂਕਿ ਸਾਖਰਸ਼ਾਲਾਵਾਂ ਪੂਰਾ ਸਾਲ ਨਹੀਂ ਚਲਦੀਆਂ। ਇਹ ਸਿਰਫ਼ ਸਿੱਖਿਆ ਵਰ੍ਹੇ ਦੇ ਦੂਜੇ ਹਿੱਸੇ ਵਿੱਚ ਹੀ ਚਲਦੀਆਂ ਹਨ।

• **ਕੇਪ ਪ੍ਰਾਜੈਕਟ:** 6–14 ਸਾਲ ਦੀ ਉਮਰ ਦੇ ਸਕੂਲਾਂ ਤੋਂ ਬਾਹਰ ਦੇ ਬੱਚਿਆਂ ਲਈ ਮਹਾਰਾਸ਼ਟਰ ਸਰਕਾਰ ਨੇ 1981 ਵਿੱਚ ਯੂਨੀਸੈਫ ਦੀ ਸਹਾਇਤਾ ਨਾਲ ਇਸ ਪ੍ਰਾਜੈਕਟ ਨੂੰ ਸ਼ੁਰੂ ਕੀਤਾ ਸੀ। ਇਸ ਪ੍ਰਾਜੈਕਟ ਨੂੰ ਸਾਰਿਆਂ ਲਈ ਪ੍ਰਾਇਮਰੀ ਸਿੱਖਿਆ ਕਿਹਾ ਜਾਂਦਾ ਹੈ। ਖੋਲ੍ਹੇ ਗਏ ਸਵੈ ਸਿੱਖਿਆ ਕੇਂਦਰਾਂ ਨੂੰ ਸਿੱਖਿਆ ਕਾਲਜਾਂ ਨਾਲ ਜੋੜਿਆ ਗਿਆ ਹੈ ਜਿੱਥੇ 25–30 ਸਕੂਲ ਛੱਡਣ ਵਾਲੇ ਵਿਦਿਆਰਥੀਆਂ ਨੂੰ ਦਾਖਲ ਕੀਤਾ ਗਿਆ ਅਤੇ ਉਹ ਆਪਣੀ ਸੁਵਿਧਾ ਅਨੁਸਾਰ ਪਾਰਟ ਟਾਈਮ ਸਕੂਲ ਆਉਂਦੇ ਹਨ। ਉੱਥੇ ਸਵੈ ਸਿਖਲਾਈ ਸਹਾਇਤਾ ਹੋਏਗੀ ਜਿਹੜੀ ਪੜ੍ਹਾਈ ਵਿੱਚ ਮਦਦ ਕਰੇਗੀ।

• **ਉਪਚਾਰਕ ਸਿੱਖਿਆ ਕਲਾਸਾਂ:** ਸੇਤੂ ਸਕੂਲਾਂ ਦੇ ਐੱਮ. ਫੁਲੇ ਹਮੀ ਯੋਜਨਾ ਦੇ ਵਿਦਿਆਰਥੀਆਂ ਨੂੰ ਘੱਟ ਇਕਾਗਰਤਾ ਕਾਰਨ ਪੜ੍ਹਾਈ ਤੋਂ ਵਾਂਝਾ ਰਹਿਣਾ ਪੈਂਦਾ ਹੈ। ਇਹ ਕਲਾਸਾਂ ਵਿਦਿਆਰਥੀਆਂ ਨੂੰ ਸਿਖਲਾਈ ਦੇ ਘੱਟ ਤੋਂ ਘੱਟ ਪੱਧਰ ਤੱਕ ਪਹੁੰਚਾਉਣ ਵਿੱਚ ਮਦਦ ਕਰਦੀਆਂ ਹਨ।

• **ਵਸਤੀਸ਼ਾਲਾ:** ਵਸਤੀ ਸਕੂਲ ਜ਼ਿਆਦਾਤਰ ਪ੍ਰਾਇਮਰੀ ਸਕੂਲ ਹਨ ਜੋ ਪਹਾੜੀ ਖੇਤਰਾਂ, ਆਦਿਵਾਸੀ ਖੇਤਰਾਂ ਅਤੇ ਦੂਰ ਦੁਰਾਡੇ ਦੇ ਖੇਤਰਾਂ ਵਿੱਚ ਗੈਰ ਰਸਮੀ ਸਿੱਖਿਆ ਦਿੰਦੇ ਹਨ ਜਿੱਥੋਂ ਇੱਕ ਕਿਲੋਮੀਟਰ ਦੀ ਦੂਰੀ 'ਤੇ ਵੀ ਕੋਈ ਸਕੂਲ ਮੌਜੂਦ ਨਹੀਂ ਹੈ। ਇਨ੍ਹਾਂ ਬੱਚਿਆਂ ਨੂੰ 1–4 ਕਲਾਸਾਂ ਤੱਕ ਦਾ ਪਾਠਕ੍ਰਮ ਸਿੱਖਾਇਆ ਜਾਂਦਾ ਹੈ। ਇੱਕ ਵਸਤੀ ਸਕੂਲ ਚਲਾਉਣ ਲਈ ਗ੍ਰਾਮ ਪੰਚਾਇਤ ਕੋਲ ਘੱਟ ਤੋਂ ਘੱਟ 15 ਬੱਚਿਆਂ ਦਾ ਦਾਖਲਾ ਹੋਣਾ ਲਾਜ਼ਮੀ ਹੈ। ਗ੍ਰਾਮ ਸਿੱਖਿਆ ਕਮੇਟੀ ਯੋਗ ਅਧਿਆਪਕਾਂ ਦਾ ਪ੍ਰਬੰਧ ਕਰਦੀ ਹੈ। ਇਨ੍ਹਾਂ ਅਧਿਆਪਕਾਂ ਨੂੰ 30 ਦਿਨਾਂ ਦੀ ਵਿਸ਼ੇਸ਼ ਸਿਖਲਾਈ ਨਜ਼ਦੀਕੀ ਡਾਇਟ ਪ੍ਰਦਾਨ ਕਰਦੀ ਹੈ। ਸਕੂਲ ਦਾ ਨਿਰੀਖਣ ਨੇੜਲੇ ਪ੍ਰਾਇਮਰੀ ਸਕੂਲ ਦਾ ਪ੍ਰਿੰਸੀਪਲ ਕਰਦਾ ਹੈ।

### 5.3.5.6 ਵਿਸੇਸ਼ ਟੀਚਾ ਸਮੂਹ ਲਈ ਸਕੀਮਾਂ (ਅਪਾਹਜ, ਦੇਵਦਾਸੀ ਬੱਚੀਆਂ ਆਦਿ)

ਵਿਸ਼ੇਸ਼ ਟੀਚਾ ਸਮੂਹ ਵਿੱਚ ਵਿਭਿੰਨ ਸਮਾਜਿਕ ਪੱਧਰਾਂ, ਜਾਤੀਆਂ, ਧਰਮਾਂ ਅਤੇ ਸਿੱਖਿਆ ਰੂਪ ਨਾਲ ਪੱਛੜੇ ਵਰਗਾਂ ਦੇ ਬੱਚੇ ਅਤੇ ਅਪਾਹਜ ਬੱਚੇ ਸ਼ਾਮਲ ਹੁੰਦੇ ਹਨ। ਇਹ ਬੱਚੇ ਕਿਸੇ ਨਾ ਕਿਸੇ ਕਾਰਨ ਆਪਣੀ ਪੜ੍ਹਾਈ (ਪ੍ਰਾਇਮਰੀ ਸਿੱਖਿਆ) ਪੂਰੀ ਨਹੀਂ ਕਰ ਪਾਏ ਹਨ। ਇਸ ਲਈ ਇਨ੍ਹਾਂ ਲਈ ਵਿਸ਼ੇਸ਼ ਪ੍ਰਾਵਧਾਨ ਕੀਤਾ ਜਾਂਦਾ ਹੈ।

• **ਦੇਵਦਾਸੀਆਂ ਦੇ ਬੱਚਿਆਂ ਲਈ ਸਕੀਮਾਂ:** ਦੇਵਦਾਸੀ ਪਰੰਪਰਾ ਸਮਾਜ ਦੀ ਇੱਕ ਨਾਕਾਰਾਤਮਕ ਸਮਾਜਿਕ ਪਰੰਪਰਾ ਹੈ। ਅੰਧ ਵਿਸ਼ਵਾਸ ਕਾਰਨ ਬਹੁਤ ਸਾਰੀਆਂ ਦੇਵਦਾਸੀਆਂ ਸਮਾਜਿਕ ਅਤੇ ਆਰਥਿਕ ਰੂਪ ਵਿੱਚ ਪੱਛੜੀਆਂ ਹੋਈਆਂ ਹਨ। ਇਸ ਲਈ ਉਹ ਆਪਣੇ ਬੱਚਿਆਂ ਨੂੰ ਪੜ੍ਹਾ ਲਿਖਾ ਨਹੀਂ ਸਕਦੀਆਂ। ਇਸ ਲਈ ਬਣੀ ਸਕੀਮ ਵਿੱਚ ਬੱਚਿਆਂ ਨੂੰ ਨਿਮਨਲਿਖਤ ਸੁਵਿਧਾਵਾਂ ਦਿੱਤੀਆਂ ਜਾਂਦੀਆਂ ਹਨ:

– ਪੌਸ਼ਟਿਕ ਭੋਜਨ

– ਹਾਜ਼ਰੀ ਭੱਤਾ

– ਪੁਸਤਕ ਬੈਂਕ ਯੋਜਨਾ

– ਬੋਰਡਿੰਗ ਸਕੂਲ

– ਇਸਤਰੀ ਪ੍ਰਬੋਧਨ ਪ੍ਰੋਗਰਾਮ

– ਮੁਫ਼ਤ ਪਾਸ ਯੋਜਨਾ

• **ਅਪੰਗ ਬੱਚਿਆਂ ਲਈ ਸਿੱਖਿਆ:** ਅਜਿਹੇ ਬੱਚਿਆਂ ਲਈ ਸੰਗਠਿਤ ਸਿੱਖਿਆ ਉਪਲੱਬਧ ਹੁੰਦੀ ਹੈ। ਇਸ ਵਿੱਚ ਮੁਫ਼ਤ ਸਿੱਖਿਆ ਪੱਧਤੀਆਂ ਸ਼ਾਮਲ ਹੁੰਦੀਆਂ ਹਨ ਜਿਨ੍ਹਾਂ ਦੇ ਜ਼ਰੀਏ ਗੈਰ ਰਸਮੀ ਸਿੱਖਿਆ, ਚਲਦੇ ਫਿਰਦੇ ਸਕੂਲ, ਰਸਮੀ ਸਿੱਖਿਆ, ਪਾਰਟ ਟਾਈਮ ਸਿੱਖਿਆ, ਕਿੱਤਾਮੁਖੀ ਸਿੱਖਿਆ ਆਦਿ ਦਿੱਤੀ ਜਾਂਦੀ ਹੈ।

• **ਅਪਾਹਜ ਬੱਚਿਆਂ ਦੀ ਸਿੱਖਿਆ:** ਮਹਾਰਾਸ਼ਟਰ ਸਰਕਾਰ ਨੇ ਅਜਿਹੇ ਬੱਚਿਆਂ ਲਈ ਵਿਸ਼ੇਸ਼ ਸਕੂਲ ਖ਼ੋਲ੍ਹੇ ਹਨ। 1985 ਵਿੱਚ ਮੁੰਬਈ ਵਿੱਚ ਗੂੰਗੇ ਅਤੇ ਬੋਲੇ ਬੱਚਿਆਂ ਲਈ ਸਕੂਲ ਦੀ ਸਥਾਪਨਾ ਕੀਤੀ। ਜਦੋਂ ਇਹ ਬੱਚੇ ਆਮ ਬੱਚਿਆਂ ਦੀ ਤਰ੍ਹਾਂ ਪੜ੍ਹਨਾ ਲਿਖਣਾ ਸਿੱਖ ਜਾਂਦੇ ਹਨ ਤਾਂ ਇਨ੍ਹਾਂ ਨੂੰ ਆਮ ਸਕੂਲਾਂ ਵਿੱਚ ਦਾਖਲ ਕਰਾ ਦਿੱਤਾ ਜਾਂਦਾ ਹੈ। ਇਸ ਨੂੰ ਸੰਗਠਿਤ ਪਹੁੰਚ ਕਹਿੰਦੇ ਹਨ।

**ਗਤੀਵਿਧੀ**–3

ਕਿਉਂਕਿ ਤੁਸੀਂ ਹੁਣ ਇੱਕ ਕੇਸ ਵਜੋਂ ਮਹਾਰਾਸ਼ਟਰ ਵਿਚਲੇ ਤਿੰਨ ਪ੍ਰਾਜੈਕਟਾਂ ਦਾ ਅਧਿਐਨ ਕਰ ਚੁੱਕੇ ਹੋ, ਤੁਸੀਂ ਆਪਣੇ ਰਾਜ ਵਿੱਚ ਚਲ ਰਹੇ ਇਸ ਪ੍ਰਕਾਰ ਦੇ ਪ੍ਰਾਜੈਕਟਾਂ ਦਾ ਪਤਾ ਕਰੋ ਅਤੇ ਇਨ੍ਹਾਂ ਦੀ ਤੁਲਨਾ ਮਹਾਰਾਸ਼ਟਰ ਵਿੱਚ ਚਲਾਏ ਜਾ ਰਹੇ ਪ੍ਰਾਜੈਕਟਾਂ ਨਾਲ ਕਰੋ। ਇਨ੍ਹਾਂ ਦੀ ਸਮਾਨਤਾ ਅਤੇ ਅੰਤਰਾਂ ’ਤੇ ਇੱਕ ਰਿਪੋਰਟ ਤਿਆਰ ਕਰੋ। ਤੁਸੀਂ ਕੀ ਸਮਾਨਤਾਵਾਂ ਤੇ ਅੰਤਰ ਵੇਖੇ ?

Notes

## 5.4 **ਡੀ.ਪੀ.ਈ.ਪੀ. ( ਜ਼ਿਲ੍ਹਾ ਪ੍ਰਾਇਮਰੀ ਸਿੱਖਿਆ ਪ੍ਰਾਜੈਕਟ)**

ਜ਼ਿਲ੍ਹਾ ਪ੍ਰਾਇਮਰੀ ਸਿੱਖਿਆ ਪ੍ਰੋਗਰਾਮ (ਡੀ.ਪੀ.ਈ.ਪੀ.) ਨੂੰ ਰਾਸ਼ਟਰੀ ਪ੍ਰੋਗਰਾਮ, ਰਾਜ ਪੱਧਰ ਦੇ ਪ੍ਰੋਗਰਾਮਾਂ ਅਤੇ ਭਾਰਤ ਵਿੱਚ ਸਿੱਖਿਆ ਦੇ ਖੇਤਰ ਵਿੱਚ ਬਾਹਰੀ ਵਿੱਤ ਪੋਸ਼ਿਤ ਪ੍ਰੋਗਰਾਮ ਦੇ ਨਿਯੋਜਨ ਅਤੇ ਲਾਗੂ ਕਰਨ ਦੀ ਪ੍ਰਕਿਰਿਆ ਵਿੱਚ ਵਿਭਿੰਨ ਅਨੁਭਵਾਂ ਅਤੇ ਮਾਹਰਾਂ ਦੇ ਆਧਾਰ ’ਤੇ ਸੰਕਲਪਿਤ ਕੀਤਾ ਗਿਆ ਹੈ। ਡੀ.ਪੀ.ਈ.ਪੀ. ਵਿਸ਼ਵ ਵਿੱਚ ਸਿੱਖਿਆ ਦੇ ਸਭ ਤੋਂ ਵੱਡੇ ਪ੍ਰਾਜੈਕਟਾਂ ਵਿੱਚੋਂ ਇੱਕ ਹੈ ਜਿਸ ਨੂੰ 1994 ਵਿੱਚ ਸ਼ੁਰੂ ਕੀਤਾ ਗਿਆ ਸੀ। ਇਸ ਦਾ ਉਦੇਸ਼ ਪ੍ਰਾਇਮਰੀ ਸਿੱਖਿਆ ਦਾ ਸਰਬਵਿਆਪੀਕਰਨ ਹੈ। ਇਸ ਲਈ ਸਾਰੇ ਪੱਧਰਾਂ ’ਤੇ ਜ਼ਿਲ੍ਹਾ–ਵਿਸ਼ੇਸ਼ ਯੋਜਨਾ, ਵਿਕੇਂਦਰੀਕਰਨ ਪ੍ਰਬੰਧਨ, ਸਹਿਭਾਗੀ ਵਿਧੀਆਂ, ਸਸ਼ਕਤੀਕਰਨ ਅਤੇ ਸਮਰੱਥਾ ਨਿਰਮਾਣ ’ਤੇ ਜ਼ੋਰ ਦਿੱਤਾ ਗਿਆ ਹੈ। ਪ੍ਰਾਇਮਰੀ ਸਿੱਖਿਆ ਪ੍ਰਣਾਲੀ ਨੂੰ ਮੁੜ ਸ਼ਕਤੀ ਪ੍ਰਦਾਨ ਕਰਨਾ ਅਤੇ ਉੱਚ ਪ੍ਰਾਇਮਰੀ ਸਿੱਖਿਆ ਦੇ ਉਦੇਸ਼ਾਂ ਦੀ ਪ੍ਰਾਪਤੀ ਕਰਨਾ ਇਸ ਪ੍ਰੋਗਰਾਮ ਦੀ ਮੁੱਖ ਪਹਿਲ ਹੈ।

Notes

ਡੀ.ਪੀ.ਈ.ਪੀ. (ਫੇਜ਼ 1) ਪ੍ਰਾਜੈਕਟ ਕੇਂਦਰ ਸਰਕਾਰ ਦੀ ਯੋਜਨਾ ਹੈ ਜਿਸ ਨੂੰ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਪੰਜ ਰਾਜਾਂ ਵਿੱਚ ਚਲਾਇਆ ਗਿਆ। ਬਾਅਦ ਵਿੱਚ ਇਸ ਦਾ ਵਿਸਥਾਰ ਹੋਰ ਰਾਜਾਂ ਤੱਕ ਕਰ ਦਿੱਤਾ ਗਿਆ। ਇਸ ਤਹਿਤ ਪ੍ਰਾਜੈਕਟ ਸ਼ੁਰੂ ਕਰਨ ਲਈ ਹਰੇਕ ਰਾਜ ਨੂੰ ਪੰਜ ਜ਼ਿਲ੍ਹੇ ਚੁਣਨੇ ਹੁੰਦੇ ਹਨ। ਉਹ ਜ਼ਿਲ੍ਹੇ ਅਜਿਹੇ ਹੋਣੇ ਚਾਹੀਦੇ ਹਨ ਜੋ ਸਭ ਤੋਂ ਜ਼ਿਆਦਾ ਪੱਛੜੇ ਹੋਣ ਅਤੇ ਜਿੱਥੇ ਮਹਿਲਾ ਸਿੱਖਿਆ ਰਾਸ਼ਟਰੀ ਅਨੁਪਾਤ ਤੋਂ ਹੇਠ ਹੋਵੇ ਅਤੇ ਜਿੱਥੇ ਟੀਐੱਲਸੀ (ਸਮੁੱਚਾ ਸਾਖਰਤਾ ਅਭਿਆਨ) ਸਫਲ ਰਿਹਾ ਹੋਵੇ ਅਤੇ ਜਿਸ ਦੇ ਸਿੱਟੇ ਵਜੋਂ ਪ੍ਰਾਇਮਰੀ ਸਿੱਖਿਆ ਦੀ ਮੰਗ ਵਧੀ ਹੋਵੇ।

### 5.4.1 ਡੀਪੀਈਪੀ ਦੇ ਉਦੇਸ਼

ਡੀਪੀਈਪੀ ਨੇ ਦਸਤਾਵੇਜ਼ ਵਿੱਚ ਉਦੇਸ਼ਾਂ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ।

ਇਸ ਪ੍ਰਾਜੈਕਟ ਦੇ ਕੁਝ ਮੁੱਖ ਉਦੇਸ਼ ਨਿਮਨਲਿਖਤ ਹਨ:

- ਰਸਮੀ ਅਤੇ ਗੈਰ ਰਸਮੀ ਸਿੱਖਿਆ ਦੇ ਜ਼ਰੀਏ 6 ਤੋਂ 14 ਸਾਲ ਉਮਰ ਵਰਗ ਦੇ ਬੱਚਿਆਂ ਲਈ ਸਿੱਖਿਆ ਦੀ 100 ਪ੍ਰਤੀਸ਼ਤ ਪਹੁੰਚ
- 100 ਪ੍ਰਤੀਸ਼ਤ ਦਾਖਲਾ ਅਤੇ ਧਾਰਨਾ
- ਪ੍ਰਮਾਣਿਕ ਸਿੱਖਿਆ ਰਾਹੀਂ ਬੱਚਿਆਂ ਨੂੰ ਸਿੱਖਿਆ ਦੇ ਨਿਊਨਤਮ ਪੱਧਰ ਨੂੰ ਜ਼ਰੂਰ ਗ੍ਰਹਿਣ ਕਰਨਾ।
- ਪਹੁੰਚ ਦੇ ਘੱਟੋ ਘੱਟ ਪੱਧਰਾਂ ਦੀ ਪ੍ਰਾਪਤੀ
- ਸਕੂਲਾਂ ਵਿੱਚ ਖੜੋਤ ਅਤੇ ਡਰਾਪ ਆਊਟ 'ਤੇ ਨਿਯੰਤਰਣ ਪਾਉਣਾ
- ਅਧਿਆਪਕਾਂ ਅਤੇ ਸਮਾਜ ਦਾ ਸਮਰੱਥਾ ਨਿਰਮਾਣ-ਜ਼ਿਆਦਾ ਤੋਂ ਜ਼ਿਆਦਾ ਵਿਕੇਂਦਰੀਕਰਨ ਅਤੇ ਸਮੁਦਾਏ ਸਹਿਭਾਗਤਾ
- ਸਮਾਜ ਦੇ ਹਰੇਕ ਹਿੱਸੇ ਨਾਲ ਦਾਖਲੇ ਵਿੱਚ ਵਾਧਾ ਕਰਨਾ

### 5.4.2 ਡੀਪੀਈਪੀ ਦੇ ਮੁੱਖ ਹਿੱਸੇ

ਇਸ ਪ੍ਰਾਜੈਕਟ ਦੇ ਮੁੱਖ ਚਾਰ ਹਿੱਸੇ ਹਨ:

- **ਸਿਵਲ ਕਾਰਜ**: ਨਵੇਂ ਸਕੂਲਾਂ ਦਾ ਨਿਰਮਾਣ ਜਿਸ ਵਿੱਚ ਘੱਟ ਤੋਂ ਘੱਟ 2 ਕਲਾਸ ਰੂਮ ਅਤੇ ਇੱਕ ਵਰਾਂਡਾ ਹੋਵੇ। ਨਵੇਂ ਕਮਰੇ ਜੋੜਨੇ ਜਿੱਥੇ ਪਹਿਲਾਂ ਤੋਂ 1 ਤੋਂ 5 ਕਲਾਸਾਂ ਤੱਕ ਦੀਆਂ ਕਲਾਸਾਂ ਚੱਲ ਰਹੀਆਂ ਹੋਣ। ਪਖਾਨੇ, ਸਕੂਲ ਦੀ ਮੁਰੰਮਤ, ਅਧਿਆਪਕਾਂ ਲਈ ਰਿਹਾਇਸ਼ ਅਤੇ ਮਹਿਲਾ ਹੋਸਟਲਾਂ ਦਾ ਨਿਰਮਾਣ ਕਰਾਉਣਾ।
- **ਪ੍ਰੋਗਰਾਮ**: ਬੱਚਿਆਂ ਨੂੰ ਸਕੂਲੀ ਸਹੂਲਤਾਂ ਉਪਲੱਬਧ ਕਰਨ ਲਈ ਕਈ ਵਿਕਲਪਿਕ ਪਹੁੰਚਾਂ ਜਿਹੜੀਆਂ ਸਿੱਖਿਆ ਦੀ ਰਸਮੀ ਪ੍ਰਣਾਲੀ ਅਧੀਨ ਲਿਆਂਦੀਆਂ ਨਹੀਂ ਜਾ ਸਕੀਆਂ, ਨੂੰ ਲਾਗੂ ਕੀਤਾ ਜਾ ਰਿਹਾ ਹੈ। ਪ੍ਰੋਗਰਾਮ ਵਿੱਚ ਡੀਪੀਈਪੀ ਕਾਰਗੁਜ਼ਾਰੀਆਂ ਲਾਜ਼ਮੀ ਤੱਤ ਹਨ।
- **ਪ੍ਰਬੰਧਨ**: ਡੀਪੀਈਪੀ ਪ੍ਰੋਗਰਾਮ ਦੇ ਬਿਹਤਰ ਢੰਗ ਨਾਲ ਲਾਗੂ ਕਰਨ, ਕਾਰਗੁਜ਼ਾਰੀਆਂ ਨੂੰ ਨੇੜਿਓਂ ਗੌਰ ਕਰਨ ਲਈ ਮਦਦ ਕਰਨ ਵਾਸਤੇ ਇੱਕ ਪ੍ਰਬੰਧਕ ਸੂਚਨਾ ਪ੍ਰਣਾਲੀ ਦਾ ਵਿਕਾਸ ਕਰਕੇ ਅਤੇ ਫੰਡਾਂ ਦੇ ਤੇਜ਼ੀ ਨਾਲ ਪ੍ਰਵਾਹ ਲਈ ਵਿਸ਼ਿਸ਼ਟ ਪ੍ਰਬੰਧਕ ਢਾਂਚੇ ਦਾ ਚਿਤਰਣ ਕਰਨਾ। ਇਨ੍ਹਾਂ ਸੰਰਚਨਾਵਾਂ 'ਤੇ ਰਾਸ਼ਟਰੀ, ਰਾਜ ਅਤੇ ਜ਼ਿਲ੍ਹਾ ਪੱਧਰ 'ਤੇ ਵਿਚਾਰ ਕੀਤਾ

ਜਾਂਦਾ ਹੈ। ਇਹ ਨਵੀਆਂ ਸੰਰਚਨਾਵਾਂ ਜ਼ਿਲ੍ਹਾ ਯੋਜਨਾਵਾਂ ਪ੍ਰਤੀ ਸਹਾਇਕ ਹਨ ਅਤੇ ਪ੍ਰਾਜੈਕਟ ਦੇ ਸਮੇਂ ਦੇ ਅੰਤ ਤੱਕ ਮੌਜੂਦਾ ਸੰਗਠਨਾਤਮਕ ਵਿਵਸਥਾਵਾਂ ਨਾਲ ਮੇਲ ਕਰਦੀਆਂ ਮੰਨਿਆ ਜਾਂਦਾ ਹੈ।

Notes

• **ਸਕੂਲ ਮੈਪਿੰਗ ਅਤੇ ਸੂਖਮ ਪੱਧਰੀ ਯੋਜਨਾ ਬਣਾਉਣਾ**: ਇਸ ਦਾ ਉਦੇਸ਼ ਦਾਖਲੇ ਵਿੱਚ ਆਉਣ ਵਾਲੀਆਂ ਰੁਕਾਵਟਾਂ ਦਾ ਪਤਾ ਕਰਨਾ ਅਤੇ ਸਮੁਦਾਏ ਦੀ ਪ੍ਰਾਇਮਰੀ ਸਿੱਖਿਆ ਵਿੱਚ ਸਹਿਭਾਗਤਾ ਸੁਨਿਸ਼ਚਿਤ ਕਰਨਾ ਹੈ।ਸੂਖਮ ਯੋਜਨਾ ਤਹਿਤ ਗ੍ਰਾਮ ਸਿੱਖਿਆ ਕਮੇਟੀ ਦੇ ਕਾਰਜ ਨੂੰ ਸਥੂਲ ਰੂਪ ਦੇ ਕੇ ਜਵਾਬਦੇਹੀ ਨਿਰਧਾਰਤ ਕਰਨਾ ਹੈ। ਇਹ ਗ੍ਰਾਮ ਸਿੱਖਿਆ ਕਮੇਟੀ ਪਿੰਡ ਦੀ ਸਿੱਖਿਆ ਵਿਵਸਥਾ 'ਤੇ ਨਜ਼ਰ ਰੱਖਦੀ ਹੈ ਅਤੇ ਦਾਖਲੇ ਅਤੇ ਉਨ੍ਹਾਂ ਨੂੰ ਕਾਇਮ ਰੱਖਣ ਦੀ ਪ੍ਰਗਤੀ ਵਿੱਚ ਯੋਗਦਾਨ ਪਾਉਂਦੀਆਂ ਹਨ।

### 5.4.3 **ਡੀਪੀਈਪੀ ਨੂੰ ਲਾਗੂ ਕਰਨ ਦੀ ਯੋਜਨਾ**

ਰਾਸ਼ਟਰੀ ਸੰਸਥਾਵਾਂ ਵੱਲੋਂ ਰਾਜ ਅਤੇ ਜ਼ਿਲ੍ਹਾ ਪੱਧਰ ਤੱਕ ਪੇਸ਼ੇਵਰ ਸਮਰਥਨ ਪ੍ਰਦਾਨ ਕਰਨ ਦੇ ਜ਼ਰੀਏ ਵਿਕੇਂਦਰੀਕਰਨ ਯੋਜਨਾ ਉਪਰਾਲਿਆਂ ਦੀ ਸ਼ੁਰੂਆਤ ਕੀਤੀ ਗਈ ਹੈ।ਡੀਪੀਈਪੀ ਦੀ ਤਰਫ਼ ਨਿਮਨਲਿਖਤ ਪੜਾਵਾਂ ਜ਼ਰੀਏ ਵਿਕੇਂਦਰੀਕਰਨ ਦੀ ਧਾਰਨਾ ਨੂੰ ਮੂਰਤ ਰੂਪ ਦੇਣ ਦਾ ਇਹ ਇੱਕ ਗੰਭੀਰ ਉਪਰਾਲਾ ਸੀ:

• ਇਸ ਪ੍ਰੋਗਰਾਮ ਤਹਿਤ ਵਿਕੇਂਦਰੀਕਰਨ ਸਿੱਖਿਆ ਪ੍ਰਬੰਧ ਨੂੰ ਸ਼ੁਰੂ ਕਰਨ ਲਈ ਜ਼ਿਲ੍ਹੇ ਨੂੰ ਇੱਕ ਇਕਾਈ ਮੰਨਿਆ ਗਿਆ।

• ਇਸ ਤਹਿਤ ਸਰੋਤ ਸਬੰਧੀ ਫੈਸਲਾ ਲੈਣ ਦੇ ਰੂਪ ਨੂੰ ਰਾਜ ਪੱਧਰ ਤੋਂ ਸਥਾਨਕ ਪੱਧਰਾਂ 'ਤੇ ਲਿਆਉਣ ਦੀ ਕੋਸ਼ਿਸ਼ ਕੀਤੀ ਗਈ।

• ਇਸ ਪ੍ਰੋਗਰਾਮ ਤਹਿਤ ਆਯੋਜਨ ਪ੍ਰਕਿਰਿਆ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਕਿ ਉਹ ਜ਼ਿਆਦਾ ਸਲਾਹਕਾਰੀ, ਸਹਿਭਾਗਤਾ ਪੂਰਨ ਅਤੇ ਪਾਰਦਰਸ਼ੀ ਹੋ ਸਕੇ।

• ਇਸ ਤਹਿਤ ਨਵੀਆਂ ਸੰਗਠਨਾਤਮਕ ਵਿਵਸਥਾਵਾਂ ਜਿਵੇਂ ਬੀ.ਆਰ.ਸੀ. ਅਤੇ ਸੀ.ਆਰ.ਸੀ. ਦੇ ਜ਼ਰੀਏ ਸਿੱਖਿਆ ਗਤੀਵਿਧੀਆਂ ਨੂੰ ਪੇਸ਼ੇਵਰ ਸਰੋਤ ਸਹਾਇਤਾ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਗਈ।

• ਇਸ ਤਹਿਤ ਹਰੇਕ ਸਕੂਲ ਨੂੰ 2000 ਰੁਪਏ ਸਾਲਾਨਾ ਅਤੇ ਹਰੇਕ ਅਧਿਆਪਕ ਨੂੰ 500 ਰੁਪਏ ਸਾਲਾਨਾ  ਅਨੁਦਾਨ ਦਿੱਤਾ ਜਾਂਦਾ ਹੈ।

• ਆਯੋਜਨ ਪ੍ਰਕਿਰਿਆ ਦੇ ਜ਼ਰੀਏ ਜ਼ਿਲ੍ਹਾ ਅਤੇ ਉਪ ਜ਼ਿਲ੍ਹਾ ਪੱਧਰਾਂ 'ਤੇ ਸਥਾਨਕ ਸਮਰੱਥਾ ਦਾ ਵਿਕਾਸ ਕਰਨ ਦੀ ਕੋਸ਼ਿਸ਼ ਕੀਤੀ ਗਈ।

### 5.4.4 **ਰਣਨੀਤੀਆਂ ਅਤੇ ਗਤੀਵਿਧੀਆਂ**

• **ਪਹੁੰਚ**: ਦੂਰ ਦੁਰਾਡੇ ਦੇ ਕਬਾਇਲੀ ਖੇਤਰਾਂ ਵਿੱਚ ਨਵੇਂ ਐੱਲ.ਪੀ. ਸਕੂਲ ਖੋਲ੍ਹਣੇ,  ਅਜਿਹੇ ਇਲਾਕਿਆਂ ਵਿੱਚ ਸ਼੍ਰੇਣੀ ਪਹੁੰਚ ਕੇਂਦਰ ਅਤੇ ਵਿਕਲਪਿਕ ਸਕੂਲ ਖੋਲ੍ਹਣੇ ਜਿਸ ਨਾਲ ਪ੍ਰਾਇਮਰੀ ਸਿੱਖਿਆ ਦੀ ਪਹੁੰਚ ਵਧ ਸਕੇ।

• **ਕਬਾਇਲੀ ਅਤੇ ਤੱਟਵਰਤੀ ਵਾਸੀਆਂ ਲਈ ਸਿੱਖਿਆ**: ਪੰਚਾਇਤ ਅਤੇ ਸਵੈਸੇਵੀ ਸੰਸਥਾਵਾਂ ਅਤੇ ਵਿਅਕਤੀਆਂ ਵੱਲੋਂ ਦਾਖਲਾ ਮੁਹਿੰਮ, ਜਾਗਰੂਕਤਾ ਪ੍ਰੋਗਰਾਮ ਅਤੇ ਕਬਾਇਲੀ ਅਤੇ ਤੱਟਵਰਤੀ ਵਿਦਿਆਰਥੀਆਂ ਨੂੰ ਮੁਫ਼ਤ ਪਾਠ ਪੁਸਤਕਾਂ ਦੇਣਾ।

• **ਗੁਣਵੱਤਾ ਸੁਧਾਰ**: ਗਤੀਵਿਧੀ ਆਧਾਰਿਤ ਸਿੱਖਿਆ ਸ਼ਾਸਤਰ ਰਾਹੀਂ ਅਧਿਆਪਕਾਂ ਦੀ ਸਿਖਲਾਈ।

Notes

ਬੀਆਰਸੀ ਸਿਖਲਾਈ ਅਤੇ ਅਧਿਆਪਕਾਂ ਦੀਆਂ ਮਹੀਨਾਵਾਰੀ ਕਲੱਸ਼ਟਰ ਮੀਟਿੰਗਾਂ, ਸਮਰੱਥ ਐੱਸਸੀ/ਐੱਸਟੀ ਉਮੀਦਵਾਰਾਂ ਲਈ ਟੀਟੀਸੀ ਸਿਖਲਾਈ, ਅਧਿਆਪਕਾਂ ਲਈ ਸਹਾਇਤਾ ਸਮੱਗਰੀ ਜਿਵੇਂ ਕਿਤਾਬਾਂ, ਗਤੀਵਿਧੀ ਬੈਂਕ ਆਦਿ ਦੀ ਸਪਲਾਈ, ਮਹੀਨਾਵਾਰੀ ਅਧਿਆਪਕ ਮਾਪੇ ਮੀਟਿੰਗਾਂ ਅਤੇ ਸਾਹਾਵਾਸਾ ਕੈਂਪਾਂ ਰਾਹੀਂ ਅਧਿਆਪਕਾਂ ਦੀ ਔਨਸਾਈਟ ਸਹਾਇਤਾ।

• **ਸਮੁਦਾਏ ਮੇਲ ਜੋਲ**: ਗ੍ਰਾਮ ਸਿੱਖਿਆ ਕਮੇਟੀ ਦਾ ਨਿਰਮਾਣ ਅਤੇ ਪੰਚਾਇਤ ਨਿਗਰਾਨੀ ਸੈੱਲ (ਪੀਐੱਮਸੀ), ਉਨ੍ਹਾਂ ਨੂੰ ਸਿਖਲਾਈ ਅਤੇ ਮਾਪਿਆਂ ਦੀ ਓਰੀਐਂਟੇਸ਼ਨ।

• **ਖੋਜ ਅਤੇ ਮੁਲਾਂਕਣ**: ਕਿਰਿਆਤਮਕ ਖੋਜ, ਬਲਾਕ ਸਰੋਤ ਕੇਂਦਰ ਅਤੇ ਜ਼ਿਲ੍ਹਾ ਪੱਧਰ ’ਤੇ ਅਧਿਐਨ ਕੇਂਦਰ।

• **ਯੋਜਨਾ ਅਤੇ ਪ੍ਰਬੰਧਨ**: ਸਕੂਲ ਆਧਾਰਿਤ ਯੋਜਨਾ ਲਈ ਯੋਜਨਾ ਬਣਾਉਣੀ, ਸਾਲਾਨਾ ਯੋਜਨਾ ਤਿਆਰ ਕਰਨੀ ਜਿਸ ਲਈ ਬਲਾਕ ਸਲਾਹਕਾਰ ਕਮੇਟੀ, ਜ਼ਿਲ੍ਹਾ ਸਲਾਹਕਾਰ ਕਮੇਟੀ ਅਤੇ ਜ਼ਿਲ੍ਹਾ ਲਾਗੂ ਕਰਨ ਕਮੇਟੀ ਦੀਆਂ ਬੈਠਕਾਂ ਬੁਲਾਈਆਂ ਜਾਣ।

• **ਅਪਾਹਜ ਬੱਚਿਆਂ ਦੀ ਪਛਾਣ ਅਤੇ ਉਨ੍ਹਾਂ ਦੀ ਸਿੱਖਿਆ (ਆਈਈਡੀਸੀ) ਦਾ ਪ੍ਰਬੰਧ**: ਇਸ ਲਈ ਅਧਿਆਪਕਾਂ ਨੂੰ ਵਿਸ਼ੇਸ਼ ਸਿਖਲਾਈ, ਲੋੜੀਂਦੇ ਉਪਕਰਨ ਅਤੇ ਹੋਰ ਸਹਾਇਕ ਸਮੱਗਰੀ ਪ੍ਰਦਾਨ ਕਰਨੀ, ਮਾਪਿਆਂ ਅਤੇ ਲੋਕ ਪ੍ਰਤੀਨਿਧੀਆਂ ਦੀ ਓਰੀਐਂਟੇਸ਼ਨ ਕਰਨੀ।

• **ਲੜਕੀਆਂ ਦੀ ਸਿੱਖਿਆ ਨੂੰ ਤਰਜੀਹ**: ਮੁਫ਼ਤ ਪੁਸਤਕਾਂ ਪ੍ਰਬੋਧਨ ਪ੍ਰੋਗਰਾਮ ਅਤੇ ਜਾਗਰੂਕਤਾ ਪ੍ਰੋਗਰਾਮ ਅਤੇ ਅਧਿਆਪਕ ਸੰਵੇਦਨਸ਼ੀਲਤਾ ਪ੍ਰੋਗਰਾਮ।

• **ਵਿਸਥਾਰ ਸਿੱਖਿਆ**: ਟੈਲੀਕਾਨਫਰੰਸਿੰਗ ਅਤੇ ਵਿਸਥਾਰ ਸਿੱਖਿਆ ਸਮੱਗਰੀ ਦੀ ਸਪਲਾਈ।

• **ਮੀਡੀਆ**: ਜ਼ਿਲ੍ਹਾ ਅਤੇ ਬਲਾਕ ਪੱਧਰ ਅਤੇ ਜ਼ਿਲ੍ਹਾ ਅਤੇ ਪੰਚਾਇਤ ਪੱਧਰ ਪ੍ਰਦਰਸ਼ਨੀਆਂ ’ਤੇ ਨਿਊਜ਼ਲੈਟਰਾਂ ਦਾ ਪ੍ਰਕਾਸ਼ਨ।

• **ਪ੍ਰਬੰਧਨ ਸੂਚਨਾ ਪ੍ਰਣਾਲੀ (ਐੱਮਆਈਐੱਸ)**: ਸਾਰੇ ਡੀਪੀਈਪੀ ਦੇ ਜ਼ਿਲ੍ਹਾ ਕੇਂਦਰਾਂ ਅਤੇ ਰਾਜ ਪ੍ਰਾਜੈਕਟ ਦਫ਼ਤਰਾਂ ਵਿੱਚ ਕੰਪਿਊਟਰ ਅਤੇ ਡਾਇਲ ਅਪ ਦੀ ਪੂਰਤੀ ਕਰਨੀ ਅਤੇ ਇਸ ਦੇ ਕੰਪਿਊਟਰ ਪ੍ਰੋਗਰਾਮਰਾਂ ਦੀ ਨਿਯੁਕਤੀ ਆਦਿ ਸ਼ਾਮਲ ਹੈ। ਹਰ ਸਾਲ ਐੱਮਆਈਐੱਸ ਸਕੂਲ ਅੰਕੜਾ ਆਧਾਰ ਨੂੰ ਅਪਡੇਟ ਕਰਦਾ ਹੈ। ਹਰ ਮਹੀਨੇ ਐੱਮਆਈਐੱਸ ਐੱਸਓਈ (ਖਰਚ ਦਾ ਬਿਓਰਾ) ਵਿਕਸਤ ਕਰਦਾ ਹੈ ਅਤੇ ਇਸ ਨੂੰ ਐੱਸਪੀਓ (ਰਾਜ ਪ੍ਰਾਜੈਕਟ ਦਫ਼ਤਰ) ਨੂੰ ਭੇਜਦਾ ਹੈ।

• **ਪਿੰਡ ਸਿੱਖਿਆ ਰਜਿਸਟਰ ਅਤੇ ਬਰਕਰਾਰ ਰਜਿਸਟਰ**: ਇਹ ਉਹ ਰਜਿਸਟਰ ਹੈ ਜੋ ਪਿੰਡ ਦੇ ਸਾਰੇ ਪਰਿਵਾਰਾਂ ਦੇ ਹਰ ਲੜਕੇ ਅਤੇ ਲੜਕੀ ਦੀ ਸਿੱਖਿਆ ਸਥਿਤੀ ਬਾਰੇ ਜਾਣਕਾਰੀ ਦਿੰਦਾ ਹੈ ਅਤੇ ਬਰਕਰਾਰ ਰੱਖਣਾ ਰਜਿਸਟਰ ਅਸਲ ਵਿੱਚ ਸਕੂਲ ਅਤੇ ਕਲਾਸ ਦਾ ਬਰਕਰਾਰ ਰਿਕਾਰਡ ਰੱਖਦਾ ਹੈ ਕਿ ਕਿੰਨੇ ਬੱਚਿਆਂ ਨੇ ਪੜ੍ਹਾਈ ਜਾਰੀ ਰੱਖੀ ਅਤੇ ਕਿੰਨੇ ਛੱਡ ਚੁੱਕੇ ਹਨ।

### 5.4.5 ਪ੍ਰੋਗਰਾਮ ਦਾ ਯੂਈਈ ’ਤੇ ਪ੍ਰਭਾਵ

ਇਹ ਪ੍ਰੋਗਰਾਮ ਮਿਸ਼ਨ ਮੋਡ ਵਿੱਚ ਚਲਾਇਆ ਗਿਆ ਹੈ। ਐੱਨਐੱਲਐੱਮਏ ਦੀ ਤਰਜ਼ ’ਤੇ ਰਾਸ਼ਟਰੀ ਪ੍ਰਬੰਧਨ ਸੰਰਚਨਾ ਸਥਾਪਿਤ ਕੀਤੀ ਗਈ ਹੈ ਜੋ ਸਮੁੱਚੇ ਦੇਸ਼ ਵਿੱਚ ਪ੍ਰੋਗਰਾਮ ਨੂੰ ਲਾਗੂ ਕਰਨ ਦੀ ਦੇਖਰੇਖ ਕਰੇਗਾ ਅਤੇ ਡੀਪੀਈਪੀ ਜ਼ਿਲ੍ਹਿਆਂ ਵਿੱਚ ਪਹੁੰਚ ਅਤੇ ਧਾਰਨ ਦਾ ਅੰਦਾਜ਼ਾ ਲਗਾਉਣ ਲਈ ਚੋਣਵੇਂ ਰਾਜਾਂ ਵਿੱਚ ਡੀਪੀਈਪੀ ਦੇ ਪ੍ਰਦਰਸ਼ਨ ਦੀ ਤੁਲਨਾ ਕਰਨ ਲਈ ਸਥਿਤੀ ਪੂਰਬਕ ਵਿਸ਼ਲੇਸ਼ਣ ਕੀਤਾ ਗਿਆ ਹੈ। ਇਹ ਵਿਸ਼ਲੇਸ਼ਣ ਸਿੱਖਿਆ ਦੇ ਰਾਜ ਡਾਇਰੈਕਟੋਰੇਟ ਅਤੇ ਡੀਪੀਈਪੀ ਤਹਿਤ ਸਥਾਪਿਤ ਈਐੱਮਆਈਐੱਸ ਨਾਲ ਪ੍ਰਾਪਤ ਅੰਕੜਿਆਂ ਦੇ ਜ਼ਰੀਏ ਸਰੋਤਾਂ ’ਤੇ ਆਧਾਰਿਤ ਸੀ।

ਇਸ ਵਿੱਚ ਹੇਠ ਲਿਖੇ ਮੁਲਾਂਕਣ ਦੀ ਜਾਂਚ ਕੀਤੀ ਗਈ

**ਕਵਰੇਜ਼**

• ਕਵਰ ਕੀਤੇ ਜ਼ਿਲ੍ਹੇ-219 (248 ਵੰਡੇ ਜ਼ਿਲ੍ਹਿਆਂ ਦੇ ਨਾਲ)

-ਫੇਜ਼ 1 (1994-ਸਤੰਬਰ, 2001) 42

- ਫੇਜ਼ 2 (1996-ਦਸੰਬਰ, 2002) 80

- ਫੇਜ਼ 3 (1998- ਮਾਰਚ, 2003) 27

- ਹੋਰ ਫੇਜ਼ 70

ਕਵਰ ਕੀਤੇ ਰਾਜ 18

**ਸਕੂਲ**

• ਪ੍ਰਣਾਲੀ ਵਿੱਚ ਸਕੂਲ 3,75,000

• ਨਵੇਂ ਸ਼ਾਮਲ ਸਕੂਲ 10,000

**ਵਿਦਿਆਰਥੀ ਅਤੇ ਅਧਿਆਪਕ**

• ਪ੍ਰਣਾਲੀ ਵਿੱਚ ਵਿਦਿਆਰਥੀ 513 ਲੱਖ

• ਅਧਿਆਪਕਾਂ ਦੀ ਕੁੱਲ ਸੰਖਿਆ 11 ਲੱਖ

**ਈਸੀਈ**

• ਸਥਾਪਿਤ ਕੀਤੇ ਈਸੀਈ ਕੇਂਦਰ 56,124

• ਕਵਰ ਕੀਤੇ ਬੱਚੇ 21 ਲੱਖ

**ਬਦਲਵੇਂ ਸਕੂਲ (ਏਐੱਸ)**

• ਸਥਾਪਿਤ ਕੀਤੇ ਏਐੱਸ ਕੇਂਦਰ 56,124

• ਕਵਰ ਕੀਤੇ ਬੱਚੇ 21 ਲੱਖ

**ਦਾਖਲਾ**

ਜੀਈਆਰ* (ਈਜੀਐੱਸ ਅਤੇ ਏਐੱਸ ਵਿੱਚ ਦਾਖਲੇ ਸਮੇਤ) 102%*

ਐੱਨਈਆਰ* (ਈਜੀਐੱਸ ਅਤੇ ਏਐੱਸ ਵਿੱਚ ਦਾਖਲੇ ਸਮੇਤ) 90%*

*ਨੋਟ: ਜੀਈਆਰ ਅਤੇ ਐੱਨਈਆਰ ਨੂੰ ਜੋੜਨ ਦਾ ਫਾਰਮੂਲਾ ਇਕਾਈ ਦੇ ਅੰਤ ਵਿੱਚ ਦਿੱਤਾ ਗਿਆ ਹੈ।

(ਸਰੋਤ: ਡੀਪੀਈਪੀ ਫੈਕਟ ਸ਼ੀਟ, ਡੀਪੀਈਪੀ ਕਾਲਿੰਗ, ਭਾਗ 6, ਨੰਬਰ 11)

5.5 ਸਿੱਟਾ

Notes

Notes

ਭਾਰਤ ਦਾ ਸਿੱਖਿਆ ਤੰਤਰ ਜ਼ਿਆਦਾ ਵਿਸ਼ਾਲ ਹੈ। ਇਸ ਵਿੱਚ ਕੁੱਲ 300 ਮਿਲੀਅਨ ਵਿਦਿਆਰਥੀ ਅਤੇ 6.5 ਮਿਲੀਅਨ ਅਧਿਆਪਕ ਹਨ। ਜਿਹੜਾ ਕਿ ਇਸਨੂੰ ਸੰਸਾਰ ਦਾ ਸਭ ਤੋਂ ਵੱਡਾ ਦੇਸ਼ ਬਣਾ ਸਕਦਾ ਹੈ ਜਿਸਦੀ 2011 ਵਿੱਚ 121 ਬਿਲੀਅਨ ਆਬਾਦੀ ਹੈ। ਦਾਖਲਾ ਲਗਪਗ 100 ਪ੍ਰਤੀਸ਼ਤ ਹੈ, 120 ਮਿਲੀਅਨ ਬੱਚਿਆਂ ਨੂੰ ਮਿਡ-ਡੇ-ਮੀਲ ਦਿੱਤਾ ਜਾਂਦਾ ਹੈ। ਸਾਖਰਤਾ ਦਰ 2001 ਦੀ ਤੁਲਨਾ ਵਿੱਚ 65 ਪ੍ਰਤੀਸ਼ਤ ਤੋਂ ਵਧ ਕੇ 75 ਪ੍ਰਤੀਸ਼ਤ ਹੋ ਗਈ। ਸਿੱਖਿਆ ਨੂੰ ਇੱਕ ਚੰਗੇ ਜੀਵਨ ਦਾ ਦੁਆਰ ਸਮਝਿਆ ਜਾਣ ਲੱਗਿਆ ਹੈ।

ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਦੇ ਟੀਚਿਆਂ ਦੀ ਪ੍ਰਾਪਤੀ ਲਈ ਵਿਭਿੰਨ ਪ੍ਰਾਜੈਕਟਾਂ ਜ਼ਰੀਏ ਵਿਭਿੰਨ ਰਣਨੀਤੀਆਂ ਸੁਝਾਈਆਂ ਗਈਆਂ ਹਨ। ਇਹ ਪ੍ਰਾਜੈਕਟ ਹਨ: ਉੱਤਰ ਪ੍ਰਦੇਸ਼ ਮੁੱਢਲੀ ਸਿੱਖਿਆ ਪ੍ਰਾਜੈਕਟ, ਬਿਹਾਰ ਮੁੱਢਲੀ ਸਿੱਖਿਆ ਪ੍ਰਾਜੈਕਟ, ਲੋਕ ਜਬਿੰਸ਼-ਲੜਕੀਆਂ ਦੀ ਸਿੱਖਿਆ ਲਈ ਅਤੇ ਅਧਿਆਪਕ ਗੈਰ ਮੌਜੂਦਗੀ ਨੂੰ ਠੀਕ ਕਰਨ ਲਈ ਸਿੱਖਿਆਕਰਮੀ ਪ੍ਰਾਜੈਕਟ।

1990 ਦੇ ਦਹਾਕੇ ਦੇ ਮੱਧ ਵਿੱਚ ਉਨ੍ਹਾਂ ਜ਼ਿਲ੍ਹਿਆਂ ਵਿੱਚ ਜਿੱਥੇ ਮਹਿਲਾ ਸਾਖਰਤਾ ਦਰ ਬਹੁਤ ਹੇਠ ਸੀ, ਡੀਪੀਈਪੀ ਪ੍ਰਾਜੈਕਟ ਸ਼ੁਰੂ ਕੀਤਾ ਗਿਆ। ਇਸ ਪ੍ਰਾਜੈਕਟ ਨੇ ਕਈ ਨਵੀਆਂ ਪਹਿਲਾਂ ਦਾ ਮਾਰਗ ਦਰਸ਼ਕ ਕੀਤਾ। ਜਿਸ ਨਾਲ 'ਸਕੂਲ ਤੋਂ ਬਾਹਰ' ਬੱਚਿਆਂ ਨੂੰ ਸਿੱਖਿਅਤ ਜਾਂ ਸਾਖਰ ਕੀਤਾ ਜਾ ਸਕੇ। ਇਸ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਦੀ ਯੋਜਨਾ ਵਿਕੇਂਦਰੀਕਰਨ ਸੀ ਅਤੇ ਸਮੁਦਾਏ ਦੀ ਸਹਿਭਾਗਤਾ ਦਾ ਸਹਾਰਾ ਲਿਆ ਗਿਆ। ਲੋਕ ਸਹਿਭਾਗਤਾ ਦੀ ਇਹ ਭਾਵਨਾ ਪਿੰਡ ਦੇ ਪੱਧਰ ਤੱਕ ਫੈਲ ਚੁੱਕੀ ਹੈ ਜਿਸ ਨਾਲ ਵਿਭਿੰਨ ਗਤੀਵਿਧੀਆਂ ਨੂੰ ਸਫਲਤਾਪੂਰਬਕ ਲਾਗੂ ਕੀਤਾ ਗਿਆ ਹੈ। ਗ੍ਰਾਮ ਸਿੱਖਿਆ ਕਮੇਟੀ ਨੇ ਅਲੱਗ ਅਲੱਗ ਜ਼ਿਲ੍ਹਿਆਂ ਵਿੱਚ ਲਗਪਗ 100 ਪ੍ਰਤੀਸ਼ਤ ਪਿੰਡਾਂ ਨੂੰ ਸ਼ਾਮਲ ਕਰ ਲਿਆ ਹੈ। ਇਨ੍ਹਾਂ ਸਾਕਰਾਤਮਕ ਤਬਦੀਲੀਆਂ ਨਾਲ ਭਾਰਤ ਜਲਦੀ ਹੀ ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਦੇ ਟੀਚੇ ਨੂੰ ਪ੍ਰਾਪਤ ਕਰਨ ਦੀ ਉਮੀਦ ਕਰ ਸਕਦਾ ਹੈ।

## 5.6 ਸ਼ਬਦਾਵਲੀ/ਸੰਕੇਤ ਅੱਖਰ

- ਸਿੱਖਿਆ ਦੇ ਸਰਬਵਿਆਪੀਕਰਨ ਦਾ ਅਰਥ ਹੈ ਕਿ ਬੱਚਿਆਂ ਨੂੰ ਵਿਸ਼ੇਸ਼ ਲੋੜਾਂ ਅਤੇ ਸਥਾਨ ਦੇ ਅਨੁਰੂਪ ਸਾਰੇ ਸਥਾਨਾਂ 'ਤੇ ਸਿੱਖਿਆ ਦੀ ਉਪਲੱਬਧਤਾ ਸੁਨਿਸ਼ਚਿਤ ਕਰਨਾ ਹੈ।

- ਸਰਬਵਿਆਪੀਕਰਨ ਦੇ ਤਿੰਨ ਪੱਖ ਹਨ ਨਿਰੰਤਰ ਸਿਖਲਾਈ ਅਤੇ ਦਾਖਲਾ, ਹਾਜ਼ਰੀ ਅਤੇ ਬਣਾਈ ਰੱਖਣਾ, ਸਿੱਖਿਆ ਦੀ ਗੁਣਵੱਤਾ।

- ਕੁੱਲ ਦਾਖਲਾ ਦਰ ਸੰਕੇਤਕ ਨਾਲ ਸਬੰਧਿਤ ਹੈ। ਮੁੱਢਲੀ ਜੀਈਆਰ ਦਰਸਾਉਂਦੀ ਹੈ ਕਿ ਪ੍ਰਾਇਮਰੀ ਸਕੂਲ ਉਮਰ ਦੀ ਜਨਸੰਖਿਆ ਨਾਲ ਸਬੰਧਿਤ ਕਿੰਨੇ ਬੱਚੇ ਆਪਣੀ ਉਮਰ ਦੇ ਬਾਵਜੂਦ ਪ੍ਰਾਇਮਰੀ ਸਕੂਲਾਂ ਵਿੱਚ ਦਾਖਲ ਹੋਏ।

- ਸ਼ੁੱਧ ਦਾਖਲਾ ਦਰ ਸੰਕੇਤਕ ਨਾਲ ਸਬੰਧਿਤ ਹੈ। ਮੁੱਢਲੀ ਜੀਈਆਰ ਦਰਸਾਉਂਦੀ ਹੈ ਕਿ ਪ੍ਰਾਇਮਰੀ ਸਕੂਲ ਉਮਰ ਦੀ ਜਨਸੰਖਿਆ ਨਾਲ ਸਬੰਧਿਤ ਕਿੰਨੇ ਬੱਚੇ ਆਪਣੀ ਉਮਰ ਦੇ ਬਾਵਜੂਦ ਪ੍ਰਾਇਮਰੀ ਸਕੂਲਾਂ ਵਿੱਚ ਦਾਖਲ ਹੋਏ।

ਮੁੱਢਲੀ ਜੀਈਆਰ – $\dfrac{\text{ਪ੍ਰਾਇਮਰੀ ਸਕੂਲਾਂ ਵਿੱਚ ਕਿੰਨੇ ਬੱਚੇ ਦਾਖਲ ਹੋਏ}}{\text{ਪ੍ਰਾਇਮਰੀ ਸਕੂਲ ਦੀ ਉਮਰ ਦੇ ਬੱਚਿਆਂ ਦੀ ਸੰਖਿਆ}}$

Notes

ਜੀਈਆਰ ਦਾ ਮੁੱਲ 100 ਪ੍ਰਤੀਸ਼ਤ ਤੋਂ ਜ਼ਿਆਦਾ ਹੋ ਸਕਦਾ ਹੈ। 100 ਪ੍ਰਤੀਸ਼ਤ ਤੋਂ ਜ਼ਿਆਦਾ ਦਾ ਮਤਲਬ ਇਹ ਹੈ ਕਿ ਪ੍ਰਾਇਮਰੀ ਸਕੂਲ ਉਮਰ ਦੇ ਉੱਪਰ ਜਾਂ ਉਸ ਤੋਂ ਹੇਠ ਦੇ ਕੁਝ ਬੱਚੇ ਪ੍ਰਾਇਮਰੀ ਸਕੂਲਾਂ ਵਿੱਚ ਹਨ। ਜੀਈਆਰ 100 ਪ੍ਰਤੀਸ਼ਤ ਤੋਂ ਉੱਪਰ ਆਮਤੌਰ 'ਤੇ ਵੱਧ ਉਮਰ ਦੇ ਦਾਖਲੇ ਦਾ ਇੱਕ ਸੂਚਕ ਹੈ, ਉਦਾਹਰਨ ਵਜੋਂ ਬਣਾਈ ਰੱਖਣਾ ਜਾਂ ਦੇਰੀ ਨਾਲ

ਮੁੱਢਲੀ ਜੀਈਆਰ – $\dfrac{\text{ਪ੍ਰਾਇਮਰੀ ਸਕੂਲਾਂ ਵਿੱਚ ਪ੍ਰਾਇਮਰੀ ਸਕੂਲ ਉਮਰ ਦੇ ਕਿੰਨੇ ਬੱਚੇ ਦਾਖਲ ਹੋਏ}}{\text{ਪ੍ਰਾਇਮਰੀ ਸਕੂਲ ਦੀ ਉਮਰ ਦੇ ਬੱਚਿਆਂ ਦੀ ਸੰਖਿਆ}}$

ਐੱਨਈਆਰ ਦਾ ਮੁੱਲ 100 ਪ੍ਰਤੀਸ਼ਤ ਤੋਂ ਜ਼ਿਆਦਾ ਨਹੀਂ ਹੋ ਸਕਦਾ। ਜੇਕਰ ਪ੍ਰਾਇਮਰੀ ਦੇ ਸਾਰੇ ਬੱਚੇ ਸਕੂਲ ਦੀ ਉਮਰ ਪ੍ਰਾਇਮਰੀ ਸਕੂਲ ਵਿੱਚ ਦਾਖਲ ਹਨ ਤਾਂ ਐੱਨਈਆਰ 100 ਪ੍ਰਤੀਸ਼ਤ ਹੈ। 100 ਪ੍ਰਤੀਸ਼ਤ ਤੋਂ ਘੱਟ ਪ੍ਰਾਇਮਰੀ ਐੱਨਈਆਰ ਦਾ ਮਤਲਬ ਹੈ ਕਿ ਪ੍ਰਾਇਮਰੀ ਸਕੂਲ ਦੀ ਉਮਰ ਦੇ ਸਾਰੇ ਬੱਚੇ ਪ੍ਰਾਇਮਰੀ ਸਕੂਲ ਵਿੱਚ ਨਹੀਂ ਹਨ, ਕੁਝ ਸਕੂਲ ਤੋਂ ਬਾਹਰ ਹੋ ਸਕਦੇ ਹਨ, ਕੁਝ ਪ੍ਰੀ ਸਕੂਲ, ਸੈਕੰਡਰੀ ਸਕੂਲ ਜਾਂ ਸਿੱਖਿਆ ਦੇ ਹੋਰ ਤਰੀਕਿਆਂ ਵਿੱਚ ਹੋ ਸਕਦੇ ਹਨ।

• ਮੁੱਢਲੀ ਸਿੱਖਿਆ ਦੀ ਪਹੁੰਚ ਸੁਧਾਰਨ ਲਈ ਉੱਤਰ ਪ੍ਰਦੇਸ਼ ਮੁੱਢਲਾ ਸਿੱਖਿਆ ਪ੍ਰਾਜੈਕਟ (ਯੂਪੀ-ਬੀਈਪੀ)।

• ਬਿਹਾਰ ਸਿੱਖਿਆ ਪ੍ਰਾਜੈਕਟ (ਬੀਈਪੀ) ਦਾ ਟੀਚਾ ਰਾਜ ਵਿੱਚ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਦੇ ਜ਼ੋਰ ਦੇ ਨਾਲ ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਦਾ ਹੈ।

• ਲੋਕ ਜੁਬਿਸ਼ ਇੱਕ ਨਵੀਨ ਪ੍ਰਾਜੈਕਟ ਹੈ ਜੋ ਲੜਕੀਆਂ ਦੀ ਸਿੱਖਿਆ 'ਤੇ ਮੁੱਖ ਰੂਪ ਵਿੱਚ ਜ਼ੋਰ ਦਿੰਦਾ ਹੈ ਅਤੇ ਇਸ ਨੂੰ ਸਿੱਖਿਆ ਲਈ ਲੋਕਾਂ ਦਾ ਅੰਦੋਲਨ ਵੀ ਕਿਹਾ ਜਾਂਦਾ ਹੈ।

• ਸਿੱਖਿਆ ਕਰਮੀ ਪ੍ਰਾਜੈਕਟ ਇੱਕ ਸਿੱਖਿਆ ਪ੍ਰੋਗਰਾਮ ਹੈ ਜਿਸ ਦਾ ਉਦੇਸ਼ ਅਧਿਆਪਕਾਂ ਦੀ ਗੈਰ ਮੌਜੂਦਗੀ ਕਾਰਨ ਸਰਬਵਿਆਪੀਕਰਨ ਵਿੱਚ ਆਉਣ ਵਾਲੀ ਵੱਡੀ ਰੁਕਾਵਟ ਨੂੰ ਦੂਰ ਕਰਨਾ ਹੈ।

• ਮਹਾਰਾਸ਼ਟਰ ਸਰਕਾਰ ਨੇ ਵਿਭਿੰਨ ਪ੍ਰਾਜੈਕਟਾਂ ਦੀ ਖੋਜ ਕੀਤੀ ਹੈ ਜਿਵੇਂ ਮਾਤਰੁ ਪ੍ਰਬੋਧਨ, ਸਾਵਿੱਤਰੀਬਾਈ ਫੁਲੇ ਮਾਪਿਆਂ ਨੂੰ ਅਪਣਾਉਣ ਦੀ ਸਕੀਮ, ਸਾਖਰਸ਼ਾਲਾ, ਕਰੁਣਸ਼ਾਲਾ, ਵਿੱਦਿਆ ਨਿਕੇਤਨ, ਆਦਿਵਾਸੀ ਭਾਸ਼ਾਵਾਂ ਲਈ ਪ੍ਰਾਜੈਕਟ ਆਦਿ।

• ਜ਼ਿਲ੍ਹਾ ਪ੍ਰਾਇਮਰੀ ਸਿੱਖਿਆ ਪ੍ਰੋਗਰਾਮ (ਡੀਪੀਈਪੀ) ਦੁਨੀਆ ਦਾ ਸਭ ਤੋਂ ਵੱਡਾ ਸਿੱਖਿਆ ਪ੍ਰਾਜੈਕਟ ਹੈ ਜਿਸ ਨੂੰ 1994 ਵਿੱਚ ਸ਼ੁਰੂ ਕੀਤਾ ਗਿਆ ਸੀ, ਇਸ ਦਾ ਉਦੇਸ਼ ਵਿਕੇਂਦਰੀਕਰਨ ਦੇ ਪ੍ਰਬੰਧਨ ਦੇ ਨਾਲ ਜ਼ਿਲ੍ਹਾ-ਵਿਸ਼ੇਸ਼ ਯੋਜਨਾ, ਸਹਿਭਾਗੀ ਪ੍ਰਕਿਰਿਆਵਾਂ, ਸਸ਼ਕਤੀਕਰਨ ਅਤੇ ਸਾਰੇ ਪੱਧਰਾਂ 'ਤੇ ਸਮਰੱਥਾ ਨਿਰਮਾਣ ਨਾਲ ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਦੇ ਟੀਚੇ ਨੂੰ ਪ੍ਰਾਪਤ ਕਰਨਾ ਹੈ।

Notes

**ਪੂਰੇ ਨਾਂ**

ਡੀਪੀਈਪੀ : ਡਿਸਟਰਿਕਟ ਪ੍ਰਾਇਮਰੀ ਐਜੂਕੇਸ਼ਨ ਪ੍ਰੋਗਰਾਮ

ਯੂਪੀ-ਬੀਈਪੀ: ਉੱਤਰ ਪ੍ਰਦੇਸ਼ ਬੇਸਿਕ ਐਜੂਕੇਸ਼ਨ ਪ੍ਰੋਜੈਕਟ

ਪ੍ਰਾਇਮਰੀ ਜੀਈਆਰ: ਗਰਾਸ ਐਨਰੋਲਮੈਂਟ ਰੇਸ਼ੋ

ਯੂਈਈ: ਯੂਨੀਵਰਸਲਾਈਜੇਸ਼ਨ ਆਫ ਐਲੀਮੈਂਟਰੀ ਐਜੂਕੇਸ਼ਨ

ਐੱਨਈਆਰ: ਨੈੱਟ ਐਨਰੋਲਮੈਂਟ ਰੇਸ਼ੋ

ਬੀਈਪੀ: ਬਿਹਾਰ ਐਜੂਕੇਸ਼ਨ ਪ੍ਰਾਜੈਕਟ

## 5.7. ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ

1. *Lok Jumbish*: the sixth report Reviewshttp://booksVolume 1/ 1970-Volume

41/2011

## 5.8 ਇਕਾਈ ਅੰਤ ਅਭਿਆਸ

1. ਢੁਕਵੇਂ ਵਿਕਲਪ ਦੀ ਚੋਣ ਕਰਦੇ ਹੋਏ ਖਾਲੀ ਥਾਵਾਂ ਭਰੋ:

ੳ. ——————ਪੰਜ ਸਾਲਾ ਯੋਜਨਾ ਵਿੱਚ ਸਰਵ ਸਿੱਖਿਆ ਅਭਿਆਨ ਦੇ ਜ਼ਰੀਏ ਐਲੀਮੈਂਟਰੀ ਸਿੱਖਿਆ ਨੂੰ ਬਹੁਤ ਵੱਡਾ ਪ੍ਰੋਤਸਾਹਨ ਮਿਲਿਆ ਹੈ। (ਦਸਵੀਂ/ਗਿਆਰਵੀਂ)

ਅ. ਸਾਲ 2009-10 ਵਿੱਚ ਸਭ ਤੋਂ ਜ਼ਿਆਦਾ ਸਕੂਲ——————ਰਾਜ ਵਿੱਚ ਹਨ। (ਮੱਧ ਪ੍ਰਦੇਸ਼/ਉੱਤਰ ਪ੍ਰਦੇਸ਼)

ੲ. ——————ਦਾ ਅਰਥ ਹੈ ਸਾਰਿਆਂ ਲਈ ਸਿੱਖਿਆ ਦਾ ਲੋਕ ਅਭਿਆਨ। (ਲੋਕ ਜੁਬਿੰਸ਼/ਮਹਿਲਾ ਸਮੱਖਿਆ)

ਸ. ਡੀ.ਪੀ.ਈ.ਪੀ. ਕਾਰਨ ਫੇਲ੍ਹ ਹੋਣ ਵਾਲੇ ਵਿਦਿਆਰਥੀਆਂ ਦੀ ਸੰਖਿਆ ਵਿੱਚ ਸਭ ਤੋਂ ਜ਼ਿਆਦਾ ਗਿਰਾਵਟ ਲਗਪਗ 50 ਪ੍ਰਤੀਸ਼ਤ——————ਰਾਜ ਵਿੱਚ ਹੋਈ। (ਮੱਧ ਪ੍ਰਦੇਸ਼/ ਅਸਾਮ)

ਹ. ਰਾਜਸਥਾਨ ਸਰਕਾਰ ਵੱਲੋਂ 1987 ਵਿੱਚ————ਦੀ ਵਿੱਤੀ ਸਹਾਇਤਾ ਨਾਲ ਸਿੱਖਿਆ ਕਰਮੀ ਪ੍ਰਾਜੈਕਟ ਲਾਗੂ ਕੀਤਾ ਗਿਆ। (ਐੱਸ.ਆਈ.ਡੀ.ਏ./ਵਿਸ਼ਵ ਬੈਂਕ)

ਕ. ਸਮਾਜ ਦੇ ਸੁਵਿਧਾ ਵੰਚਿਤ ਵਰਗਾਂ ਦੀ ਸਿੱਖਿਆ 'ਤੇ————ਦਾ ਵਿਸ਼ੇਸ਼ ਜ਼ੋਰ ਰਿਹਾ ਹੈ। (ਯੂ.ਪੀ.-ਬੀ.ਈ.ਪੀ./ਬੀ.ਈ.ਪੀ.)

ਉੱਤਰ:

ੳ. ਦਸਵੀਂ, ਅ. ਉੱਤਰ ਪ੍ਰਦੇਸ, ੲ. ਲੋਕ ਜੁਬਿੰਸ਼, ਸ. ਅਸਾਮ, ਹ. ਐੱਸਆਈਡੀਏ, ਕ. ਬੀਈਪੀ

2. ਨਿਮਨਲਿਖਤ ਅਵਸਥਾਵਾਂ ਨੂੰ ਲਾਗੂ ਕਰਨ ਵਾਲੀਆਂ ਢੁਕਵੀਆਂ ਸਕੀਮਾਂ ਦਾ ਨਾਂ ਲਿਖੋ:

ਕਥਨ

ਸਕੀਮਾਂ

ੳ) ਸਾਰੇ ਡੀਪੀਈਪੀ ਜ਼ਿਲ੍ਹਾ ਅਤੇ ਰਾਜ ਪ੍ਰਾਜੈਕਟ ਦਫ਼ਤਰ ਨੂੰ ਕੰਪਿਊਟਰ ਅਤੇ ਡਾਇਲ ਅਪ ਨੈੱਟਵਰਕਿੰਗ ਦੀ ਸਪਲਾਈ।

ਅ) ਸਕੀਮ ਦਾ ਉਦੇਸ਼ ਬਾਲ ਮਜ਼ਦੂਰੀ ਦੀ ਪਰੰਪਰਾ ਨੂੰ ਖਤਮ ਕਰਕੇ ਬੱਚਿਆ ਨੂੰ ਸਿੱਖਿਆ ਦੀ ਮੁੱਢਲੀ ਧਾਰਾ ਵਿੱਚ ਲਿਆਉਣਾ ਹੈ।

ੲ) ਜਦੋਂ ਮੌਜੂਦਾ ਸਕੂਲਾਂ ਨੂੰ ਸਿੱਖਿਆ ਕਰਮੀਆਂ ਵੱਲੋਂ ਚਲਾਇਆ ਜਾਂਦਾ ਹੈ।

ਸ) ਗ੍ਰਾਮੀਣ ਲਾਇਬਰੇਰੀਆਂ ਦੇ ਵਿਸਥਾਰ ਦੀ ਧਾਰਨਾ।

ਹ) ਕਬਾਇਲੀ ਬੱਚਿਆਂ ਲਈ ਬਾਰਨ ਦੇ ਕਿਸ਼ਨਗੰਜ ਬਲਾਕ ਦੇ ਖੰਡੇਲਾ ਕਲੱਸਟਰ ਵਿੱਚ ਪ੍ਰੋਗਰਾਮ।

ਉੱਤਰ:

ੳ) ਮੈਨੇਜਮੈਂਟ ਇਨਫਰਮੇਸ਼ਨ ਸਿਸਟਮ (ਐੱਮਆਈਐੱਸ), ਅ) ਇੰਡਸ ਬਾਲ ਮਜ਼ਦੂਰੀ ਪ੍ਰਾਜੈਕਟ, ੲ) ਡੇ ਸੈਂਟਰ, ਸ) ਪੋਸਟਰ ਵਰਕਸ਼ਾਪ, ਹ) ਮੁਕਤਾਂਗਨ

3. ਕਾਲਮ ਨੂੰ ਮਿਲਾਓ:

| ਗਰੁੱਪ ਏ | ਗਰੁੱਪ ਬੀ |
|---|---|
| ਬਿਹਾਰ ਸਿੱਖਿਆ ਪ੍ਰਾਜੈਕਟ | ੳ. ਬਾਲੜੀ ਸਿੱਖਿਆ |
| ਲੋਕ ਜੁਬਿੰਸ਼ | ਅ. ਅਧਿਆਪਕ ਗੈਰ ਮੌਜੂਦਗੀ |
| ਸਿੱਖਿਆ ਕਰਮੀ | ੲ. ਸੰਗਠਿਤ ਸਿੱਖਿਆ |
| | ਸ. ਪ੍ਰਾਇਮਰੀ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ |

Notes

Notes

ਉੱਤਰ:

(1) ਬਿਹਾਰ ਸਿੱਖਿਆ ਪ੍ਰਾਜੈਕਟ-ਪ੍ਰਾਇਮਰੀ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ

(2) ਲੋਕ ਜੁਬਿਸ਼- ਬਾਲੜੀ ਸਿੱਖਿਆ

(3) ਸਿੱਖਿਆ ਕਰਮੀ- ਅਧਿਆਪਕ ਗੈਰ ਮੌਜੂਦਗੀ

1. **ਖਾਲੀ ਥਾਵਾਂ ਭਰੋ:**

ੳ) ਸਿੱਖਿਆ ਦੇ ਸਰਬਵਿਆਪੀਕਰਨ ਦਾ ਅਰਥ ਹੈ ਬੱਚਿਆਂ ਦੀਆਂ ਵਿਸ਼ੇਸ਼ ਲੋੜਾਂ ਅਤੇ ਸਥਾਨ ਦੇ ਅਨੁਰੂਪ ਸਾਰੇ ਸਥਾਨਾਂ 'ਤੇ ਸਿੱਖਿਆ ਦੀ ——————ਸੁਨਿਸ਼ਚਿਤ ਕਰਨਾ।

ਅ) ਭਾਰਤ ਸਰਕਾਰ ਪ੍ਰਾਇਮਰੀ ਪੱਧਰ ਦੇ ਸਕੂਲਾਂ ਦੇ ਸੰਦਰਭ ਵਿੱਚ ————ਕਿਲੋਮੀਟਰ ਦੀ ਦੂਰੀ 'ਤੇ ਪ੍ਰਾਇਮਰੀ ਸਕੂਲ ਦੀ ਮੌਜੂਦਗੀ ਸੁਨਿਸ਼ਚਿਤ ਕਰਦੀ ਹੈ।

ੲ) 100 ਪ੍ਰਤੀਸ਼ਤ ਤੋਂ ਉੱਪਰ—————ਦੇ ਮੁੱਲ ਦਾ ਮਤਲਬ ਹੈ ਕਿ ਕੁਝ ਬੱਚੇ ਉੱਪਰ ਜਾਂ ਪ੍ਰਾਇਮਰੀ ਪੱਧਰ ਦੀ ਉਮਰ ਤੋਂ ਹੇਠ ਪ੍ਰਾਇਮਰੀ ਸਕੂਲ ਵਿੱਚ ਹਨ।

ਸ) ਭਾਰਤ ਵਿੱਚ ਡੀ.ਪੀ.ਈ.ਪੀ.——————ਵਿੱਚ ਲਾਗੂ ਹੋਈ।

ਹ) ਮਹਾਰਾਸ਼ਟਰ ਵਿੱਚ ਲੜਕੀਆਂ ਦੀ ਸੰਖਿਆ ਨੂੰ ਪ੍ਰੋਤਸਾਹਿਤ ਕਰਨ ਲਈ ਸਰਕਾਰ ਨੇ ਨਾਸਿਕ ਵਿੱਚ———— ਸਥਾਨ 'ਤੇ ਆਰਮੀ ਸਕੂਲ ਸ਼ੁਰੂ ਕੀਤਾ ਹੈ।

ਕ) ਅਨੁਸੂਚਿਤ ਜਾਤੀ ਜਨਸੰਖਿਆ ਲਈ ਸਮਾਜਿਕ ਇਕੁਇਟੀ (ਆਈਐੱਸਈ) ਦਾ ਸੂਚਕ ਅੰਕ ਭਾਰਤ ਦੇ ਸਾਰੇ ਜ਼ਿਲ੍ਹਿਆਂ ਤੋਂ ———ਜ਼ਿਆਦਾ ਸੀ।

ਉੱਤਰ:

ੳ) ਉਪਲੱਬਧਤਾ, ਅ) 1 ਕਿਲੋਮੀਟਰ, ੲ) ਜੀਈਆਰ, ਸ) ਮਿਸ਼ਨ ਮੋਡ, ਹ) ਭੋਰ, ਕ) 90

**5. ਇੱਕ ਵਾਕ ਵਿੱਚ ਉੱਤਰ ਦਿਓ:**

ੳ) ਕਿਹੜੇ ਸਕੂਲਾਂ ਦਾ ਦੂਜਾ ਨਾਂ ਦੂਜਾ ਸਮੈਸਟਰ ਸਕੂਲ ਹੈ?

ਅ) ਬਾਲ ਮਜ਼ਦੂਰੀ ਪ੍ਰਾਜੈਕਟ ਨੂੰ ਰਾਸ਼ਟਰੀ ਬਾਲ ਮਜ਼ਦੂਰੀ ਪ੍ਰਾਜੈਕਟ ਵੀ ਕਿਉਂ ਕਿਹਾ ਜਾਂਦਾ ਹੈ?

ੲ) ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਦੀ ਪਰਿਭਾਸ਼ਾ ਦਿਓ?

ਸ) ਮਹਾਰਾਸ਼ਟਰ ਵਿੱਚ ਪਹਿਲੀ ਕਰੁਣਸ਼ਾਲਾ ਕਿਸ ਨੇ ਲਾਗੂ ਕੀਤੀ ਸੀ?

ਹ) ਸਿੱਖਿਆ ਕਰਮੀ ਕੀ ਹੈ?

ਕ) ਡੀਪੀਈਪੀ ਦੀ ਸਥਿਤੀ ਸਬੰਧੀ ਵਿਸ਼ਲੇਸ਼ਣ ਲਈ ਡਾਟਾ ਕਿੱਥੋਂ ਪ੍ਰਾਪਤ ਕੀਤਾ ਜਾਂਦਾ ਹੈ?

**6. ਸੰਖੇਪ ਵਿੱਚ ਉੱਤਰ ਦਿਓ:**

ੳ) ਯੂਈਈ ਕੀ ਹੈ? ਯੂਈਈ ਦੇ ਵਿਭਿੰਨ ਪੱਖ ਲਿਖੋ।

Notes

ਅ) ਸਕੂਲ ਪਰਖ 'ਤੇ ਆਧਾਰਿਤ ਵਰਗੀਕਰਨ (ਮੈਪਿੰਗ) ਅਤੇ ਸੂਖਮ ਯੋਜਨਾ ਲੋਕ ਜੁਬਿਸ਼ ਦੇ ਮੁੱਖ ਕਾਰਜਾਤਮਕ ਲੱਛਣਾਂ ਦਾ ਨਿਰੂਪਣ ਕਰਦੇ ਹਨ, ਵਿਆਖਿਆ ਕਰੋ।

ੲ) ਕੁੱਲ ਦਾਖਲਾ ਅਨੁਪਾਤ (ਜੀਈਆਰ) ਦਾ ਕੀ ਅਰਥ ਹੈ ? ਉਦਾਹਰਨ ਸਹਿਤ ਵਿਆਖਿਆ ਕਰੋ।

ਸ) ਆਰਥਿਕ ਰੂਪ ਨਾਲ ਪੱਛੜੇ ਬੱਚਿਆਂ ਨੂੰ ਰਾਜ ਸਰਕਾਰ ਵੱਲੋਂ ਕਿਹੜੀਆਂ ਸੁਵਿਧਾਵਾਂ ਉਪਲੱਬਧ ਕਰਾਈਆਂ ਜਾਂਦੀਆਂ ਹਨ ?

ਹ) ਮੁੱਢਲਾ ਸਿੱਖਿਆ ਪ੍ਰਾਜੈਕਟ ਤਹਿਤ ਉੱਤਰ ਪ੍ਰਦੇਸ਼ ਸਰਕਾਰ ਨੇ ਕਿਹੜੀਆਂ ਕਿਹੜੀਆਂ ਕਾਰਜ ਨੀਤੀਆਂ ਅਤੇ ਗਤੀਵਿਧੀਆਂ ਦੀ ਯੋਜਨਾ ਬਣਾਈ ਹੈ ?

ਕ) ਲੜਕੀਆਂ ਦੀ ਸਿੱਖਿਆ ਲਈ ਉਪਲੱਬਧ ਵਿਭਿੰਨ ਯੋਜਨਾਵਾਂ ਦਾ ਨਾਂ ਲਿਖੋ।

ਖ) ਰਾਜਸਥਾਨ ਦੇ ਸਿੱਖਿਆ ਕਰਮੀ ਪ੍ਰਾਜੈਕਟ ਵਿੱਚ ਸਿੱਖਿਆ ਕਰਮੀ ਦੀ ਭੂਮਿਕਾ ਕੀ ਹੁੰਦੀ ਹੈ ?

ਗ) ਡਰਾਪ ਆਊਟ ਬੱਚਿਆਂ ਲਈ ਉਪਲੱਬਧ ਸਕੀਮਾਂ ਦਾ ਵਿਵਰਣ ਕਰੋ।

ਘ) ਡੀ.ਪੀ.ਈ.ਪੀ. ਦੇ ਉਦੇਸ਼, ਮੁੱਖ ਹਿੱਸੇ ਅਤੇ ਵਿਭਿੰਨ ਕਾਰਜ ਨੀਤੀਆਂ ਕਿਹੜੀਆਂ ਕਿਹੜੀਆਂ ਹਨ ? ਙ) ਡੀਪੀਈਪੀ ਦਾ ਯੂਈਈ 'ਤੇ ਪ੍ਰਭਾਵ ਲਿਖੋ।

**ਇਕਾਈ 6 ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਸਬੰਧੀ ਰਣਨੀਤੀਆਂ-2**

**ਸੰਰਚਨਾ**


6.0 ਜਾਣ ਪਛਾਣ

6.1 ਸਿਖਲਾਈ ਉਦੇਸ਼

6.2 ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਅਤੇ ਇਸ ਦੇ ਮੁੱਖ ਲੱਛਣ

6.3 ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਦੇ ਟੀਚੇ ਅਤੇ ਉਦੇਸ਼

6.4 ਸਰਵ ਸਿੱਖਿਆ ਅਭਿਆਨ ਦੀਆਂ ਮੁੱਖ ਰਣਨੀਤੀਆਂ

6.5 ਸਰਵ ਸਿੱਖਿਆ ਅਭਿਆਨ ਨਾਲ ਸਬੰਧਿਤ ਵਿੱਤੀ ਮਾਨਦੰਡ

6.6 ਸਰਵ ਸਿੱਖਿਆ ਅਭਿਆਨ ਵਿੱਚ ਸਕੂਲ ਅਤੇ ਹੋਰ ਸਬੰਧਿਤ ਸੁਵਿਧਾਵਾਂ ਦਾ ਵਿਕਾਸ

6.7 ਮਿਡ-ਡੇ-ਮੀਲ ਵਿਵਸਥਾ ਅਤੇ ਇਸ ਦਾ ਸਰਵ ਸਿੱਖਿਆ ਅਭਿਆਨ ਵਿੱਚ ਯੋਗਦਾਨ

6.8 ਸਿੱਖਿਆ ਦਾ ਅਧਿਕਾਰ ਕਾਨੂੰਨ, 2009 ਅਤੇ ਸਰਵ ਸਿੱਖਿਆ ਅਭਿਆਨ ਵਿੱਚ ਸਮਾਨਤਾ

6.9 ਸਿੱਟਾ

6.10 ਸੰਦਰਭ ਗ੍ਰੰਥ/ ਕੁਝ ਉਪਯੋਗੀ ਪੁਸਤਕਾਂ

6.11 ਇਕਾਈ ਅੰਤ ਅਭਿਆਸ


**6.0 ਜਾਣ ਪਛਾਣ**

**ਇਕਾਈ** 5 ਵਿੱਚ ਤੁਸੀਂ ਦੇਸ਼ ਦੇ ਵਿਭਿੰਨ ਰਾਜਾਂ ਵਿੱਚ ਲਾਗੂ ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਨਾਲ ਸਬੰਧਿਤ ਵਿਭਿੰਨ ਪ੍ਰਾਜੈਕਟਾਂ ਦਾ ਅਧਿਐਨ ਕੀਤਾ। ਤੁਸੀਂ ਜ਼ਿਲ੍ਹਾ ਪ੍ਰਾਇਮਰੀ ਸਿੱਖਿਆ ਪ੍ਰਾਜੈਕਟ (ਡੀਪੀਈਪੀ) ਦਾ ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ 'ਤੇ ਪ੍ਰਭਾਵ ਦਾ ਅਧਿਐਨ ਵੀ ਕੀਤਾ। ਇਸ ਇਕਾਈ ਵਿੱਚ ਸਰਵ ਸਿੱਖਿਆ ਅਭਿਆਨ ਦੇ ਜ਼ਰੂਰੀ ਲੱਛਣਾਂ ਅਤੇ ਪ੍ਰਬੰਧਨ ਅਤੇ ਨਿਗਰਾਨੀ ਦਾ ਅਧਿਐਨ ਕਰੋਗੇ ਜੋ ਕਿ ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਲਈ ਦੇਸ਼ ਵਿੱਚ ਇੱਕ ਮੁੱਖ ਅਭਿਆਨ ਹੈ। ਸਰਵ ਸਿੱਖਿਆ ਦਾ ਡਿਜ਼ਾਇਨ ਜਾਂ ਸਵਰੂਪ 6 ਸਾਲ ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਕੀਤਾ ਗਿਆ ਹੈ। ਦੇਸ਼ ਵਿੱਚ ਐਲੀਮੈਂਟਰੀ ਸਿੱਖਿਆ ਦੇ ਅਧਿਕਾਰ ਵਿੱਚ ਢੁਕਵੀਂ ਪ੍ਰਗਤੀ ਹੋਈ ਹੈ ਪਰ ਇਸ ਦੇ ਬਾਵਜੂਦ ਵਿਭਿੰਨ ਰਾਜਾਂ ਵਿੱਚ ਅਜਿਹੇ ਬਹੁਤ ਸਾਰੇ ਬੱਚੇ ਹਨ ਜੋ ਸਕੂਲ ਨਹੀਂ ਜਾਂਦੇ। ਸਰਵ ਸਿੱਖਿਆ ਅਭਿਆਨ 'ਤੇ ਚਰਚਾ ਕਰਦੇ ਸਮੇਂ ਅਸੀਂ ਇਸ ਨੂੰ ਸਿੱਖਿਆ ਦਾ ਅਧਿਕਾਰ ਕਾਨੂੰਨ, 2009 ਨਾਲ ਜੋੜਨ ਦੀ ਕੋਸ਼ਿਸ਼ ਕਰਾਂਗੇ ਜਿਸ ਤਹਿਤ ਐਲੀਮੈਂਟਰੀ ਸਿੱਖਿਆ ਨੂੰ ਮੌਲਿਕ ਅਧਿਕਾਰ ਦਾ ਦਰਜਾ ਦਿੱਤਾ ਗਿਆ ਹੈ।

**6.1 ਸਿਖਲਾਈ ਉਦੇਸ਼**

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਤੁਸੀਂ ਇਸ ਯੋਗ ਹੋ ਜਾਓਗੇ ਕਿ:

Notes

• ਸਰਵ ਸਿੱਖਿਆ ਅਭਿਆਨ ਦੀ ਪਿੱਠਭੂਮੀ ਅਤੇ ਇਸ ਦੇ ਜ਼ਰੂਰੀ ਪੱਖਾਂ ਦਾ ਵਿਵਰਣ ਦੇ ਸਕੋਗੇ,

• ਸਰਵ ਸਿੱਖਿਆ ਅਭਿਆਨ ਦੇ ਟੀਚਿਆਂ ਅਤੇ ਉਦੇਸ਼ਾਂ ਨੂੰ ਸਪੱਸ਼ਟ ਕਰ ਸਕੋਗੇ,

• ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਦੀਆਂ ਮੁੱਖ ਰਣਨੀਤੀਆਂ ਦੀ ਪਛਾਣ ਕਰ ਸਕੋਗੇ ਅਤੇ ਇਨ੍ਹਾਂ ਦੀ ਵਿਆਖਿਆ ਕਰ ਸਕੋਗੇ,

• ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਦੇ ਮੁੱਖ ਵਿੱਤੀ ਮਾਨਦੰਡਾਂ ਨੂੰ ਦੱਸ ਸਕੋਗੇ,

•ਇਸ ਪ੍ਰੋਗਰਾਮ ਦੀ ਸਫਲਤਾ ਲਈ ਮਿਡ-ਡੇ-ਮੀਲ ਵਿਵਸਥਾ ਦੇ ਮਹੱਤਵ ਨੂੰ ਲਿਖ ਸਕੋਗੇ,

• ਸਿੱਖਿਆ ਦਾ ਅਧਿਕਾਰ ਕਾਨੂੰਨ, 2009 ਦੇ ਮਹੱਤਵ ਅਤੇ ਸਰਵ ਸਿੱਖਿਆ ਅਭਿਆਨ ਨਾਲ ਸਬੰਧਾਂ ਦਾ ਵਰਣਨ ਕਰ ਸਕੋਗੇ ਅਤੇ

• ਅਨਪੜ੍ਹਤਾ ਦੇ ਖਾਤਮੇ ਵਿੱਚ ਸਰਵ ਸਿੱਖਿਆ ਅਭਿਆਨ ਦੇ ਯੋਗਦਾਨ ਦਾ ਵਰਣਨ ਕਰ ਸਕੋਗੇ।

## 6.2 ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਅਤੇ ਇਸ ਦੇ ਮੁੱਖ ਲੱਛਣ

**ਜਿਵੇਂ ਤੁਸੀਂ ਜਾਣਦੇ ਹੋ ਕਿ ਸਰਵ ਸਿੱਖਿਆ ਅਭਿਆਨ** 6 ਸਾਲ ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਨੂੰ ਐਲੀਮੈਂਟਰੀ ਸਿੱਖਿਆ ਦੀ ਉਪਲੱਬਧਤਾ ਸੁਨਿਸ਼ਚਿਤ ਕਰਨ ਲਈ ਭਾਰਤ ਸਰਕਾਰ ਦਾ ਸਭ ਤੋਂ ਅਹਿਮ ਅਤੇ ਸਰਵਸ਼੍ਰੇਸ਼ਠ ਪ੍ਰੋਗਰਾਮ ਹੈ। ਇਸ ਪ੍ਰੋਗਰਾਮ ਦਾ ਉਦੇਸ਼ ਬੱਚਿਆਂ ਦੇ ਦਾਖਲੇ, ਦਾਖਲਾ ਬਣਾਈ ਰੱਖਣ ਅਤੇ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣਾ ਹੈ ਤਾਂ ਕਿ ਬੱਚੇ ਕਲਾਸ ਅਨੁਕੂਲ ਸਿਖਲਾਈ ਪੱਧਰ ਪ੍ਰਾਪਤ ਕਰ ਸਕਣ। ਇਸ ਦਾ ਉਦੇਸ਼ ਲਿੰਗ ਸਬੰਧੀ ਅੰਤਰਾਂ ਨੂੰ ਅਤੇ ਵਿਭਿੰਨ ਸਮਾਜਿਕ ਵਰਗਾਂ ਦੇ ਵਿਚਕਾਰ ਦੇ ਅੰਤਰ ਨੂੰ ਘੱਟ ਕਰਨਾ ਹੈ। 1998 ਵਿੱਚ ਹੋਈ ਰਾਜਾਂ ਦੇ ਸਿੱਖਿਆ ਮੰਤਰੀਆਂ ਦੀ ਕਾਨਫਰੰਸ ਦੀਆਂ ਸਿਫਾਰਸ਼ਾਂ ਦੇ ਸਿੱਟੇ ਵਜੋਂ ਸਰਵ ਸਿੱਖਿਆ ਅਭਿਆਨ ਦੀ ਸ਼ੁਰੂਆਤ 2001 ਵਿੱਚ ਹੋਈ। ਸੰਵਿਧਾਨ ਦੀ 86ਵੀਂ ਸੋਧ ਅਨੁਸਾਰ ਜੋ 2002 ਵਿੱਚ ਲਾਗੂ ਹੋਈ, ਐਲੀਮੈਂਟਰੀ ਸਿੱਖਿਆ ਨੂੰ ਇੱਕ ਮੌਲਿਕ ਅਧਿਕਾਰ ਦੇ ਰੂਪ ਵਿੱਚ ਸਵੀਕਾਰ ਕਰਨ ਦੀ ਗੱਲ ਕਹੀ ਗਈ, ਪਰ ਇੱਕ ਕਾਨੂੰਨ ਦੇ ਰੂਪ ਵਿੱਚ ਇਹ ਅਗਸਤ 2009 ਵਿੱਚ ਭਾਰਤੀ ਸੰਸਦ ਵਿੱਚ ਪਾਸ ਹੋਈ।

### 1. ਸਰਵ ਸਿੱਖਿਆ ਅਭਿਆਨ ਦੇ ਮੁੱਖ ਲੱਛਣ

ਸਰਵ ਸਿੱਖਿਆ ਅਭਿਆਨ ਦੀਆਂ ਨਿਮਨਲਿਖਤ ਜ਼ਰੂਰੀ ਵਿਸ਼ੇਸ਼ਤਾਵਾਂ ਹਨ ਜੋ ਇਸ ਪ੍ਰੋਗਰਾਮ ਨੂੰ ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਦੇ ਰੂਪ ਵਿੱਚ ਅਹਿਮ ਪ੍ਰੋਗਰਾਮ ਵਜੋਂ ਪਛਾਣ ਦਿਵਾਉਂਦੀਆਂ ਹਨ।

• ਇਸ ਪ੍ਰੋਗਰਾਮ ਦੀ ਇੱਕ ਨਿਸ਼ਚਿਤ ਸਮਾਂ ਅਵਧੀ ਹੈ ਜਿਸ ਦੇ ਅੰਦਰ ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਦੀ ਪ੍ਰਕਿਰਿਆ ਪੂਰੀ ਕਰਨੀ ਹੈ।

• ਇਹ ਪ੍ਰੋਗਰਾਮ ਦੇਸ਼ ਭਰ ਵਿੱਚ ਗੁਣਵੱਤਾਭਰਪੂਰ ਮੁੱਢਲੀ ਸਿੱਖਿਆ ਦੀਆਂ ਉਮੀਦਾਂ ਦਾ ਪ੍ਰਤੀਉੱਤਰ ਹੈ।

• ਮੁੱਢਲੀ ਸਿੱਖਿਆ ਦੇ ਜ਼ਰੀਏ ਸਮਾਜਿਕ ਨਿਆਂ ਨੂੰ ਪ੍ਰੋਤਸਾਹਨ ਦੇਣ ਦਾ ਅਵਸਰ ਹੈ।

• ਬੱਚਿਆਂ ਦੀ ਸਿੱਖਿਆ ਵਿੱਚ ਪੰਚਾਇਤੀ ਰਾਜ ਸੰਸਥਾਵਾਂ, ਸਕੂਲ ਪ੍ਰਬੰਧਨ ਕਮੇਟੀਆਂ, ਗ੍ਰਾਮ ਸਿੱਖਿਆ ਕਮੇਟੀਆਂ, ਮਾਪੇ-ਅਧਿਆਪਕ ਸੰਘ ਅਤੇ ਸਥਾਨਕ ਜਨਤਾ ਨੂੰ ਸ਼ਾਮਲ ਕਰਨ ਦਾ ਇੱਕ ਉਪਰਾਲਾ ਹੈ।

Notes

- ਦੇਸ਼ ਭਰ ਵਿੱਚ ਸਰਬਵਿਆਪੀ ਐਲੀਮੈਂਟਰੀ ਸਿੱਖਿਆ ਪ੍ਰਤੀ ਇਹ ਇੱਕ ਰਾਜਨੀਤਕ ਇੱਛਾ ਸ਼ਕਤੀ ਦਾ ਪ੍ਰਗਟਾਵਾ ਹੈ।

- ਇਹ ਐਲੀਮੈਂਟਰੀ ਸਿੱਖਿਆ ਦੇ ਪ੍ਰਬੰਧਨ ਵਿੱਚ ਆਜ਼ਾਦ ਕਮੇਟੀਆਂ ਅਤੇ ਹੋਰ ਜ਼ਮੀਨੀ ਪੱਧਰ ਦੇ ਢਾਂਚੇ ਜਾਂ ਆਧਾਰਿਤ ਸੰਰਚਨਾਵਾਂ ਨੂੰ ਸ਼ਾਮਲ ਕਰਦਾ ਹੈ।

- ਇਸ ਤਹਿਤ ਕੇਂਦਰ, ਰਾਜਾਂ ਅਤੇ ਸਥਾਨਕ ਸ਼ਾਸਨ ਦੀ ਸ਼ਮੂਲੀਅਤ ਦਾ ਸਵਾਗਤ ਹੈ।

- ਰਾਜਾਂ ਲਈ ਐਲੀਮੈਂਟਰੀ ਸਿੱਖਿਆ ਦਾ ਆਪਣਾ ਖੁਦ ਦਾ ਦਰਸ਼ਨ ਵਿਕਸਤ ਕਰਨ ਦਾ ਇਹ ਪ੍ਰੋਗਰਾਮ ਇੱਕ ਅਵਸਰ ਹੈ।

- ਰਣਨੀਤੀਆਂ ਨੂੰ ਲਾਗੂ ਕਰਨ ਵਿੱਚ ਸਰਕਾਰੀ ਅਤੇ ਨਿੱਜੀ ਸਹਿਭਾਗਤਾ ਕਰਨ ਦਾ ਅਵਸਰ ਵੀ ਹੈ।

- ਇਨ੍ਹਾਂ ਸਭ ਤੋਂ ਇਲਾਵਾ ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਬੱਚਿਆਂ ਵਿੱਚ ਮਨੁੱਖੀ ਯੋਗਤਾਵਾਂ ਵਿੱਚ ਸੁਧਾਰ ਲਿਆਉਣ ਦਾ ਅਵਸਰ ਪ੍ਰਦਾਨ ਕਰਦਾ ਹੈ ਜੋ ਇੱਕ ਮਿਸ਼ਨ ਦੇ ਰੂਪ ਵਿੱਚ ਸਮੁਦਾਏ ਵੱਲੋਂ ਸਵੀਕਾਰਤ ਗੁਣਵੱਤਾ ਭਰਪੂਰ ਸਿੱਖਿਆ ਦੇ ਪ੍ਰਾਵਧਾਨ ਰਾਹੀਂ ਹੁੰਦਾ ਹੈ।

## 6.3. ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਦੇ ਟੀਚੇ ਅਤੇ ਉਦੇਸ਼

**(ੳ) ਟੀਚਾ**

ਸਰਵ ਸਿੱਖਿਆ ਅਭਿਆਨ ਦਾ ਟੀਚਾ ਹੈ ਸਾਲ 2010 ਤੱਕ 6 ਸਾਲ ਤੋਂ 14 ਸਾਲ ਤੱਕ ਦੀ ਉਮਰ ਦੇ ਸਾਰੇ ਬੱਚਿਆਂ ਨੂੰ ਉਪਯੋਗੀ ਅਤੇ ਸਬੰਧਿਤ ਸਿੱਖਿਆ ਪ੍ਰਦਾਨ ਕਰਨਾ। ਇਸ ਪ੍ਰੋਗਰਾਮ ਦਾ ਇੱਕ ਹੋਰ ਟੀਚਾ ਹੈ ਸਕੂਲਾਂ ਦੇ ਪ੍ਰਬੰਧਨ ਵਿੱਚ ਸਮੁਦਾਏ ਦੇ ਸਰਗਰਮ ਸਹਿਯੋਗ ਦੀ ਸਹਾਇਤਾ ਨਾਲ ਸਮਾਜਿਕ, ਖੇਤਰੀ ਅਤੇ ਲਿੰਗ ਸਬੰਧੀ ਅੰਤਰਾਂ ਨੂੰ ਪਾਰ ਕਰਨਾ।

ਉਪਯੋਗੀ ਅਤੇ ਸਬੰਧਿਤ ਸਿੱਖਿਆ ਦਾ ਅਰਥ ਹੈ ਇੱਕ ਅਜਿਹੀ ਸਿੱਖਿਆ ਪ੍ਰਣਾਲੀ ਦੀ ਤਲਾਸ਼ ਕਰਨੀ ਜੋ ਸਮੁਦਾਏ ਤੋਂ ਅਲੱਗ ਨਹੀਂ ਕਰਦੀ ਬਲਕਿ ਸਮੁਦਾਏ ਦੇ ਭਾਈਚਾਰੇ ਜਾਂ ਇਸ ਦੀ ਏਕਤਾ ’ਤੇ ਵਧਦੀ ਹੈ। ਅਜਿਹੀ ਸਿੱਖਿਆ ਪ੍ਰਣਾਲੀ ਦਾ ਉਦੇਸ਼ ਹੈ ਬੱਚਿਆਂ ਨੂੰ ਉਨ੍ਹਾਂ ਦੇ ਕੁਦਰਤੀ ਵਾਤਾਵਰਣ ਦੇ ਵਿਸ਼ੇ ਵਿੱਚ ਸਿੱਖਣ ਦੇ ਅਵਸਰ ਦੇਣਾ ਅਤੇ ਉਸ ਵਾਤਾਵਰਣ ਨੂੰ ਇਸ ਪ੍ਰਕਾਰ ਵਸ ਵਿੱਚ ਕਰਨਾ ਜਿਸ ਨਾਲ ਉਨ੍ਹਾਂ ਦੀਆਂ ਮਨੁੱਖੀ ਸਮਰੱਥਾਵਾਂ ਦਾ ਜ਼ਿਆਦਾ ਅਤੇ ਭੌਤਿਕ ਰੂਪ ਨਾਲ ਸੰਪੂਰਨ ਵਿਕਾਸ ਹੋ ਸਕੇ। ਇਹ ਤਲਾਸ਼ ਇੱਕ ਅਜਿਹੀ ਕਦਰਾਂ ਕੀਮਤਾਂ ਆਧਾਰਿਤ ਸਿਖਲਾਈ ਦੀ ਪ੍ਰਕਿਰਿਆ ਹੈ ਜੋ ਬੱਚਿਆਂ ਨੂੰ ਇੱਕ ਦੂਜੇ ਦੇ ਹਿੱਤ ਵਿੱਚ ਕੰਮ ਕਰਨ ਦਾ ਅਵਸਰ ਦਿੰਦੀ ਹੈ ਨਾ ਕਿ ਉਨ੍ਹਾਂ ਨੂੰ ਜ਼ਿਆਦਾ ਸਵੈ ਦੀ ਤਰਫ਼ ਖਿੱਚੇ। ਸਰਵ ਸਿੱਖਿਆ ਅਭਿਆਨ ਵਿੱਚ ਸ਼ੁਰੂਆਤੀ ਬਚਪਨ ਦੀ ਦੇਖਭਾਲ ਅਤੇ ਸਿੱਖਿਆ ਦੇ ਮਹੱਤਵ ਨੂੰ ਮਹਿਸੂਸ ਕੀਤਾ ਗਿਆ ਹੈ ਅਤੇ 0–14 ਸਾਲ ਦੀ ਉਮਰ ਨੂੰ ਨਿਰੰਤਰਤਾ ਦੇ ਰੂਪ ਵਿੱਚ ਦੇਖਿਆ ਹੈ। ਆਈਸੀਡੀਐੱਸ ਕੇਂਦਰਾਂ ਵਿੱਚ ਪ੍ਰੀ ਸਕੂਲ ਸਿਖਲਾਈ ਜਾਂ ਗੈਰ ਆਈਸੀਡੀਐੱਸ ਖੇਤਰਾਂ ਵਿੱਚ ਵਿਸ਼ੇਸ਼ ਪ੍ਰੀ ਸਕੂਲ ਕੇਂਦਰਾਂ ਦਾ ਸਮਰਥਨ ਕਰਨ ਲਈ ਸਾਰੇ ਉਪਰਾਲਿਆਂ ਨੂੰ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਪੂਰਕ ਬਣਾਇਆ ਜਾਏਗਾ।

**(ਅ) ਸਰਵ ਸਿੱਖਿਆ ਅਭਿਆਨ ਦੇ ਉਦੇਸ਼**

**ਸਰਵ ਸਿੱਖਿਆ ਅਭਿਆਨ ਦੇ ਉਦੇਸ਼ ਹੇਠ ਲਿਖੇ ਹਨ:**

Notes

• ਇਹ ਸੁਨਿਸ਼ਚਿਤ ਕਰਨਾ ਕਿ ਸਾਰੇ ਬੱਚੇ ਸਕੂਲ ਵਿੱਚ ਆਉਣ। ਜੋ ਬੱਚੇ ਸਕੂਲ ਤੋਂ ਬਾਹਰ ਹਨ, ਉਨ੍ਹਾਂ ਨੂੰ ਵਿਸ਼ੇਸ਼ ਸਕੂਲਾਂ ਦੀਆਂ ਯੋਜਨਾਵਾਂ ਜਿਵੇਂ ਸਿੱਖਿਆ ਗਾਰੰਟੀ ਸਕੀਮ ਅਤੇ ਵਿਕਲਪ ਅਤੇ ਨਵੀਨ ਸਕੂਲ ਪ੍ਰਣਾਲੀ ਤਹਿਤ ਦਾਖਲ ਕੀਤਾ ਜਾਵੇ। 'ਬੈਕ ਟੂ ਸਕੂਲ' (ਵਾਪਸ ਸਕੂਲ ਦੀ ਤਰਫ਼) ਅਭਿਆਨ 2003 ਤੱਕ ਪੂਰਾ ਕਰਨ ਲਈ ਨਿਰਧਾਰਤ ਕੀਤਾ ਗਿਆ ਸੀ ਜਿਸ ਨੂੰ ਬਾਅਦ ਵਿੱਚ 2005 ਤੱਕ ਵਧਾ ਦਿੱਤਾ ਗਿਆ।

• ਸਾਲ 2007 ਤੱਕ ਸਾਰੇ ਬੱਚੇ 5 ਸਾਲ ਦੀ ਪ੍ਰਾਇਮਰੀ ਸਿੱਖਿਆ ਪੂਰੀ ਕਰ ਲੈਣ।

• ਸਾਲ 2010 ਤੱਕ ਸਾਰੇ ਬੱਚੇ 8 ਸਾਲ ਦੀ ਐਲੀਮੈਂਟਰੀ ਸਿੱਖਿਆ ਪੂਰੀ ਕਰ ਲੈਣ।

• 2007 ਤੱਕ ਮੁੱਢਲੇ ਪੜਾਅ ਤੱਕ ਸਾਰੇ ਲਿੰਗ ਅਤੇ ਸਮਾਜਿਕ ਵਰਗ ਅੰਤਰਾਂ ਨੂੰ ਜੋੜਿਆ ਜਾ ਸਕੇ ਅਤੇ 2010 ਤੱਕ ਮੁੱਢਲੇ ਸਿੱਖਿਆ ਪੱਧਰ 'ਤੇ।

• ਸੰਤੁਸ਼ਟੀਜਨਕ ਗੁਣਵੱਤਾ ਦੀ ਐਲੀਮੈਂਟਰੀ ਸਿੱਖਿਆ 'ਤੇ ਜ਼ੋਰ ਜਿਸ ਵਿੱਚ 'ਜੀਵਨ ਲਈ ਸਿੱਖਿਆ' 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਇਸ ਪ੍ਰਕਾਰ ਦੀ ਗੁਣਵੱਤਾ ਭਰਪੂਰ ਐਲੀਮੈਂਟਰੀ ਸਿੱਖਿਆ ਵਿੱਚ ਬੱਚਿਆਂ ਨੂੰ ਜੀਵਨ ਕੁਸ਼ਲ ਸਿਖਾਏ ਜਾਣ।

• ਸਾਲ 2010 ਤੱਕ ਸਰਬਵਿਆਪੀ ਦਾਖਲਾ ਬਣਾਈ ਰੱਖਣਾ

• ਰਾਜਾਂ ਨੂੰ ਸਮੁੱਚੇ ਤੌਰ 'ਤੇ ਸੰਦਰਭ ਵਿਸ਼ੇਸ਼ ਦਿਸ਼ਾ ਨਿਰਦੇਸ਼ ਤਿਆਰ ਕਰਨ ਦੀ ਆਗਿਆ ਦੇਣਾ।

• ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚਲੇ ਜ਼ਿਲ੍ਹਿਆਂ ਨੂੰ ਸਥਾਨਕ ਵਿਸ਼ੇਸ਼ਤਾ ਨੂੰ ਦਰਸਾਉਣ ਲਈ ਉਤਸ਼ਾਹਿਤ ਕਰਨਾ।

• ਵਿਆਪਕ ਰਾਸ਼ਟਰੀ ਨੀਤੀ ਦੇ ਨਿਯਮਾਂ ਦੇ ਆਧਾਰ 'ਤੇ ਸਥਾਨਕ ਲੋੜਾਂ ਆਧਾਰਿਤ ਯੋਜਨਾਬੰਦੀ

ਨੂੰ ਉਤਸ਼ਾਹਿਤ ਕਰਨਾ।

• ਵਿਆਪਕ ਰਾਸ਼ਟਰੀ ਨਿਯਮਾਂ ਨੂੰ ਅਪਣਾ ਕੇ ਇੱਕ ਯਥਾਰਥਵਾਦੀ ਅਭਿਆਸ ਦੀ ਯੋਜਨਾ ਬਣਾਉਣੀ।

ਉਦੇਸ਼ਾਂ ਨੂੰ ਕੌਮੀ ਪੱਧਰ 'ਤੇ ਦਰਸਾਇਆ ਗਿਆ ਹੈ ਹਾਲਾਂਕਿ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਵੱਖ ਵੱਖ ਜ਼ਿਲ੍ਹਿਆਂ ਅਤੇ ਰਾਜਾਂ ਨੂੰ ਆਪੋ ਆਪਣੇ ਪ੍ਰਸੰਗਾਂ ਵਿੱਚ ਅਤੇ ਆਪਣੇ ਸਮਾਂ ਅੰਤਰਾਲ ਵਿੱਚ ਸਰਬਵਿਆਪਕਤਾ ਪ੍ਰਾਪਤ ਕਰਨ ਦੀ ਸੰਭਾਵਨਾ ਹੈ। 2010 ਅਜਿਹੀਆਂ ਪ੍ਰਾਪਤੀਆਂ ਦੀ ਬਾਹਰੀ ਹੱਦ ਹੈ। ਵੱਖ ਵੱਖ ਰਣਨੀਤੀਆਂ ਰਾਹੀਂ ਬਾਹਰ ਤੋਂ ਸਕੂਲ ਦੇ ਬੱਚਿਆਂ ਨੂੰ ਮੁੱਖ ਧਾਰਾ 'ਤੇ ਜ਼ੋਰ ਦਿੱਤਾ ਗਿਆ ਹੈ ਜਿੰਨਾ ਸੰਭਵ ਹੋ ਸਕੇ ਅਤੇ 6-14 ਉਮਰ ਗਰੁੱਪ ਦੇ ਸਾਰੇ ਬੱਚਿਆਂ ਲਈ ਅੱਠ ਸਾਲ ਦੀ ਸਕੂਲੀ ਸਿੱਖਿਆ ਪ੍ਰਦਾਨ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਇਸ ਦਾ ਜ਼ੋਰ ਲਿੰਗ ਅਤੇ ਸਮਾਜਿਕ ਫਰਕ ਦੇ ਪੁਲ ਅਤੇ ਕੁੱਲ ਧਾਰਨ 'ਤੇ ਹੈ। ਸਕੂਲਾਂ ਵਿੱਚ ਸਾਰੇ ਬੱਚਿਆਂ ਨੂੰ ਬਣਾਈ ਰੱਖਣਾ ਇਸ ਢਾਂਚੇ ਤਹਿਤ ਇਹ ਉਮੀਦ ਕੀਤੀ ਜਾਂਦੀ ਹੈ ਕਿ ਸਿੱਖਿਆ ਪ੍ਰਣਾਲੀ ਪ੍ਰਸੰਗਿਕ ਬਣਾਈ ਜਾਏਗੀ ਜਿਸ ਨਾਲ ਬੱਚੇ ਅਤੇ ਮਾਤਾ ਪਿਤਾ ਆਪਣੇ ਕੁਦਰਤੀ ਅਤੇ ਸਮਾਜਿਕ ਵਾਤਾਵਰਣ ਅਨੁਸਾਰ ਸਕੂਲ ਪ੍ਰਣਾਲੀ ਨੂੰ ਉਪਯੋਗੀ ਕਰ ਸਕਣ।

**ਸਰਬਸਿੱਖਿਆ ਅਭਿਆਨ ਇੱਕ ਢਾਂਚੇ ਅਤੇ ਇੱਕ ਪ੍ਰੋਗਰਾਮ ਵਜੋਂ**

ਸਰਬ ਸਿੱਖਿਆ ਅਭਿਆਨ ਦੇ ਦੋ ਪਹਿਲੂ ਹਨ-1) ਇਹ ਐਲੀਮੈਂਟਰੀ ਸਿੱਖਿਆ ਸਕੀਮਾਂ ਨੂੰ ਲਾਗੂ ਕਰਨ ਲਈ ਵਿਆਪਕ ਕਨਵਰਜੈਂਟ ਫਰੇਮਵਰਕ ਪ੍ਰਦਾਨ ਕਰਦਾ ਹੈ, 2) ਇਹ ਵੀ ਇੱਕ

Notes

ਪ੍ਰੋਗਰਾਮ ਹੈ ਜੋ ਮੁੱਢਲੀ ਵਿਦਿਆ ਦੀ ਸਰਬਵਿਆਪਕਤਾ ਪ੍ਰਾਪਤ ਕਰਨ ਲਈ ਜ਼ਰੂਰੀ ਖੇਤਰਾਂ ਨੂੰ ਮਜ਼ਬੂਤ ਕਰਨ ਲਈ ਬਜਟ ਦੇ ਪ੍ਰਬੰਧਾਂ ਦਾ ਪ੍ਰੋਗਰਾਮ ਹੈ। ਜਦੋਂ ਕਿ ਰਾਜ ਅਤੇ ਕੇਂਦਰੀ ਯੋਜਨਾਵਾਂ ਦੇ ਮੁੱਢਲੇ ਵਿਦਿਆ ਖੇਤਰ ਵਿਚਲੇ ਸਾਰੇ ਨਿਵੇਸ਼ ਐੱਸ.ਐੱਸ.ਏ. ਢਾਂਚੇ ਦੇ ਹਿੱਸੇ ਵਜੋਂ ਦਰਸਾਏ ਜਾਣਗੇ। ਉਹ ਅਗਲੇ ਕੁਝ ਸਾਲਾਂ ਦੇ ਅੰਦਰ ਸਾਰੇ ਐੱਸ.ਐੱਸ.ਏ. ਪ੍ਰੋਗਰਾਮ ਵਿੱਚ ਸ਼ਾਮਲ ਹੋ ਜਾਣਗੇ। ਇੱਕ ਪ੍ਰੋਗਰਾਮ ਦੇ ਰੂਪ ਵਿੱਚ ਇਹ ਯੂਈਈ ਲਈ ਵਾਧੂ ਸਰੋਤ ਪ੍ਰਬੰਧ ਨੂੰ ਦਰਸਾਉਂਦਾ ਹੈ।

## 6.4 ਐੱਸਐੱਸਏ ਪ੍ਰੋਗਰਾਮ ਦੀਆਂ ਮੁੱਖ ਰਣਨੀਤੀਆਂ

• **ਸੰਸਥਾਗਤ ਸੁਧਾਰ:** ਸਰਵ ਸਿੱਖਿਆ ਅਭਿਆਨ ਦੇ ਇੱਕ ਅੰਸ਼ ਦੇ ਰੂਪ ਵਿੱਚ ਸੰਚਾਲਨ ਪ੍ਰਣਾਲੀ ਦੀ ਕਾਰਜਕੁਸ਼ਲਤਾ ਵਧਾਉਣ ਦੀ ਦ੍ਰਿਸ਼ਟੀ ਨਾਲ ਕੇਂਦਰ ਅਤੇ ਰਾਜ ਸਰਕਾਰਾਂ ਜ਼ਰੂਰੀ ਸੁਧਾਰ ਕਰਨਗੀਆਂ। ਰਾਜਾਂ ਨੂੰ ਸਿੱਖਿਆ ਪ੍ਰਬੰਧਨ, ਸਕੂਲਾਂ ਵਿੱਚ ਉਪਲੱਬਧੀ ਪੱਧਰ, ਵਿੱਤੀ ਮਾਮਲੇ, ਵਿਕੇਂਦਰੀਕਰਨ, ਅਧਿਆਪਕਾਂ ਦੀ ਭਰਤੀ, ਨਿਗਰਾਨੀ ਅਤੇ ਮੁਲਾਂਕਣ, ਸਮੁਦਾਏ ਖੁਦਮੁਖਤਿਆਰੀ, ਰਾਜ ਸਿੱਖਿਆ ਕਾਨੂੰਨ, ਲੜਕੀਆਂ ਦੀ ਸਿੱਖਿਆ ਦੀ ਸਥਿਤੀ, ਅਨੁਸੂਚਿਤ ਜਾਤੀਆਂ/ਜਨ ਜਾਤੀਆਂ ਅਤੇ ਵੰਚਿਤ ਸਮੂਹਾਂ ਦੀ ਸਿੱਖਿਆ ਅਤੇ ਸ਼ੁਰੂਆਤੀ ਬਚਪਨ ਦੇਖਭਾਲ ਅਤੇ ਸਿੱਖਿਆ ਸਮੇਤ ਆਪਣੀ ਸਿੱਖਿਆ ਪ੍ਰਣਾਲੀ ਦਾ ਇੱਕ ਵਸਤੂਗਤ ਮੁਲਾਂਕਣ ਕਰਨਾ ਹੋਏਗਾ। ਕਈ ਰਾਜਾਂ ਨੇ ਆਪਣੀ ਐਲੀਮੈਂਟਰੀ ਸਿੱਖਿਆ ਦੀ ਸੰਚਾਲਨ ਪ੍ਰਕਿਰਿਆ ਵਿੱਚ ਪਹਿਲਾਂ ਤੋਂ ਹੀ ਕਾਫ਼ੀ ਤਬਦੀਲੀ ਲਿਆਂਦੀ ਹੈ।

• **ਨਿਰੰਤਰ ਵਿੱਤ ਪੋਸ਼ਣ:** ਸਰਵ ਸਿੱਖਿਆ ਅਭਿਆਨ ਇਸ ਤਰਕ 'ਤੇ ਆਧਾਰਿਤ ਹੈ ਕਿ ਐਲੀਮੈਂਟਰੀ ਸਿੱਖਿਆ ਦਾ ਨਿਰੰਤਰ ਵਿੱਤ ਪੋਸ਼ਣ ਰਹਿਣਾ ਚਾਹੀਦਾ ਹੈ। ਇਸ ਲਈ ਇਹ ਲਾਜ਼ਮੀ ਹੈ ਕਿ ਕੇਂਦਰ ਅਤੇ ਰਾਜਾਂ ਦੇ ਵਿਚਕਾਰ ਵਿੱਤੀ ਸਹਿਭਾਗਤਾ ਵਿੱਚ ਇੱਕ ਲੰਬੇ ਸਮੇਂ ਦਾ ਨਜ਼ਰੀਆ ਹੋਵੇ।

• **ਸਮੁਦਾਏ ਮਲਕੀਅਤ:** ਸਰਵ ਸਿੱਖਿਆ ਅਭਿਆਨ ਲਈ ਇਹ ਲਾਜ਼ਮੀ ਹੈ ਕਿ ਪ੍ਰਭਾਵੀ ਵਿਕੇਂਦਰੀਕਰਨ ਰਾਹੀਂ ਸਕੂਲ ਆਧਾਰਿਤ ਪ੍ਰੋਗਰਾਮਾਂ ਦੀ ਮਲਕੀਅਤ ਸਮੁਦਾਏ ਦੇ ਹੱਥ ਵਿੱਚ ਹੋਵੇ। ਇਸ ਵਿੱਚ ਤੇਜ਼ੀ ਲਿਆਉਣ ਲਈ ਔਰਤਾਂ, ਗ੍ਰਾਮ ਸਿੱਖਿਆ ਕਮੇਟੀ ਦੇ ਮੈਂਬਰਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਦੇ ਮੈਂਬਰਾਂ ਨੂੰ ਸ਼ਾਮਲ ਕੀਤਾ ਜਾਵੇ।

• **ਸੰਸਥਾਗਤ ਸਮਰੱਥਾ ਨਿਰਮਾਣ:** ਸਰਵ ਸਿੱਖਿਆ ਅਭਿਆਨ ਤਹਿਤ ਐੱਨ.ਯੂ.ਈ.ਪੀ.ਏ., ਐੱਨ.ਸੀ.ਈ.ਆਰ.ਟੀ., ਐੱਨ.ਸੀ.ਟੀ.ਈ, ਐੱਸ.ਸੀ.ਈ.ਆਰ.ਟੀ, ਐੱਸ.ਆਈ.ਈ. ਐੱਮ.ਏ.ਟੀ./ ਡਾਇਟ ਵਰਗੀਆਂ ਰਾਸ਼ਟਰੀ ਅਤੇ ਰਾਜ ਪੱਧਰੀ ਸੰਸਥਾਵਾਂ ਦੀ ਸਮਰੱਥਾ ਨਿਰਮਾਣ ਵਿੱਚ ਭੂਮਿਕਾ ਕਾਫ਼ੀ ਅਹਿਮ ਮੰਨੀ ਜਾਂਦੀ ਹੈ।

• ਗੁਣਵੱਤਾ ਵਿੱਚ ਸੁਧਾਰ ਲਈ ਇਹ ਲਾਜ਼ਮੀ ਹੈ ਕਿ ਮਾਹਿਰਾਂ ਅਤੇ ਸੰਸਥਾਵਾਂ ਦੀ ਇੱਕ ਅਖੰਡ ਸਹਾਇਕ ਪ੍ਰਣਾਲੀ ਮੌਜੂਦ ਹੋਵੇ।

• **ਮੁੱਖ ਧਾਰਾ ਸਿੱਖਿਆ ਪ੍ਰਬੰਧਨ ਵਿੱਚ ਸੁਧਾਰ ਲਿਆਉਣਾ:** ਇਸ ਲਈ ਲਾਜ਼ਮੀ ਹੈ ਕਿ ਸੰਸਥਾਗਤ ਵਿਕਾਸ ਹੋਵੇ, ਨਵੀਆਂ ਪਹੁੰਚਾਂ ਲਿਆਂਦੀਆਂ ਜਾਣ ਜੋ ਵੀ ਵਿਧੀਆਂ ਪ੍ਰਯੋਗ ਵਿੱਚ ਲਿਆਂਦੀਆਂ ਜਾਣ ਉਹ ਲਾਗਤ ਪ੍ਰਭਾਵੀ ਅਤੇ ਕੁਸ਼ਲ ਹੋਣ।

• **ਸੰਪੂਰਨ ਪਾਰਦਰਸ਼ਤਾ ਨਾਲ ਸਮੁਦਾਏ ਆਧਾਰਿਤ ਨਿਗਰਾਨੀ:** ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਵਿੱਚ ਸਮੁਦਾਏ ਆਧਾਰਿਤ ਨਿਗਰਾਨੀ ਪ੍ਰਣਾਲੀ ਦਾ ਪ੍ਰਯੋਗ ਹੋਏਗਾ। ਸਿੱਖਿਆ ਪ੍ਰਬੰਧਨ ਸੂਚਨਾ ਪ੍ਰਣਾਲੀ, ਸੂਖਮ ਆਯੋਜਨ ਅਤੇ ਸਰਵੇਖਣ ਤੋਂ ਪ੍ਰਾਪਤ ਸਮੁਦਾਏ ਆਧਾਰਿਤ ਸੂਚਨਾਵਾਂ ਅਤੇ ਸਕੂਲ ਪੱਧਰੀ ਅੰਕੜਿਆਂ ਵਿੱਚ ਤਾਲਮੇਲ ਹੋਣਾ ਚਾਹੀਦਾ ਹੈ। ਇਸ ਤੋਂ

ਇਲਾਵਾ ਹਰੇਕ ਸਕੂਲ ਤੋਂ ਇਹ ਉਮੀਦ ਹੋਏਗੀ ਕਿ ਉਹ ਪ੍ਰਾਪਤ ਅਨੁਦਾਨਾਂ ਸਮੇਤ ਸਭ ਪ੍ਰਕਾਰ ਦੀਆਂ ਸੂਚਨਾਵਾਂ ਨੂੰ ਹੋਰ ਸਕੂਲਾਂ ਨਾਲ ਵੰਡਣ।

• **ਬਸਤੀਆਂ ਯੋਜਨਾ ਦੀ ਇਕਾਈ ਦੇ ਰੂਪ ਵਿੱਚ:** ਬਸਤੀ ਆਧਾਰਿਤ ਯੋਜਨਾਵਾਂ ਜ਼ਿਲ੍ਹਾ ਯੋਜਨਾਵਾਂ ਦਾ ਆਧਾਰ ਬਣਨਗੀਆਂ।

• **ਸਮੁਦਾਏ ਪ੍ਰਤੀ ਜਵਾਬਦੇਹੀ:** ਸਰਵ ਸਿੱਖਿਆ ਅਭਿਆਨ ਦੇ ਤਹਿਤ ਅਧਿਆਪਕਾਂ ਅਤੇ ਮਾਪਿਆਂ ਦੇ ਵਿਚਕਾਰ ਸਹਿਯੋਗ ਦੀ ਕਲਪਨਾ ਕੀਤੀ ਜਾਂਦੀ ਹੈ ਅਤੇ ਇਹ ਸਾਰੇ ਸਮੁਦਾਏ ਦੇ ਪ੍ਰਤੀ ਜਵਾਬਦੇਹ ਅਤੇ ਪਾਰਦਰਸ਼ੀ ਹੋਣਗੇ।

• **ਲੜਕੀਆਂ ਦੀ ਸਿੱਖਿਆ ਨੂੰ ਤਰਜੀਹ:** ਸਰਵ ਸਿੱਖਿਆ ਅਭਿਆਨ ਵਿੱਚ ਲੜਕੀਆਂ ਦੀ ਸਿੱਖਿਆ ਅਤੇ ਵਿਸ਼ੇਸ਼ ਕਰਕੇ ਅਨੁਸੂਚਿਤ ਜਾਤੀਆਂ/ਜਨ ਜਾਤੀਆਂ ਅਤੇ ਘੱਟਗਿਣਤੀ ਵਰਗ ਦੀਆਂ ਲੜਕੀਆਂ ਦੀ ਸਿੱਖਿਆ ਨੂੰ ਤਰਜੀਹ ਦਿੱਤੀ ਜਾਏਗੀ।

• **ਵਿਸ਼ੇਸ਼ ਸਮੂਹਾਂ ’ਤੇ ਜ਼ੋਰ:** ਸਿੱਖਿਆ ਪ੍ਰਕਿਰਿਆ ਵਿੱਚ ਅਨੁਸੂਚਿਤ ਜਾਤੀਆਂ/ਜਨਜਾਤੀਆਂ, ਘੱਟਗਿਣਤੀ ਸਮੂਹਾਂ, ਸ਼ਹਿਰੀ ਵੰਚਿਤ ਬੱਚਿਆਂ, ਹੋਰ ਵੰਚਿਤ ਸਮੂਹਾਂ ਅਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਸ਼ਾਮਲ ਕਰਨ ਅਤੇ ਸਹਿਭਾਗੀ ਬਣਾਉਣ ’ਤੇ ਜ਼ੋਰ ਦਿੱਤਾ ਜਾਏਗਾ।

• **ਗੁਣਵੱਤਾ ’ਤੇ ਦਬਾਅ:** ਸਰਵ ਸਿੱਖਿਆ ਅਭਿਆਨ ਦਾ ਐਲੀਮੈਂਟਰੀ ਪੱਧਰ ਦੇ ਬੱਚਿਆਂ ਦੀ ਸਿੱਖਿਆ ਨੂੰ ਲਾਭਕਾਰੀ ਅਤੇ ਪ੍ਰਸੰਗਿਕ ਬਣਾਉਣ ਲਈ ਵਿਸ਼ੇਸ਼ ਜ਼ੋਰ ਦਿੱਤਾ ਹੈ। ਇਸ ਲਈ ਪਾਠਕ੍ਰਮ ਵਿੱਚ ਸੁਧਾਰ ਲਿਆ ਕੇ, ਬਾਲ ਕੇਂਦਰਿਤ ਕਿਰਿਆਵਾਂ ਰਾਹੀਂ ਅਤੇ ਪ੍ਰਭਾਵੀ ਅਧਿਆਪਨ ਸਿਖਲਾਈ ਰਣਨੀਤੀਆਂ ਅਪਣਾਈਆਂ ਜਾਂਦੀਆਂ ਹਨ।

• **ਅਧਿਆਪਕਾਂ ਦੀ ਭੂਮਿਕਾ:** ਸਰਵ ਸਿੱਖਿਆ ਅਭਿਆਨ ਦਾ ਇਹ ਵਿਸ਼ਵਾਸ ਹੈ ਕਿ ਅਧਿਆਪਕਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਅਤੇ ਕੇਂਦਰੀ ਹੁੰਦੀ ਹੈ। ਇਸ ਲਈ ਉਨ੍ਹਾਂ ਦੀਆਂ ਵਿਕਾਸਾਤਮਕ ਲੋੜਾਂ ’ਤੇ ਜ਼ੋਰ ਦਿੱਤਾ ਜਾਂਦਾ ਹੈ। ਇਸ ਲਈ ਬਲਾਕ ਸਰੋਤ ਕੇਂਦਰ, ਕਲੱਸ਼ਟਰ ਸਰੋਤ ਕੇਂਦਰ, ਯੋਗ ਅਧਿਆਪਕਾਂ ਦੀ ਭਰਤੀ, ਪਾਠਕ੍ਰਮ ਸੰਬਧਿਤ ਪਾਰਦਰਸ਼ੀ ਸਮੱਗਰੀ ਦੇ ਵਿਕਾਸ ਵਿੱਚ ਸ਼ਾਮਲ ਕਰਕੇ ਅਤੇ ਅਧਿਆਪਕਾਂ ਲਈ ਸਾਹਸੀ ਦੌਰਿਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਤਾਂ ਕਿ ਅਧਿਆਪਕਾਂ ਦਾ ਮਨੁੱਖੀ ਸਰੋਤ ਦੇ ਰੂਪ ਵਿੱਚ ਵਿਕਾਸ ਹੋ ਸਕੇ।

• **ਜ਼ਿਲ੍ਹਾ ਐਲੀਮੈਂਟਰੀ ਸਿੱਖਿਆ ਯੋਜਨਾ:** ਸਰਵ ਸਿੱਖਿਆ ਅਭਿਆਨ ਦੇ ਢਾਂਚੇ ਅਨੁਸਾਰ ਹਰੇਕ ਜ਼ਿਲ੍ਹਾ ਆਪਣੀ ਇੱਕ ਜ਼ਿਲ੍ਹਾ ਪੱਧਰੀ ਐਲੀਮੈਂਟਰੀ ਸਿੱਖਿਆ ਯੋਜਨਾ ਤਿਆਰ ਕਰੇਗਾ ਜਿਸ ਵਿੱਚ ਸਭ ਪ੍ਰਕਾਰ ਦੇ ਕੀਤੇ ਗਏ ਨਿਵੇਸ਼ ਜਿਨ੍ਹਾਂ ਦੀ ਐਲੀਮੈਂਟਰੀ ਸਿੱਖਿਆ ਦੇ ਖੇਤਰ ਵਿੱਚ ਲੋੜ ਹੈ, ਪ੍ਰਤੀਬਿੰਬਤ ਕੀਤੇ ਜਾਣਗੇ।

**ਸਰਵ ਸਿੱਖਿਆ ਅਭਿਆਨ ਵਿੱਚ ਜਨਤਕ-ਨਿੱਜੀ ਸਹਿਭਾਗਤਾ**

ਸਰਵ ਸਿੱਖਿਆ ਅਭਿਆਨ ਇਸ ਗੱਲ ਨੂੰ ਮੰਨਦਾ ਹੈ ਕਿ ਐਲੀਮੈਂਟਰੀ ਸਿੱਖਿਆ ਦਾ ਪ੍ਰਾਵਧਾਨ ਮੁੱਖ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਹੁੰਦਾ ਹੈ। ਪਰ ਦੇਸ਼ ਦੇ ਵਿਭਿੰਨ ਭਾਗਾਂ ਵਿੱਚ ਬਹੁਤ ਸਾਰੀਆਂ ਅਜਿਹੀਆਂ ਸੰਸਥਾਵਾਂ ਵੀ ਹਨ ਜੋ ਨਿੱਜੀ ਹੁੰਦੇ ਹੋਏ ਵੀ ਐਲੀਮੈਂਅਰੀ ਸਿੱਖਿਆ ਦੀ ਜ਼ਿੰਮੇਵਾਰੀ ਲਈ ਹੋਈ ਹੈ। ਗਰੀਬ ਪਰਿਵਾਰ ਦੇਸ਼ ਦੇ ਵਿਭਿੰਨ ਭਾਗਾਂ ਵਿੱਚ ਨਿੱਜੀ ਸਕੂਲਾਂ ਵੱਲੋਂ ਲਈ ਜਾਣ ਵਾਲੀ ਫੀਸ ਨੂੰ ਅਦਾ ਨਹੀਂ ਕਰ ਸਕਦੇ। ਪਰ ਕੁਝ ਅਜਿਹੇ ਨਿੱਜੀ ਸਕੂਲ ਵੀ ਹਨ ਜਿਨ੍ਹਾਂ ਦੀ ਫੀਸ ਆਮ ਹੁੰਦੀ ਹੈ ਅਤੇ ਜਿੱਥੇ ਗਰੀਬ ਬੱਚਿਆਂ ਨੂੰ ਵੀ ਸਿੱਖਿਆ ਦੇਣ ਦਾ ਪ੍ਰਾਵਧਾਨ ਹੈ। ਇਸ ਵਿੱਚ ਕੁਝ ਸਕੂਲਾਂ ਵਿੱਚ ਸੁਵਿਧਾਵਾਂ ਦੀ ਕਮੀ ਦੇਖੀ ਗਈ ਹੈ ਅਤੇ ਅਧਿਆਪਕਾਂ ਨੂੰ ਪੂਰਾ ਵੇਤਨ ਨਹੀਂ ਮਿਲਦਾ। ਸਰਕਾਰ ਇਸ ਲਈ ਸਮਾਜਿਕ ਨਿਆਂ ਅਤੇ ਸਮਾਨਤਾ ਨੂੰ ਪ੍ਰੋਤਸਾਹਨ ਦਿੰਦੇ ਹੋਏ ਉਨ੍ਹਾਂ ਨੂੰ ਸਹਾਇਤਾ ਦੇ ਰਹੀ ਹੈ। ਸਰਕਾਰੀ ਨਿੱਜੀ ਸਹਿਭਾਗਤਾ ਕਈ ਹੋਰ ਪੱਖਾਂ ਵਿੱਚ ਵੀ ਦੇਖੀ ਜਾ ਸਕਦੀ ਹੈ ਜਿਵੇਂ ਮਿਡ-ਡੇ-ਮੀਲ। ਦੂਸਰੀ

ਤਰਫ਼ ਜੇਕਰ ਨਿੱਜੀ ਖੇਤਰ ਆਪਣੇ ਉਪਰਾਲਿਆਂ ਰਾਹੀਂ ਸਰਕਾਰੀ ਸਕੂਲਾਂ ਦੀ ਸਥਿਤੀ ਵਿੱਚ ਸੁਧਾਰ ਲਿਆਉਣਾ ਚਾਹੁੰਦੇ ਹਨ ਤਾਂ ਇਸ ਵਿੱਚ ਵੀ ਸਰਕਾਰੀ ਨਿੱਜੀ ਸਹਿਭਾਗਤਾ ਲਾਜ਼ਮੀ ਹੈ। ਰਾਜ ਦੀਆਂ ਨੀਤੀਆਂ 'ਤੇ ਨਿਰਭਰ ਕਰਦਿਆਂ ਡਾਇਟ ਅਤੇ ਹੋਰ ਸਰਕਾਰੀ ਅਧਿਆਪਕ ਟਰੇਨਿੰਗ ਸੰਸਥਾਵਾਂ ਨੂੰ ਨਿੱਜੀ ਗੈਰ-ਇਮਦਾਰੀ ਸੰਸਥਾਵਾਂ ਲਈ ਸਾਧਨ ਮੁਹੱਈਆ ਕਰਨ ਲਈ ਵਰਤਿਆ ਜਾ ਸਕਦਾ ਹੈ।

## 6.5 ਸਰਵ ਸਿੱਖਿਆ ਅਭਿਆਨ ਤਹਿਤ ਵਿੱਤੀ ਮਾਪਦੰਡ

• ਇਸ ਅਭਿਆਨ ਤਹਿਤ ਕੇਂਦਰ ਅਤੇ ਰਾਜਾਂ ਤੋਂ ਪ੍ਰਾਪਤ ਵਿੱਤੀ ਸਹਾਇਤਾ ਦਾ ਅਨੁਪਾਤ ਨੌਵੀਂ ਪੰਜ ਸਾਲਾ ਯੋਜਨਾ ਵਿੱਚ 85:15 ਦਾ ਹੋਏਗਾ, ਦਸਵੀਂ ਪੰਜ ਸਾਲਾ ਯੋਜਨਾ ਵਿੱਚ 75:25 ਦਾ ਹੋਏਗਾ ਅਤੇ ਇਸ ਤੋਂ ਬਾਅਦ ਇਹ ਅਨੁਪਾਤ 50 :50 ਦਾ ਹੋਏਗਾ।

• ਰਾਜ ਸਰਕਾਰਾਂ ਨੂੰ ਮੁੱਢਲੀ ਸਿੱਖਿਆ ਵਿੱਚ ਆਪਣੇ ਵਿੱਚ ਨਿਵੇਸ਼ ਦੇ ਪੱਧਰ ਨੂੰ 1999-2000 ਦੇ ਰੂਪ ਵਿੱਚ ਕਾਇਮ ਰੱਖਣਾ ਹੋਏਗਾ। ਐੱਸ.ਐੱਸ.ਏ. ਲਈ ਰਾਜ ਦੇ ਹਿੱਸੇ ਵਜੋਂ ਯੋਗਦਾਨ ਇਸ ਨਿਵੇਸ਼ ਤੋਂ ਉੱਪਰ ਹੋਏਗਾ।

• ਭਾਰਤ ਸਰਕਾਰ ਰਾਜ ਸਰਕਾਰਾਂ ਨੂੰ ਅਤੇ ਕੇਂਦਰ ਸ਼ਾਸਿਤ ਰਾਜਾਂ ਨੂੰ ਅਗਲੀ ਕਿਸ਼ਤ ਇਸ ਸ਼ਰਤ 'ਤੇ ਦਏਗੀ ਜਦੋਂ ਇਹ ਸੁਨਿਸ਼ਚਿਤ ਹੋ ਜਾਏਗਾ ਕਿ ਪਿਛਲੀ ਅਨੁਦਾਨ ਕਿਸ਼ਤ ਰਾਜ ਲਾਗੂ ਕਰਨ ਸੁਸਾਇਟੀ ਦੇ ਖਾਤੇ ਵਿੱਚ ਟਰਾਂਸਫਰ ਕਰ ਦਿੱਤੀ ਗਈ ਹੈ।

• ਐੱਸ.ਐੱਸ.ਏ. ਪ੍ਰੋਗਰਾਮ ਤਹਿਤ ਨਿਯੁਕਤ ਅਧਿਆਪਕ ਤਨਖਾਹ ਲਈ ਸਹਾਇਤਾ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਵਿਚਕਾਰ ਨੌਵੀਂ ਪੰਜ ਸਾਲਾ ਯੋਜਨਾ ਦੌਰਾਨ 85:15 ਦੇ ਅਨੁਪਾਤ ਅਤੇ 10ਵੀਂ ਪੰਜ ਸਾਲਾ ਯੋਜਨਾ ਦੌਰਾਨ 75:25 ਅਤੇ ਉਸ ਤੋਂ ਬਾਅਦ 50:50 ਸਾਂਝੀ ਕੀਤੀ ਜਾ ਸਕਦੀ ਹੈ।

• ਵਿਭਾਗ ਦੀ ਐਲੀਮੈਂਟਰੀ ਸਿੱਖਿਆ ਦੀਆਂ ਮੌਜੂਦਾ ਸਕੀਮਾਂ (ਰਾਸ਼ਟਰੀ ਬਾਲਭਵਨ ਅਤੇ ਐੱਨਸੀਟੀਈ ਨੂੰ ਛੱਡ ਕੇ) 9ਵੀਂ ਯੋਜਨਾ ਤੋਂ ਬਾਅਦ ਇਕੱਤਰ ਹੋਣਗੀਆਂ। ਪ੍ਰਾਇਮਰੀ ਸਿੱਖਿਆ (ਮਿਡ-ਡੇ-ਮੀਲ) ਲਈ ਪੋਸ਼ਣ ਸਬੰਧੀ ਸਹਾਇਤਾ ਲਈ ਰਾਸ਼ਟਰੀ ਪ੍ਰੋਗਰਾਮ ਖਾਦ ਨਾਲ ਅਲੱਗ ਅਲੱਗ ਦਖਲ ਹੋਣਗੇ ਅਤੇ ਕੇਂਦਰ ਸਰਕਾਰ ਵੱਲੋਂ ਵਿਸ਼ੇਸ਼ ਆਵਾਜਾਈ ਲਾਗਤ ਅਤੇ ਰਾਜ ਸਰਕਾਰ ਵੱਲੋਂ ਪਕਾਏ ਜਾਣ ਵਾਲੇ ਭੋਜਨ ਦੀ ਲਾਗਤ।

• ਜ਼ਿਲ੍ਹਾ ਸਿੱਖਿਆ ਯੋਜਨਾਵਾਂ ਹੋਰ ਗੱਲਾਂ ਦੇ ਨਾਲ ਨਾਲ ਵੱਖ ਵੱਖ ਹਿੱਸਿਆਂ ਜਿਵੇਂ ਪੀਐੱਮਜੀਵਾਈ, ਜੇਜੀਐੱਸਵਾਈ ਪੀਐੱਮਆਰਵਾਈ, ਸੰਚਿਤ ਰੁਜ਼ਗਾਰ ਯੋਜਨਾ, ਐੱਮਪੀਜ਼/ਐੱਮਐੱਲਏਜ਼ ਦਾ ਖੇਤਰ ਫੰਡ, ਰਾਜ ਯੋਜਨਾ, ਵਿਦੇਸ਼ੀ ਫੰਡਿੰਗ (ਜੇਕਰ ਕੋਈ ਹੈ) ਅਤੇ ਐੱਨਜੀਓ ਖੇਤਰ ਵਿੱਚ ਉਤਪੰਨ ਸਰੋਤਾਂ ਨਾਲ ਫੰਡ/ਸਰੋਤਾਂ ਨੂੰ ਸਪੱਸ਼ਟ ਰੂਪ ਨਾਲ ਪ੍ਰਦਰਸ਼ਿਤ ਕਰਦੀਆਂ ਹਨ।

• ਵੀਈਸੀ/ਸਕੂਲ ਪ੍ਰਬੰਧਨ ਕਮੇਟੀਆਂ/ਗ੍ਰਾਮ ਪੰਚਾਇਤ/ਜਾਂ ਕਿਸੇ ਵੀ ਹੋਰ ਪਿੰਡ/ਸਕੂਲ ਪੱਧਰ ਦੀ ਵਿਵਸਥਾ ਨੂੰ ਟਰਾਂਸਫਰ ਕਰਨ ਲਈ ਸਕੂਲਾਂ ਦੇ ਅਪਗ੍ਰੇਡੇਸ਼ਨ, ਰੱਖ ਰਖਾਅ, ਮੁਰੰਮਤ ਅਤੇ ਅਧਿਆਪਨ ਸਿੱਖਣ ਦੇ ਉਪਕਰਨ ਅਤੇ ਸਥਾਨਕ ਪ੍ਰਬੰਧਨ ਲਈ ਵਰਤੇ ਜਾਣ ਵਾਲੇ ਸਾਰੇ ਫੰਡ।

• ਵਜ਼ੀਫਾ ਅਤੇ ਵਰਦੀ ਵੰਡਣ ਵਰਗੀਆਂ ਹੋਰ ਪ੍ਰੋਤਸਾਹਨ ਸਕੀਮਾਂ ਨੂੰ ਰਾਜ ਯੋਜਨਾ ਤਹਿਤ ਵਿੱਤ ਪੋਸ਼ਣ ਕੀਤਾ ਜਾਏਗਾ। ਉਨ੍ਹਾਂ ਨੂੰ ਐੱਸਐੱਸਏ ਪ੍ਰੋਗਰਾਮ ਤਹਿਤ ਵਿੱਤ ਪੋਸ਼ਣ ਨਹੀਂ ਕੀਤਾ ਜਾਏਗਾ।

## 6.6 ਸਕੂਲ ਅਤੇ ਹੋਰ ਸਬੰਧਿਤ ਸੁਵਿਧਾਵਾਂ ਦਾ ਵਿਕਾਸ

ਜਿਵੇਂ ਤੁਹਾਨੂੰ ਪਤਾ ਹੋਏਗਾ ਕਿ ਐਲੀਮੈਂਟਰੀ ਸਿੱਖਿਆ ਰਾਜਾਂ ਦੀ ਜ਼ਿੰਮੇਵਾਰੀ ਅਤੇ ਅਧਿਕਾਰ ਖੇਤਰ ਹੈ। ਪਰ ਐਲੀਮੈਂਟਰੀ ਸਿੱਖਿਆ ਦੇ ਫੰਡ ਕੇਂਦਰ ਸਕਰਾਰ ਜ਼ਰੀਏ ਦਿੱਤੇ ਜਾਂਦੇ ਹਨ। ਇਸ ਦੇ

ਸਿੱਟੇ ਵਜੋਂ ਹੁਣ ਰਾਜ ਬੁਨਿਆਦੀ ਸੁਵਿਧਾਵਾਂ ਲਈ, ਅਧਿਆਪਕਾਂ ਦੀ ਨਿਯੁਕਤੀ ਲਈ ਅਤੇ ਅਧਿਆਪਕ ਸਿਖਲਾਈ ਦੇਣ ਲਈ ਵਾਧੂ ਵਿੱਤੀ ਸਾਧਨਾਂ ਦਾ ਪ੍ਰਯੋਗ ਕਰ ਸਕਦੇ ਹਨ। ਇਸ ਲਈ ਸਰਵ ਸਿੱਖਿਆ ਅਭਿਆਨ ਭੌਤਿਕ ਅਤੇ ਮਨੁੱਖੀ ਸਰੋਤ ਟੀਚਿਆਂ ਨੂੰ, ਵਿਸ਼ੇਸ਼ ਕਰਕੇ ਕਲਾਸਾਂ, ਪਾਠ ਪੁਸਤਕਾਂ ਦੀ ਵੰਡ, ਅਧਿਆਪਕ ਨਿਯੁਕਤੀ ਅਤੇ ਅਧਿਆਪਕ ਸਿਖਲਾਈ ਦੀ ਦ੍ਰਿਸ਼ਟੀ ਨਾਲ ਪ੍ਰਾਪਤ ਨਹੀਂ ਕਰ ਸਕਿਆ ਹੈ।

Notes

**ਸਰਵ ਸਿੱਖਿਆ ਅਭਿਆਨ ਵਿੱਚ ਦਖਲਅੰਦਾਜ਼ੀ**

1. **ਏਆਈਈ:** ਵਿਕਲਪਕ ਅਤੇ ਨਵੀਨ ਸਿੱਖਿਆ ਸਾਰਿਆਂ ਬੱਚਿਆਂ ਵਿੱਚ ਐਲੀਮੈਂਟਰੀ ਸਿੱਖਿਆ ਦੀ ਪਹੁੰਚ ਸੁਨਿਸ਼ਚਿਤ ਕਰਨ ਵਿੱਚ ਵਿਕਲਪਕ ਅਤੇ ਨਵੀਨ ਸਿੱਖਿਆ ਦੀ ਇੱਕ ਮਹੱਤਵਪੂਰਨ ਭੂਮਿਕਾ ਹੈ। ਜਨਜਾਤੀ ਅਤੇ ਸਮੁੰਦਰੀ ਤੱਟੀ ਖੇਤਰਾਂ ਵਿੱਚ ਰਹਿਣ ਵਾਲੇ ਵੰਚਿਤ ਸਮੂਹ ਦੇ ਬੱਚਿਆਂ ਦੀ ਸਹਿਭਾਗਤਾ ਸੁਨਿਸ਼ਚਿਤ ਕਰਨ ਲਈ ਵਿਭਿੰਨ ਕਾਰਜ ਨੀਤੀਆਂ ਵਿਕਸਤ ਕੀਤੀਆਂ ਗਈਆਂ ਹਨ।

2. **ਲੋਕ ਸੇਵਾ ਕਾਰਜ:** ਸਰਵ ਸਿੱਖਿਆ ਅਭਿਆਨ ਵਿੱਚ ਲੋਕ ਸੇਵਾ ਕਾਰਜ ਇੱਕ ਮਹੱਤਵਪੂਰਨ ਹਿੱਸਾ ਹੈ। ਇਸ ਹਿੱਸੇ ਤਹਿਤ ਪ੍ਰਾਜੈਕਟ ਦਾ 33 ਪ੍ਰਤੀਸ਼ਤ ਤੱਕ ਦਾ ਇੱਕ ਬਹੁਤ ਭਾਰੀ ਨਿਵੇਸ਼ ਕੀਤਾ ਜਾ ਸਕਦਾ ਹੈ। ਸਕੂਲ ਦੀਆਂ ਢਾਂਚਾਗਤ ਸੁਵਿਧਾਵਾਂ ਪ੍ਰਦਾਨ ਕਰਨ ਨਾਲ ਬੱਚਿਆਂ ਦੀ ਪਹੁੰਚ ਅਤੇ ਧਾਰਨਾ ਵਧਾਉਣ ਵਿੱਚ ਸਹਾਇਤਾ ਮਿਲਦੀ ਹੈ ਅਤੇ ਇਹ ਦੋਨੋਂ ਹੀ ਸਰਵ ਸਿੱਖਿਆ ਅਭਿਆਨ ਦੇ ਮਹੱਤਵਪੂਰਨ ਉਦੇਸ਼ ਹਨ। ਇਸ ਤੋਂ ਇਲਾਵਾ ਇਨ੍ਹਾਂ ਨੂੰ ਸਿੱਖਿਆ ਮਹੱਤਵ ਵੀ ਮਿਲਦਾ ਹੈ ਜੋ ਸਿੱਖਿਆ ਦੀ ਗੁਣਵੱਤਾ ਵਧਾਉਣ ਵਿੱਚ ਸਹਾਇਕ ਹੁੰਦਾ ਹੈ।

3. **ਨਵੀਨ ਗਤੀਵਿਧੀਆਂ:** ਸਰਵ ਸਿੱਖਿਆ ਅਭਿਆਨ ਤਹਿਤ ਕੁਝ ਅਜਿਹੇ ਨਵੀਨ ਪ੍ਰੋਗਰਾਮ ਚਲਾਏ ਜਾਂਦੇ ਹਨ ਜੋ 6–14 ਸਾਲ ਦੇ ਬੱਚਿਆਂ ਨੂੰ ਸਕੂਲ ਦੀ ਤਰਫ਼ ਖਿੱਚਣ, ਉਨ੍ਹਾਂ ਨੂੰ ਉੱਥੇ ਅਧਿਐਨ ਕਰਦੇ ਰਹਿਣ ਵਿੱਚ ਸਹਾਇਕ ਹੁੰਦੇ ਹਨ। ਇਸ ਵਿੱਚ ਕੁਝ ਮਹੱਤਵਪੂਰਨ ਯੋਜਨਾਵਾਂ ਹਨ: ਸ਼ੁਰੂਆਤੀ ਬਚਪਨ ਦੇਖਭਾਲ ਅਤੇ ਸਿੱਖਿਆ (ਈਸੀਸੀਈ), ਲੜਕੀਆਂ ਦੀ ਸਿੱਖਿਆ, ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਦੀ ਸਿੱਖਿਆ ਅਤੇ ਕੰਪਿਊਟਰ ਸਿੱਖਿਆ ਆਦਿ। ਇਹ ਸਾਰੀਆਂ ਗਤੀਵਿਧੀਆਂ ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਵਿੱਚ ਉਤਪ੍ਰੇਰਕ ਦਾ ਕਾਰਜ ਕਰਦੇ ਹਨ ਜਿਸ ਨਾਲ ਬੱਚੇ ਆਪਣੀ ਸਿੱਖਿਆ ਵਿੱਚ ਰੁਚੀ ਲੈਣਾ ਸ਼ੁਰੂ ਕਰ ਦਿੰਦੇ ਹਨ।

4. **ਖੋਜ ਅਤੇ ਮੁਲਾਂਕਣ:** ਇਸ ਹਿੱਸੇ ਤਹਿਤ ਖੋਜ, ਮੁਲਾਂਕਣ, ਨਜ਼ਰਸਾਨੀ ਅਤੇ ਨਿਗਰਾਨੀ ਆਉਂਦੇ ਹਨ। ਘਰੇਲੂ ਡਾਟਾ ਨੂੰ ਅਪਡੇਟ ਕਰਨ ਲਈ ਨਿਯਮਤ ਸਕੂਲ ਮੈਪਿੰਗ/ ਸੂਖਮ ਯੋਜਨਾਬੰਦੀ ਦੇ ਪ੍ਰਬੰਧ ਹਨ। ਫੰਡਾਂ ਦੀ ਵਰਤੋਂ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਲਈ ਕੀਤੀ ਜਾ ਸਕਦੀ ਹੈ। ਵਿਸ਼ੇਸ਼ ਰੂਪ ਨਾਲ ਨਿਮਨਲਿਖਤ ਗਤੀਵਿਧੀਆਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ।

- ਖੇਤਰ ਆਧਾਰਿਤ ਨਿਗਰਾਨੀ ਲਈ ਮਾਹਿਰਾਂ ਦਾ ਇੱਕ ਸੰਘ ਬਣਾਇਆ ਜਾਂਦਾ ਹੈ।

- ਨਿਯਮਤ ਰੂਪ ਨਾਲ ਸਮੁਦਾਏ ਆਧਾਰਿਤ ਅੰਕੜੇ ਇਕੱਠੇ ਕੀਤੇ ਜਾਂਦੇ ਹਨ।

- ਉਪਲੱਬਧੀ ਪਰਖ ਅਤੇ ਮੁਲਾਂਕਣ ਅਧਿਐਨ ਕੀਤੇ ਜਾਂਦੇ ਹਨ।

- ਖੋਜ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ।

- ਅਜਿਹੇ ਜ਼ਿਲ੍ਹਿਆਂ ਵਿੱਚ ਜਿੱਥੇ ਮਹਿਲਾ ਸਾਖਰਤਾ ਦਰ ਬਹੁਤ ਘੱਟ ਹੋਵੇ, ਇੱਕ ਵਿਸ਼ੇਸ਼ ਕਾਰਜ ਬਲ ਸਥਾਪਿਤ ਕੀਤਾ ਜਾਂਦਾ ਹੈ।

- ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੀਆਂ ਲੜਕੀਆਂ ਦੀ ਸਿੱਖਿਆ ਦੀ ਵਿਸ਼ੇਸ਼ ਰੂਪ ਨਾਲ ਨਿਗਰਾਨੀ ਕੀਤੀ ਜਾਂਦੀ ਹੈ।

Notes

• ਸਿੱਖਿਆ ਪ੍ਰਬੰਧਨ ਸੂਚਨਾ ਤੰਤਰ ’ਤੇ ਖਰਚ ਕੀਤਾ ਜਾਂਦਾ ਹੈ।

• ਦ੍ਰਿਸ਼ ਨਿਗਰਾਨੀ ਪ੍ਰਣਾਲੀ ਲਈ ਅਚਾਨਕ ਖਰਚੇ ਜਿਵੇਂ ਚਾਰਟ, ਪੋਸਟਰ, ਸਕੈੱਚ ਪੈੱਨ, ਓ.ਐੱਚ.ਪੀ. ਆਦਿ ’ਤੇ ਖਰਚ ਕੀਤਾ ਜਾਂਦਾ ਹੈ।

• ਸਮੂਹ ਅਧਿਐਨ ਕਰਨੇ।

5. **ਸਕੂਲ ਅਨੁਦਾਨ:** ਇਸ ਪ੍ਰਾਜੈਕਟ ਤਹਿਤ ਹਰੇਕ ਸਕੂਲ ਨੂੰ 2000 ਰੁਪਏ ਅਨੁਦਾਨ ਦੇ ਰੂਪ ਵਿੱਚ ਦਿੱਤੇ ਗਏ ਜਿਸ ਵਿੱਚੋਂ 1000 ਰੁਪਏ ਸਕੂਲ ਲਾਇਬਰੇਰੀ ਦੀਆਂ ਸੁਵਿਧਾਵਾਂ ਵਿੱਚ ਸੁਧਾਰ ਲਿਆਉਣ ਲਈ ਅਤੇ ਬਾਕੀ 1000 ਰੁਪਏ ਖਰਾਬ ਹੋ ਚੁੱਕੇ ਉਪਕਰਨਾਂ ਨੂੰ ਠੀਕ ਕਰਨ ਲਈ ਸਨ। ਇਸ ਤੋਂ ਇਲਾਵਾ ਇਸ ਬਾਕੀ ਰਾਸ਼ੀ ਦੀ ਵਰਤੋਂ ਸਕੂਲ ਦੇ ਸੁੰਦਰੀਕਰਨ, ਫਰਨੀਚਰ ਦੀ ਮੁਰੰਮਤ ਅਤੇ ਇਸ ਦੇ ਰੱਖ ਰਖਾਅ, ਵਾਦ ਯੰਤਰ ਦੀ ਖਰੀਦ ਜਾਂ ਮੁਰੰਮਤ ਅਤੇ ਸਕੂਲ ਪ੍ਰਵੇਸ਼ ਦੇ ਵਿਕਾਸ ਲਈ ਕੀਤਾ ਜਾ ਸਕਦਾ ਸੀ।

6. **ਅਧਿਆਪਕ ਅਨੁਦਾਨ:** ਕਲਾਸ ਕਾਰਜ ਸੰਚਾਲਨ ਵਿੱਚ ਸੁਧਾਰ ਲਿਆਉਣ ਲਈ ਅਤੇ ਅਧਿਆਪਨ ਸਹਾਇਕ ਸਮੱਗਰੀ ਦੇ ਨਿਰਮਾਣ ਲਈ ਹਰੇਕ ਸਕੂਲ ਨੂੰ 500 ਰੁਪਏ ਦੀ ਅਨੁਦਾਨ ਰਾਸ਼ੀ ਦਿੱਤੀ ਜਾਂਦੀ ਸੀ। ਅਧਿਆਪਕ ਇਸ ਅਨੁਦਾਨ ਨੂੰ ਪ੍ਰਭਾਵੀ ਕਲਾਸਰੂਮ ਬਣਾਉਣ ਲਈ ਅਧਿਆਪਨ ਸਿਖਲਾਈ ਸਮੱਗਰੀ (ਟੀਐੱਲਐੱਮ) ਖਰੀਦਦੇ ਸਨ।

7. **ਅਧਿਆਪਨ ਸਿਖਲਾਈ:** ਜਿਵੇਂ ਤੁਸੀਂ ਜਾਣਦੇ ਹੋ ਕਿ ਸਾਰੇ ਬੱਚਿਆਂ ਨੂੰ ਗੁਣਵੱਤਾ ਸਿੱਖਿਆ ਪ੍ਰਦਾਨ ਕਰਨਾ ਸਰਵ ਸਿੱਖਿਆ ਅਭਿਆਨ ਦਾ ਸਰਬਵਿਆਪੀ ਮਹੱਤਵਪੂਰਨ ਟੀਚਾ ਹੈ, ਇਸ ਲਈ ਪ੍ਰਾਜੈਕਟ ਤਹਿਤ ਅਧਿਆਪਕਾਂ ਨੂੰ ਸਮੇਂ ਸਮੇਂ ’ਤੇ ਸਿਖਲਾਈ ਦੇਣਾ ਇਸ ਪ੍ਰਾਜੈਕਟ ਦਾ ਇੱਕ ਮਹੱਤਵਪੂਰਨ ਉਦੇਸ਼ ਹੈ ਕਿਉਂਕਿ ਗੁਣਵੱਤਾ ਸਿੱਖਿਆ ਗੁਣਵੱਤਾ ਭਰਪੂਰ ਅਧਿਆਪਕਾਂ ’ਤੇ ਨਿਰਭਰ ਕਰਦੀ ਹੈ। ਅਧਿਆਪਕਾਂ ਨੂੰ ਸੇਵਾਕਾਲੀਨ ਸਿਖਲਾਈ ਦੇਣ ਦਾ ਮੁੱਖ ਉਦੇਸ਼ ਸਮਰੱਥਾ ਵਿਕਸਤ ਕਰਨਾ ਹੈ ਤਾਂ ਕਿ ਉਹ ਬੱਚਿਆਂ ਨੂੰ ਸਿੱਖਣ ਦੇ ਸਮਰੱਥ ਬਣਾ ਸਕਣ। ਮਾਸਟਰ ਸਿਖਲਾਰਥੀਆਂ ਨੂੰ ਚੰਗੀ ਤਰ੍ਹਾਂ ਨਾਲ ਸਿੱਖਿਅਤ ਕਰਨ ਲਈ ਉਨ੍ਹਾਂ ਨੂੰ ਯੂਈਈ ਦੇ ਵਿਭਿੰਨ ਮੁੱਦਿਆਂ ਦੀ ਸਿਖਲਾਈ ਦੇਣ ਦਾ ਪ੍ਰਾਵਧਾਨ ਹੈ ਜੋ ਬਦਲੇ ਵਿੱਚ ਉਨ੍ਹਾਂ ਦੇ ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਨੂੰ ਸਿਖਲਾਈ ਦੇਣਗੇ। ਇਹ ਪ੍ਰਵੇਸ਼ ਸਿੱਖਿਆ ਐਲੀਮੈਂਟਰੀ ਸਿੱਖਿਆ ਵਿੱਚ ਨਵੇਂ ਰੁਝਾਨਾਂ ਅਤੇ ਪਰੰਪਰਾਵਾਂ ਦੇ ਬਾਰੇ ਵਿੱਚ ਅਧਿਆਪਕਾਂ ਨੂੰ ਜਾਣੂ ਕਰਾਉਂਦੀ ਰਹਿੰਦੀ ਹੈ। ਸਿਖਲਾਈ ਵਿੱਚ ਸੁਧਾਰ ਕਰਨ ਲਈ ਵਿਭਿੰਨ ਰਣਨੀਤੀਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਸਿਖਲਾਈ ਲਈ ਵਿਸ਼ੇਸ਼ ਕਾਰਜ ਨੀਤੀਆਂ ਨਿਮਨਲਿਖਤ ਹੋ ਸਕਦੀਆਂ ਹਨ।

• ਅਧਿਆਪਕਾਂ ਨੂੰ ਸਿਖਲਾਈ ਦੇਣੀ ਅਤੇ ਮੁੜ ਸਿਖਲਾਈ ਦੇਣੀ।

• ਇਸ ਸਿਖਲਾਈ ਰਾਹੀਂ ਅਧਿਆਪਕਾਂ ਨੂੰ ਨਵੇਂ ਪਾਠਕ੍ਰਮ ਅਤੇ ਨਵੀਆਂ ਪਾਠ ਪੁਸਤਕਾਂ ਤੋਂ ਜਾਣੂ ਕਰਾਉਣਾ।

• ਅਧਿਆਪਕਾਂ ਨੂੰ ਰਾਸ਼ਟਰੀ ਪਾਠਕ੍ਰਮ ਰੂਪਰੇਖਾ (ਐੱਨ.ਸੀ.ਐੱਫ.2005) ਤੋਂ ਜਾਣੂ ਕਰਾਉਣਾ।

• ਪ੍ਰੀਖਿਆਵਾਂ ਵਿੱਚ ਸੁਧਾਰ ਕਿਵੇਂ ਲਿਆਂਦਾ ਜਾ ਸਕਦਾ ਹੈ। ਉਸ ਦੇ ਉਪਾਅ ਸੋਚਣੇ।

• ਸ਼੍ਰੇਣੀ (ਗ੍ਰੇਡਿੰਗ) ਪ੍ਰਣਾਲੀ ਅਤੇ ਮੁਲਾਂਕਣ ਅਤੇ ਗ੍ਰੇਡਿੰਗ ਦਾ ਪ੍ਰਭਾਵ।

• ਸਿੱਖਿਆ ਅਤੇ ਗੈਰ ਸਿੱਖਿਆ ਖੇਤਰਾਂ ਵਿੱਚ ਸੁਧਾਰ।

• ਅਧਿਆਪਕਾਂ ਨੂੰ ਸਮਾਵੇਸ਼ੀ ਸਿੱਖਿਆ ਲਈ ਸਿਖਲਾਈ ਦੇਣੀ।

• ਗੁਣਵੱਤਾ ਸਿੱਖਿਆ ਉਪਾਇਆਂ ਦੀ ਯੋਜਨਾ ਬਣਾਉਣੀ ਅਤੇ ਲਾਗੂ ਕਰਨੀ

• ਸਰੋਤ ਸਮੂਹਾਂ ਨੂੰ ਸਾਰੇ ਪੱਧਰਾਂ 'ਤੇ ਮਜ਼ਬੂਤ ਕੀਤਾ ਜਾਂਦਾ ਹੈ (ਹਰੇਕ ਵਿਸ਼ੇ ਲਈ ਅਲੱਗ ਅਲੱਗ ਸਰੋਤ ਸਮੂਹ)। 300-350 ਸਰੋਤਾਂ ਪ੍ਰਤੀ, ਪ੍ਰਤੀ ਵਿਅਕਤੀ ਦਾ ਪਾਲਣ ਕਰੋ, ਮੌਕੇ 'ਤੇ ਸਮਰਥਨ ਅਤੇ ਸਮੀਖਿਆ ਬੈਠਕਾਂ ਸੁਨਿਸ਼ਚਤ ਕੀਤੀਆਂ ਜਾਂਦੀਆਂ ਹਨ। ਡੀਆਈਈਟੀ ਨੇ ਸਿਖਲਾਈ ਦੀਆਂ ਲੋੜਾਂ ਨੂੰ ਪਛਾਣ ਲਿਆ ਹੈ-ਕਠੋਰ ਸਥਾਨਾਂ ਅਤੇ ਅਧਿਆਪਕਾਂ ਲਈ ਸਿਖਲਾਈ ਮੌਡਿਊਲ ਵਿਕਸਤ ਕਰਨਾ। ਇਸ ਪ੍ਰਕਿਰਿਆ ਨਾਲ ਸਿਖਲਾਈ ਦੀ ਗੁਣਵੱਤਾ ਵਿੱਚ ਸੁਧਾਰ ਹੋਇਆ ਹੈ।

Notes

ਅਧਿਆਪਕ ਸਿਖਲਾਈ ਵਿੱਚ ਸਿੱਖਿਆ ਕਾਰਜ ਪ੍ਰਣਾਲੀ, ਬਾਲ ਮਨੋਵਿਗਿਆਨ, ਸਿੱਖਣ ਦੇ ਦੌਰਾਨ, ਮੁਲਾਂਕਣ ਦੀ ਪੱਧਤੀ ਅਤੇ ਪ੍ਰਾਇਮਰੀ ਅਧਿਆਪਕਾਂ ਨੂੰ ਦਿੱਤੀ ਗਈ ਮਾਪਿਆਂ ਦੀ ਸਿਖਲਾਈ 'ਤੇ ਸਿਖਲਾਈ ਸ਼ਾਮਲ ਹੈ।

8. **ਦੂਰ ਸਿੱਖਿਆ**:ਦੂਰ ਸਿੱਖਿਆ ਪ੍ਰੋਗਰਾਮ ਸਰਵ ਸਿੱਖਿਆ ਅਭਿਆਨ ਦਾ ਇੱਕ ਰਾਸ਼ਟਰੀ ਹਿੱਸਾ ਹੈ ਜੋ ਭਾਰਤ ਸਰਕਾਰ ਦੇ ਮਨੁੱਖੀ ਸਰੋਤ ਮੰਤਰਾਲੇ ਵੱਲੋਂ ਸਮਰਥਿਤ ਹੈ। ਦੂਰ ਸਿੱਖਿਆ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਜ਼ਿੰਮੇਵਾਰੀ ਇਗਨੂ ਨੂੰ ਸੌਂਪੀ ਗਈ ਹੈ ਜਿਸ ਨੂੰ ਸਾਰੇ ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਸਹਿਯੋਗ ਦੇ ਰਹੇ ਹਨ। ਅਧਿਆਪਕਾਂ ਅਤੇ ਐਲੀਮੈਂਟਰੀ ਸਿੱਖਿਆ ਨਾਲ ਜੁੜੇ ਹੋਰ ਕਰਮਚਾਰੀਆਂ ਦੇ ਸਸ਼ਕਤੀਕਰਨ ਵਿੱਚ ਸਰਵ ਸਿੱਖਿਆ ਅਭਿਆਨ ਦੀ ਭੂਮਿਕਾ ਮਹੱਤਵਪੂਰਨ ਰਹੀ ਹੈ। ਇਸ ਦੇ ਜ਼ਰੀਏ ਕਲਾਸ ਅਧਿਆਪਨ ਨੂੰ ਮਲਟੀਮੀਡੀਆ ਪੈਕੇਜ ਜਿਵੇਂ ਸਵੈ ਸਿਖਲਾਈ ਸਮੱਗਰੀ, ਆਡਿਓ-ਵੀਡਿਓ ਪ੍ਰੋਗਰਾਮ, ਰੇਡਿਓ ਪ੍ਰਸਾਰਣ, ਟੈਲੀਕਾਨਫਰੰਸਿੰਗ ਆਦਿ ਨਾਲ ਪੂਰਾ ਕੀਤਾ ਜਾਂਦਾ ਹੈ। ਇਸ ਗੱਲ ਨਾਲ ਤੁਸੀਂ ਸਹਿਮਤ ਹੋਵੋਗੇ ਕਿ ਸਕੂਲਾਂ ਤੋਂ ਦੂਰ ਸਿੱਖਿਆ ਰੂਪ ਕੇਵਲ ਇੱਕ ਬਹੁਤ ਵਿਸ਼ਾਲ ਲੋਕ ਸਮੂਹ ਨੂੰ ਸੰਬੋਧਿਤ ਕਰਨ ਵਿੱਚ ਹੀ ਸਮਰੱਥ ਨਹੀਂ ਹੈ ਬਲਕਿ ਇਸ ਨਾਲ ਸਾਰਿਆਂ ਨੂੰ ਇੱਕੋ ਜਿਹੀ ਸਿਖਲਾਈ ਮਿਲ ਜਾਂਦੀ ਹੈ।

**ਗਤੀਵਿਧੀ**-1: ਐੱਸਐੱਸਏ ਨੂੰ ਸਮਰਥਨ ਦੇਣ ਵਾਲੇ ਤਿੰਨ ਪ੍ਰੋਗਰਾਮ ਸੁਝਾਓ।

**ਕੇਸ ਅਧਿਐਨ**: ਕੁਝ ਐੱਸਐੱਸਏ ਕੇਂਦਰਾਂ ਦਾ ਦੌਰਾ ਕਰੋ ਅਤੇ ਇਨ੍ਹਾਂ ਦੀ ਕਾਰਜਪ੍ਰਣਾਲੀ ਦਾ ਅਧਿਐਨ ਕਰੋ।

### 6.7 ਮਿਡ ਡੇ ਮੀਲ ਵਿਵਸਥਾ ਅਤੇ ਇਸਦਾ ਸਰਵ ਸਿੱਖਿਆ ਅਭਿਆਨ ਵਿੱਚ ਯੋਗਦਾਨ

ਤੁਸੀਂ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹੋਵੋਗੇ ਕਿ ਮਿਡ-ਡੇ-ਮੀਲ ਵਿਵਸਥਾ ਭਾਰਤ ਵਿੱਚ ਢੁਕਵੇਂ ਰੂਪ ਵਿੱਚ ਲੋਕਪ੍ਰਿਯ ਸਕੀਮ ਹੈ। ਇਸ ਯੋਜਨਾ ਅਨੁਸਾਰ ਸਾਰੇ ਕੰਮਕਾਜੀ ਦਿਨਾਂ 'ਤੇ ਬੱਚਿਆਂ ਨੂੰ ਮੁਫ਼ਤ ਦੁਪਹਿਰ ਦਾ ਭੋਜਨ ਦਿੱਤਾ ਜਾਏਗਾ। ਇਸ ਯੋਜਨਾ ਦਾ ਮੁੱਖ ਉਦੇਸ਼ ਹੈ ਕਿ ਬੱਚੇ ਸਕੂਲ ਵਿੱਚ ਭੁੱਖੇ ਨਾ ਰਹਿਣ, ਵਿਦਿਆਰਥੀਆਂ ਦੇ ਦਾਖਲੇ ਵਿੱਚ ਵਾਧਾ ਅਤੇ ਜ਼ਿਆਦਾ ਤੋਂ ਜ਼ਿਆਦਾ ਬੱਚੇ ਕਲਾਸ ਵਿੱਚ ਮੌਜੂਦ ਰਹਿਣ। ਇਸ ਤੋਂ ਇਲਾਵਾ ਇਸ ਯੋਜਨਾ ਦੇ ਫਲਸਰੂਪ ਸਾਰੀਆਂ ਜਾਤਾਂ ਦੇ ਬੱਚੇ ਇਕੱਠੇ ਬੈਠ ਕੇ ਇੱਕ ਹੀ ਪ੍ਰਕਾਰ ਦਾ ਭੋਜਨ ਖਾਣਗੇ ਜਿਸ ਨਾਲ ਉਨ੍ਹਾਂ ਦੇ ਸਮਾਜੀਕਰਨ ਵਿੱਚ ਵਾਧਾ ਹੋਏਗਾ ਅਤੇ ਕੁਪੋਸ਼ਣ ਨਾਲ ਨਿਪਟਣ ਵਿੱਚ ਸਹਾਇਤਾ ਮਿਲੇਗੀ। ਇਸ ਯੋਜਨਾ ਦਾ ਇੱਕ ਲਾਭ ਇਹ ਹੋਏਗਾ ਕਿ ਭੋਜਨ ਪਕਾਉਣ ਲਈ ਔਰਤਾਂ ਨੂੰ ਰੁਜ਼ਗਾਰ ਮਿਲੇਗਾ ਜਿਸ ਨਾਲ ਉਨ੍ਹਾਂ ਦਾ ਸਮਾਜਿਕ ਸਸ਼ਕਤੀਕਰਨ ਵੀ ਹੋਏਗਾ। ਸਾਰਿਆਂ ਲਈ ਸਿੱਖਿਆ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਚਾਰ ਮਹੱਤਵਪੂਰਨ ਕਾਰਕਾਂ ਦੀ ਪਛਾਣ ਕੀਤੀ ਗਈ ਹੈ। ਇਹ ਸਿੱਖਿਆ ਤੱਕ ਪਹੁੰਚ, ਬੱਚਿਆਂ ਦਾ ਦਾਖਲਾ, ਦਾਖਲ ਬੱਚਿਆਂ ਨੂੰ ਬਣਾਏ ਰੱਖਣਾ ਅਤੇ ਉਪਲੱਬਧੀ ਹਨ। ਮਿਡ-ਡੇ-ਮੀਲ ਯੋਜਨਾ ਸਾਰੇ ਉਪਰੋਕਤ ਉਦੇਸ਼ਾਂ ਨੂੰ ਪ੍ਰਾਪਤ ਕਰਨ ਅਤੇ ਹਾਸਲ ਕਰਨ ਦਾ ਉਪਰਾਲਾ ਹੈ।

Notes

ਸਰਕਾਰ ਵੱਲੋਂ ਵੰਚਿਤ ਆਬਾਦੀ ਤੱਕ ਪਹੁੰਚਣ ਲਈ ਪ੍ਰਾਇਮਰੀ ਸਿੱਖਿਆ ਖੇਤਰ ਵਿੱਚ ਵਿਭਿੰਨ ਯੋਜਨਾਵਾਂ ਲਾਗੂ ਕੀਤੀਆਂ ਗਈਆਂ ਹਨ। ਸਰਕਾਰ ਦੇ ਪ੍ਰਮੁੱਖ ਪ੍ਰੋਗਰਾਮਾਂ ਦੇ ਜ਼ਰੀਏ ਪ੍ਰਾਇਮਰੀ ਸਿੱਖਿਆ ਦਾ ਉਪਯੋਗ ਸਰਬਵਿਆਪੀ ਸੀ ਜਿਵੇਂ ਕਿ ਸਰਵ ਸਿੱਖਿਆ ਅਭਿਆਨ। ਇਸ ਦੇ ਬਾਵਜੂਦ ਕੁਝ ਬੱਚੇ ਅਜੇ ਵੀ ਪ੍ਰਾਇਮਰੀ ਸਿੱਖਿਆ ਤੋਂ ਵੰਚਿਤ ਹਨ ਕਿਉਂਕਿ ਉਨ੍ਹਾਂ ਦੇ ਮਾਤਾ ਪਿਤਾ ਆਪਣੀ ਗਰੀਬ ਆਰਥਿਕ ਸਥਿਤੀ ਕਾਰਨ ਉਨ੍ਹਾਂ ਨੂੰ ਸਕੂਲ ਭੇਜਣ ਤੋਂ ਅਸਮਰੱਥ ਹਨ। ਇਨ੍ਹਾਂ ਮਾਪਿਆਂ ਨੂੰ ਅਜਿਹੇ ਬੱਚਿਆਂ ਨੂੰ ਸਕੂਲ ਭੇਜਣ ਦਾ ਮਤਲਬ ਸਿਰਫ਼ ਵਾਧੂ ਮਾਲੀ ਬੋਝ ਹੀ ਨਹੀਂ, ਬਲਕਿ ਉਨ੍ਹਾਂ ਨੂੰ ਉਨ੍ਹਾਂ ਪੈਸਿਆਂ ਤੋਂ ਵੀ ਵੰਚਿਤ ਰਹਿਣ ਪੈਂਦਾ ਹੈ ਜਿਹੜੇ ਉਨ੍ਹਾਂ ਦੇ ਬੱਚੇ ਮਜ਼ਦੂਰੀ ਕਰਕੇ ਕਮਾਉਂਦੇ ਹਨ। ਆਰਥਿਕ ਤੌਰ 'ਤੇ ਪੱਛੜੇ ਮਾਪਿਆਂ ਦਾ ਅਜਿਹਾ ਰਵੱਈਆ ਹੁੰਦਾ ਹੈ। ਇਸ ਲਈ ਇਨ੍ਹਾਂ ਮਾਪਿਆਂ ਨੂੰ ਬੱਚਿਆਂ ਨੂੰ ਭੋਜਨ ਅਤੇ ਪੋਸ਼ਣ ਸਬੰਧੀ ਲੋੜਾਂ ਪ੍ਰਦਾਨ ਕਰਕੇ ਆਪਣੇ ਬੱਚਿਆਂ ਨੂੰ ਸਕੂਲ ਲਿਆਉਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ।

2 ਅਕਤੂਬਰ 1995 ਨੂੰ ਭਾਰਤ ਸਰਕਾਰ ਨੇ ਪ੍ਰਾਇਮਰੀ ਸਿੱਖਿਆ ਲਈ ਪੋਸ਼ਣ ਸਹਾਇਤਾ ਲਈ ਰਾਸ਼ਟਰੀ ਪ੍ਰੋਗਰਾਮ ਦੀ ਯੋਜਨਾ ਸ਼ੁਰੂ ਕੀਤੀ ਜਿਸ ਨੂੰ ਮਿਡ-ਡੇ-ਮੀਲ ਪ੍ਰੋਗਰਾਮ ਵੀ ਕਿਹਾ ਜਾਂਦਾ ਹੈ। ਇਸ ਯੋਜਨਾ ਤਹਿਤ ਪ੍ਰਾਇਮਰੀ ਕਲਾਸਾਂ ਦੇ ਬੱਚਿਆਂ ਨੂੰ ਪ੍ਰਤੀ ਮਹੀਨਾ 3 ਕਿਲੋ ਕਣਕ (ਇੱਕ ਸਾਲ ਵਿੱਚ 10 ਮਹੀਨੇ ਲਈ) ਪ੍ਰਦਾਨ ਕੀਤੀ ਜਾਣੀ ਸੀ ਜੋ ਕਿ 80 ਪ੍ਰਤੀਸ਼ਤ ਹਾਜ਼ਰੀ ਦੇ ਅਧੀਨ ਹੈ। ਇਸ ਵਿੱਚ ਸੁਪਰੀਮ ਕੋਰਟ ਨੇ ਦਖਲਾ ਦਿੱਤਾ ਅਤੇ 28 ਨਵੰਬਰ, 2001 ਦੇ ਆਪਣੇ ਆਦੇਸ਼ਾਂ ਨੂੰ ਦੇਖਦੇ ਹੋਏ ਸੁਪਰੀਮ ਕੋਰਟ ਨੇ ਰਾਜ ਸਰਕਾਰ/ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਨੂੰ ਨਿਰਦੇਸ਼ ਦਿੱਤਾ ਕਿ ਉਹ ਹਰ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਹਰੇਕ ਬੱਚੇ ਨੂੰ ਪ੍ਰਦਾਨ ਕਰਕੇ ਮਿਡ-ਡੇ-ਮੀਲ ਯੋਜਨਾ ਲਾਗੂ ਕਰੇ। ਘੱਟ ਤੋਂ ਘੱਟ 200 ਦਿਨ ਦੀ ਊਰਜਾ ਦੀ 300 ਕੈਲਰੀ ਅਤੇ 8-12 ਗ੍ਰਾਮ ਪ੍ਰੋਟੀਨ ਦੀ ਘੱਟ ਤੋਂ ਘੱਟ ਸਮੱਗਰੀ ਵਾਲੇ ਮਿਡ-ਡੇ-ਮੀਲ ਭੋਜਨ ਤਿਆਰ ਕੀਤਾ ਗਿਆ।

ਡਾ. ਐੱਮ.ਜੀ. ਰਾਮਚੰਦਰਨ ਨੇ 10ਵੀਂ ਕਲਾਸ ਤੱਕ ਸਾਰੇ ਬੱਚਿਆਂ ਲਈ ਇਸ ਯੋਜਨਾ ਨੂੰ ਸਰਬਵਿਆਪੀ ਬਣਾਉਣ ਦਾ ਫੈਸਲਾ ਲਿਆ। ਤਮਿਲ ਨਾਡੂ ਦਾ ਮਿਡ-ਡੇ-ਮੀਲ ਦੇਸ਼ ਵਿੱਚ ਬਿਹਤਰ ਵਜੋਂ ਜਾਣਿਆ ਜਾਂਦਾ ਹੈ। ਘੱਟ ਨੂੰ ਪਤਾ ਹੈ, ਪਰ ਬਰਾਬਰ ਰੂਪ ਨਾਲ ਦਿਲਚਸਪ ਪੁੱਡੂਚੇਰੀ ਦਾ ਇਤਿਹਾਸ ਹੈ ਜਿਸ ਨੇ 1930 ਦੀ ਸ਼ੁਰੂਆਤ ਵਿੱਚ ਸਰਬਵਿਆਪੀ ਸਕੂਲ ਦੇ ਭੋਜਨ ਦੀ ਸ਼ੁਰੂਆਤ ਕੀਤੀ ਸੀ।

ਕੇ. ਕਾਮਰਾਜ ਨੂੰ ਦੁਪਹਿਰ ਦੇ ਭੋਜਨ ਦਾ ਵਿਚਾਰ ਕਿਵੇਂ ਆਇਆ, ਇਸ ਸਬੰਧੀ ਦਿਲਚਸਪ ਕਹਾਣੀ ਹੈ। ਉਨ੍ਹਾਂ ਨੇ ਕੁਝ ਲੜਕਿਆਂ ਨੂੰ ਆਪਣੀਆਂ ਗਾਵਾਂ ਅਤੇ ਬੱਕਰੀਆਂ ਵਿੱਚ ਰੁੱਝੇ ਦੇਖਿਆ। ਉਨ੍ਹਾਂ ਨੇ ਇੱਕ ਛੋਟੇ ਜਿਹੇ ਲੜਕੇ ਨੂੰ ਪੁੱਛਿਆ, "ਤੁਸੀਂ ਇਨ੍ਹਾਂ ਗਾਵਾਂ ਨਾਲ ਕੀ ਕਰ ਰਹੇ ਹੋ ? ਤੁਸੀਂ ਸਕੂਲ ਕਿਉਂ ਨਹੀਂ ਗਏ ? ਲੜਕਾ ਤੁਰੰਤ ਜਵਾਬ ਦਿੰਦਾ ਹੈ, "ਜੇਕਰ ਮੈਂ ਸਕੂਲ ਜਾਂਦਾ ਹੈ ਤਾਂ ਕੀ ਮੈਂ ਖਾਣਾ ਖਾਵਾਂਗਾ ? ਮੈਂ ਸਿਰਫ਼ ਤਾਂ ਹੀ ਸਿੱਖ ਸਕਦਾ ਹਾਂ ਜਦੋਂ ਮੈਂ ਖਾ ਲਵਾਂ।" ਲੜਕੇ ਦੀ ਟਿੱਪਣੀ ਨੇ ਮਿਡ-ਡੇ-ਮੀਲ ਪ੍ਰੋਗਰਾਮ ਦੀ ਸਥਾਪਨਾ ਦੀ ਪੂਰੀ ਪ੍ਰਕਿਰਿਆ ਸਥਾਪਿਤ ਕਰ ਦਿੱਤੀ।

ਭਾਰਤ ਦੇ ਕਈ ਹੋਰ ਰਾਜਾਂ ਵਿੱਚ ਵੀ ਪ੍ਰੋਗਰਾਮ ਹਨ। ਇਨ੍ਹਾਂ ਵਿੱਚ ਸਭ ਤੋਂ ਜ਼ਿਕਰਯੋਗ ਗੁਜਰਾਤ ਹੈ ਜੋ 1980 ਦੇ ਦਹਾਕੇ ਦੇ ਬਾਅਦ ਤੋਂ ਹੋਇਆ ਸੀ। ਕੇਰਲ ਨੇ 1995 ਦੇ ਬਾਅਦ ਤੋਂ ਸਕੂਲਾਂ ਵਿੱਚ ਪੱਕਿਆ ਹੋਇਆ ਭੋਜਨ ਦੇਣਾ ਸ਼ੁਰੂ ਕੀਤਾ ਅਤੇ ਮੱਧ ਪ੍ਰਦੇਸ਼ ਅਤੇ ਉੜੀਸਾ ਨੂੰ ਛੋਟੇ ਖੇਤਰ ਦੇ ਰੂਪ ਵਿੱਚ ਲਿਆ। 28 ਨਵੰਬਰ, 2001 ਨੂੰ ਭਾਰਤ ਦੀ ਸੁਪਰੀਮ ਕੋਰਟ ਨੇ ਸਰਕਾਰ ਨੂੰ ਸਾਰੇ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਇਮਰੀ ਸਕੂਲਾਂ ਵਿੱਚ ਸਾਰੇ ਬੱਚਿਆਂ ਨੂੰ ਪੱਕਿਆ ਹੋਇਆ ਭੋਜਨ ਉਪਲੱਬਧ ਕਰਾਉਣ ਲਈ ਮਹੱਤਵਪੂਰਨ ਦਿਸ਼ਾ ਦਿੱਤੀ। ਰਾਜ ਸਰਕਾਰਾਂ ਵੱਲੋਂ ਸ਼ੁਰੂਆਤ ਵਿੱਚ ਇਸ ਦਿਸ਼ਾ ਦਾ ਜ਼ੋਰਦਾਰ ਵਿਰੋਧ ਕੀਤਾ ਗਿਆ ਸੀ, ਪਰ

ਇਹ ਪ੍ਰੋਗਰਾਮ 2005 ਤੱਕ ਲਗਪਗ ਸਰਬਵਿਆਪੀ ਹੋ ਗਿਆ ਸੀ। ਹਾਲ ਹੀ ਵਿੱਚ ਭਾਰਤ ਸਰਕਾਰ ਨੇ ਨਵੀਂ ਮਿਡ-ਡੇ-ਮੀਲ ਯੋਜਨਾ ਸ਼ੁਰੂ ਕੀਤੀ ਹੈ। Website i.e.**http://mdm.nic.in**

Notes

**ਪ੍ਰਾਇਮਰੀ ਸਿੱਖਿਆ ਨੂੰ ਪੋਸ਼ਣ ਸਬੰਧੀ ਸਹਾਇਤਾ ਦੇਣ ਲਈ ਰਾਸ਼ਟਰੀ ਪ੍ਰੋਗਰਾਮ**

ਬੇਸ਼ੱਕ ਤਾਮਿਲ ਨਾਡੂ ਵਿੱਚ ਪ੍ਰੋਗਰਾਮ ਨੂੰ ਸ਼ੁਰੂ ਵਿੱਚ ਇੱਕ ਕਾਨੂੰਨ ਦੇ ਰੂਪ ਵਿੱਚ ਲੋਕਪ੍ਰਿਯ ਸ਼ੁਰੂਆਤ ਕੀਤੀ ਗਈ ਸੀ। ਇਸ ਯੋਜਨਾ ਦੀ ਸਫਲਤਾ ਨੇ ਪ੍ਰਾਜੈਕਟ ਨੂੰ ਬੇਹੱਦ ਲੋਕਪ੍ਰਿਯ ਬਣਾ ਦਿੱਤਾ। ਸਫਲਤਾ ਇੰਨੀ ਸ਼ਾਨਦਾਰ ਸੀ ਕਿ 1995 ਵਿੱਚ ਤਤਕਾਲੀ ਭਾਰਤੀ ਪ੍ਰਧਾਨ ਮੰਤਰੀ ਪੀ.ਵੀ. ਨਰਸਿਮਹਾ ਰਾਓ ਨੇ ਇਸ ਪ੍ਰਾਜੈਕਟ ਦੀ ਸਫਲਤਾ ਦੀ ਸ਼ਲਾਘਾ ਕੀਤੀ ਅਤੇ ਸੁਝਾਅ ਦਿੱਤਾ ਕਿ ਇਸ ਯੋਜਨਾ ਨੂੰ ਦੇਸ਼ ਭਰ ਵਿੱਚ ਲਾਗੂ ਕੀਤਾ ਜਾਵੇ ਅਤੇ ਇਸ ਤਰ੍ਹਾਂ 'ਪ੍ਰਾਇਮਰੀ ਸਿੱਖਿਆ ਲਈ ਪੋਸ਼ਣ ਸਹਾਇਤਾ ਲਈ ਰਾਸ਼ਟਰੀ ਪ੍ਰੋਗਰਾਮ' ਸ਼ੁਰੂ ਕੀਤਾ।

ਇਸ ਪ੍ਰੋਗਰਾਮ ਦੇ ਪ੍ਰਾਵਧਾਨਾਂ ਤਹਿਤ ਭਾਰਤ ਸਰਕਾਰ ਸਕੂਲਾਂ ਨੂੰ ਮੁਫ਼ਤ ਅਨਾਜ ਦੇਏਗੀ ਅਤੇ ਭੋਜਨ ਬਣਾਉਣ ਵਿੱਚ ਢੁਕਵੇਂ ਹੋਰ ਪਦਾਰਥ, ਤਨਖਾਹਾਂ ਅਤੇ ਬੁਨਿਆਦੀ ਢਾਂਚੇ ਦਾ ਮੁੱਲ ਰਾਜ ਸਰਕਾਰ ਉਠਾਏਗੀ। ਕਿਉਂਕਿ ਜ਼ਿਆਦਾਤਰ ਰਾਜ ਸਰਕਾਰਾਂ ਇਸ ਕਾਰਜ ਲਈ ਸਹਿਮਤ ਸੀ। ਇਸ ਲਈ ਭਾਰਤ ਸਰਕਾਰ ਤੋਂ ਪ੍ਰਾਪਤ ਅਨਾਜ ਬੱਚਿਆਂ ਦੇ ਮਾਤਾ ਪਿਤਾਵਾਂ ਤੱਕ ਸਰਕਾਰ ਵੱਲੋਂ ਪਹੁੰਚਾਇਆ ਜਾਣ ਲੱਗਿਆ। ਇਸ ਪ੍ਰਣਾਲੀ ਨੂੰ ਸੁੱਕੇ ਰਾਸ਼ਨ ਦਾ ਪ੍ਰਾਵਧਾਨ ਕਿਹਾ ਗਿਆ, ਪਰ ਨਵੰਬਰ 2001 ਵਿੱਚ ਸੁਪਰੀਮ ਕੋਰਟ ਨੇ ਸਰਕਾਰਾਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਜਿਸ ਤਹਿਤ ਸਰਕਾਰਾਂ ਲਈ ਇਹ ਲਾਜ਼ਮੀ ਹੋ ਗਿਆ ਕਿ ਉਹ ਬੱਚਿਆਂ ਨੂੰ ਪੱਕਿਆ ਹੋਇਆ ਭੋਜਨ ਹੀ ਦੇਏਗੀ। ਇਸ ਆਦੇਸ਼ ਨੂੰ ਜੂਨ 2002 ਤੋਂ ਲਾਗੂ ਕੀਤਾ ਜਾਣਾ ਸੀ, ਪਰ ਜ਼ਿਆਦਾਤਰ ਰਾਜਾਂ ਨੇ ਇਸ ਦੀ ਅਣਦੇਖੀ ਕੀਤੀ। ਇਸ ਤੋਂ ਬਾਅਦ ਨਿਆਂਪਾਲਿਕਾ ਦੇ ਲਗਾਤਾਰ ਦਬਾਅ ਕਾਰਨ ਅਤੇ ਵਿਸ਼ੇਸ਼ ਤੌਰ 'ਤੇ ਭੋਜਨ ਦਾ ਅਧਿਕਾਰ ਕਾਨੂੰਨ ਦੇ ਕਾਰਨ ਰਾਜਾਂ ਨੇ ਪੱਕਿਆ ਹੋਇਆ ਭੋਜਨ ਦੇਣਾ ਸ਼ੁਰੂ ਕਰ ਦਿੱਤਾ।

ਮਈ 2004 ਵਿੱਚ ਕੇਂਦਰ ਵਿੱਚ ਇੱਕ ਨਵੀਂ ਗੱਠਜੋੜ ਸਰਕਾਰ ਬਣਾਈ ਗਈ, ਜਿਸ ਨੇ ਕੇਂਦਰ ਵੱਲੋਂ ਪੂਰੀ ਤਰ੍ਹਾਂ ਨਾਲ ਵਿੱਤ ਪੋਸ਼ਿਤ ਸਰਬਵਿਆਪੀ ਪੱਕਿਆ ਹੋਇਆ ਭੋਜਨ ਦੇਣ ਦੇ ਵਾਅਦੇ ਦਾ ਪ੍ਰਾਵਧਾਨ ਕੀਤਾ। ਆਪਣੇ ਸਾਂਝੇ ਘੱਟ ਤੋਂ ਘੱਟ ਪ੍ਰੋਗਰਾਮ ਵਿੱਚ ਇਸ ਵਾਅਦੇ ਤੋਂ ਬਾਅਦ ਢੁਕਵੇਂ ਬੁਨਿਆਦੀ ਢਾਂਚੇ ਨੂੰ ਖਾਣਾ ਬਣਾਉਣ ਅਤੇ ਬਣਾਉਣ ਲਈ ਰਾਜਾਂ ਨੂੰ ਵਧਾ ਕੇ ਵਿੱਤੀ ਸਹਾਇਤਾ ਪ੍ਰਾਪਤ ਹੋਈ। ਇਸ ਵਾਧੂ ਸਹਾਇਤਾ ਨੂੰ ਦੇਖਦੇ ਹੋਏ ਇਸ ਯੋਜਨਾ ਨੇ ਭਾਰਤ ਵਿੱਚ ਪ੍ਰਾਇਮਰੀ ਸਕੂਲਾਂ ਦੇ ਜ਼ਿਆਦਾਤਰ ਬੱਚਿਆਂ ਨੂੰ ਕਵਰ ਕਰਨ ਲਈ ਆਪਣੀ ਪਹੁੰਚ ਵਧਾ ਦਿੱਤੀ ਹੈ। 2005 ਵਿੱਚ 130 ਮਿਲੀਅਨ ਬੱਚਿਆਂ ਨੂੰ ਕਵਰ ਕਰਨ ਦੀ ਉਮੀਦ ਹੈ।

**6.8 ਸਿੱਖਿਆ ਦਾ ਅਧਿਕਾਰ ਕਾਨੂੰਨ, 2009 ਅਤੇ ਸਰਵ ਸਿੱਖਿਆ ਅਭਿਆਨ ਦੀਆਂ ਸਮਾਨਤਾਵਾਂ**

ਬੱਚਿਆਂ ਨੂੰ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਕਾਨੂੰਨ ਦਾ ਅਧਿਕਾਰ 1 ਅਪ੍ਰੈਲ, 2010 ਤੋਂ ਲਾਗੂ ਹੋਇਆ ਹੈ। 6-14 ਸਾਲ ਉਮਰ ਵਰਗ ਦੇ ਹਰੇਕ ਬੱਚੇ ਨੂੰ 8 ਸਾਲ ਦੀ ਐਲੀਮੈਂਟਰੀ ਸਿੱਖਿਆ ਪ੍ਰਦਾਨ ਕੀਤੀ ਜਾਏਗੀ ਜਿੱਥੇ ਉਸ ਦੇ ਆਸ ਪਾਸ ਉਸ ਦੀ ਉਮਰ ਮੁਤਾਬਿਕ ਢੁਕਵੇਂ ਕਲਾਸਰੂਮ ਹਨ। ਇਸ ਉਪ ਇਕਾਈ ਵਿੱਚ ਜਾਣ ਤੋਂ ਬਾਅਦ ਉਸ ਨੂੰ ਸਮਰੱਥ ਹੋਣਾ ਚਾਹੀਦਾ ਹੈ।

**ਸਮਾਨਤਾ ਦੇ ਉਦੇਸ਼ ਹਨ:**

- ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਨੂੰ ਸ਼ਾਮਲ ਕਰਨ ਲਈ ਨਿਯਮਤ ਸਕੂਲ ਅਧਿਆਪਕਾਂ, ਵਿਸ਼ੇਸ਼ ਅਧਿਆਪਕਾਂ ਦੇ ਦ੍ਰਿਸ਼ਟੀਕੋਣ ਦਾ ਮੁਲਾਂਕਣ ਕਰਨਾ।

Notes

• ਸਮੂਹਿਕ ਵਿੱਦਿਆ ਸਥਾਪਨਾ ਵਿੱਚ ਖਾਸ ਲੋੜਾਂ ਵਾਲੇ ਬੱਚਿਆਂ ਨੂੰ ਸੰਭਾਲਣ ਲਈ ਨਿਯਮਤ ਸਕੂਲਾਂ ਦੇ ਅਧਿਆਪਕਾਂ ਅਤੇ ਵਿਸ਼ੇਸ਼ ਅਧਿਆਪਕਾਂ ਕੋਲ ਲੋੜੀਂਦੀਆਂ ਸਮਰੱਥਾਵਾਂ ਦਾ ਮੁਲਾਂਕਣ ਕਰਨਾ।

• ਬੱਚਿਆਂ ਨੂੰ ਸ਼ਾਮਲ ਹੋਣ ਲਈ ਆਮ ਲੋੜਾਂ ਨਾਲ ਵਿਦਿਆਰਥੀਆਂ ਦੇ ਰਵੱਈਏ ਦਾ ਮੁਲਾਂਕਣ ਕਰਨਾ।

• ਸਮੂਹਿਕ ਸਿੱਖਿਆ ਸਥਾਪਨਾ ਵਿੱਚ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਸੰਭਾਲਣ ਲਈ ਜਾਗਰੂਕਤਾ, ਰਵੱਈਏ ਅਤੇ ਨਿਯਮਤ ਸਕੂਲ ਅਧਿਆਪਕਾਂ ਅਤੇ ਖਾਸ ਅਧਿਆਪਕਾਂ ਦੀਆਂ ਲੋੜੀਂਦੀਆਂ ਮੁਹਾਰਤਾਂ ਦੇ ਵਿਚਕਾਰ ਸਬੰਧ ਪਤਾ ਕਰਨ ਲਈ।

• ਵਿਗਿਆਨਕ ਅਤੇ ਤਕਨੀਕੀ ਵਿਕਾਸ, ਵਿਗਿਆਨਕ ਰਵੱਈਏ ਦੀ ਵਿਕਾਸ ਯੋਗਤਾ, ਰਚਨਾਤਮਕਤਾ ਨੂੰ ਪ੍ਰੋਤਸਾਹਨ ਅਤੇ ਰੋਜ਼ਾਨਾ ਜੀਵਨ ਨਾਲ ਸਬੰਧਿਤ ਸਮੱਸਿਆਵਾਂ ਹੱਲ ਕਰਨੀਆਂ।

• ਆਪਣੇ ਅਕਾਦਮਿਕ ਪ੍ਰਦਰਸ਼ਨ ਵਿੱਚ ਸੁਧਾਰ ਕਰਨ ਲਈ, ਬੱਚਿਆਂ ਦੀ ਮਦਦ ਨਾਲ ਅਧਿਆਪਕਾਂ ਅਤੇ ਮਾਪਿਆਂ ਨੂੰ ਸਿੱਖਣ ਦੀਆਂ ਮੁਸ਼ਕਲਾਂ ਬਾਰੇ ਸਿਖਲਾਈ ਪ੍ਰੋਗਰਾਮ ਸੰਚਾਲਿਤ ਕਰਨੇ।

• ਪ੍ਰਾਇਮਰੀ ਪੱਧਰ ਦੀ ਸਿੱਖਿਆ ਵਿੱਚ ਸਕੂਲ ਛੱਡਣ ਵਾਲਿਆਂ ਨੂੰ ਸਮਾਜਿਕ ਆਰਥਿਕ ਕਾਰਨਾਂ ਦਾ ਵਿਸ਼ਲੇਸ਼ਣ ਕਰਨ ਲਈ।

• ਪ੍ਰਾਇਮਰੀ ਅਤੇ ਐਲੀਮੈਂਟਰੀ ਪੱਧਰ ’ਤੇ ਦਾਖਲਾ, ਡਰਾਪ ਆਊਟ, ਲੜਕੀਆਂ ਦਾ ਦਾਖਲਾ ਬਰਕਰਾਰ ਰੱਖਣ ਦਾ ਮੁਲਾਂਕਣ ਕਰਨ ਲਈ।

• ਦਾਖਲੇ ਨੂੰ ਪ੍ਰਭਾਵਿਤ ਕਰਨ ਵਾਲੇ ਆਰਥਿਕ ਅਤੇ ਜਨ ਅੰਕੜਾ ਕਾਰਕਾਂ ਦੀ ਜਾਂਚ ਕਰਨ ਲਈ।

• ਸਿਖਲਾਈ ਦੇ ਸਬੰਧ ਵਿੱਚ ਐੱਸਐੱਸਏ ਸਕੀਮ ਦੇ ਸਰੀਰਿਕ ਅਤੇ ਵਿੱਤੀ ਪ੍ਰਦਰਸ਼ਨ ਦੀ ਪੜਤਾਲ ਕਰਨੀ।

ਪ੍ਰਾਇਮਰੀ ਅਤੇ ਉੱਚ ਪ੍ਰਾਇਮਰੀ ਸਕੂਲਾਂ ਦੀ ਭਾਰੀ ਕਮੀ ਦੇ ਕਾਰਨ ਨਵੇਂ ਸਿੱਖਿਆ ਸੈਸ਼ਨ ਵਿੱਚ ਸਿੱਖਿਆ ਦੇ ਅਧਿਕਾਰ ਨੂੰ ਕਿਵੇਂ ਲਾਗੂ ਕਰਨ ਦੀ ਅਧਿਕਾਰੀਆਂ ਨੇ ਕੀ ਯੋਜਨਾ ਬਣਾਈ ਹੈ? ਸਰਵ ਸਿੱਖਿਆ ਅਭਿਆਨ ਤਹਿਤ ਨਿਰਧਾਰਤ ਨਿਯਮਾਂ ਮੁਤਾਬਿਕ ਬੱਚਿਆਂ ਨੂੰ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਦਿੱਤਾ ਜਾਂਦਾ ਹੈ। ਸਰਕਾਰੀ ਮਾਪਦੰਡਾਂ ਅਨੁਸਾਰ ਹਰੇਕ ਇੱਕ ਕਿਲੋਮੀਟਰ ਦੀ ਦੂਰੀ ’ਤੇ 300 ਦੀ ਆਬਾਦੀ ਲਈ ਇੱਕ ਸਰਕਾਰੀ ਪ੍ਰਾਇਮਰੀ ਸਕੂਲ ਹੋਣਾ ਚਾਹੀਦਾ ਹੈ ਅਤੇ ਹਰੇਕ ਦੋ ਕਿਲੋਮੀਟਰ ਵਿੱਚ 800 ਦੀ ਆਬਾਦੀ ਲਈ ਉੱਚ ਪ੍ਰਾਇਮਰੀ ਸਕੂਲ ਹੋਣਾ ਚਾਹੀਦਾ ਹੈ। ਵਰਤਮਾਨ ਵਿੱਚ ਬੁਨਿਆਦੀ ਸਿੱਖਿਆ ਵਿਭਾਗ ਦੇ ਰਿਕਾਰਡ ਅਨੁਸਾਰ ਜ਼ਿਲ੍ਹੇ ਵਿੱਚ 1,032 ਪ੍ਰਾਇਮਰੀ ਸਕੂਲ ਅਤੇ 352 ਉੱਚ ਪ੍ਰਾਇਮਰੀ ਸਕੂਲ ਹਨ। ਇਸ ਤੋਂ ਇਲਾਵਾ ਜ਼ਿਲ੍ਹੇ ਵਿੱਚ 780 ਹੋਰ ਮਾਨਤਾ ਪ੍ਰਾਪਤ ਸਕੂਲ ਅਤੇ 577 ਉੱਚ ਪ੍ਰਾਇਮਰੀ ਸਕੂਲ ਹਨ। ਜੇਕਰ ਅਸੀਂ ਅੰਕੜੇ ਜੋੜਦੇ ਹਾਂ ਤਾਂ ਜ਼ਿਲ੍ਹੇ ਵਿੱਚ 1,812 ਪ੍ਰਾਇਮਰੀ ਅਤੇ 929 ਉੱਚ ਪ੍ਰਾਇਮਰੀ ਸਕੂਲ ਹਨ। ਐੱਸਐੱਸਏ ਮਾਨਦੰਡਾਂ ਅਨੁਸਾਰ 31,38, 671 (2001 ਦੀ ਜਨਗਣਨਾ ਅਨੁਸਾਰ) ਦੀ ਆਬਾਦੀ ਵਾਲੇ ਜ਼ਿਲ੍ਹੇ ਵਿੱਚ 10, 462 ਪ੍ਰਾਇਮਰੀ ਅਤੇ 3923 ਉੱਚ ਪ੍ਰਾਇਮਰੀ ਸਕੂਲ ਹੋਣੇ ਚਾਹੀਦੇ ਹਨ। ਹਾਲਾਂਕਿ ਨਿੱਜੀ, ਗੈਰ ਸਰਕਾਰੀ ਸਕੂਲ ਅਤੇ ਮਦਰੱਸੇ ਦੀ ਤਰ੍ਹਾਂ ਜ਼ਿਲ੍ਹੇ ਵਿੱਚ ਕਈ ਹੋਰ ਸੰਸਥਾਵਾਂ ਵੀ ਹਨ।

ਐੱਸਐੱਸਏ 2001 ਵਿੱਚ ਕੇਂਦਰ ਸਰਕਾਰ ਦਾ ਸ਼ੁਰੂ ਕੀਤਾ ਗਿਆ ਇੱਕ ਪ੍ਰਮੁੱਖ ਪ੍ਰੋਗਰਾਮ ਹੈ, ਇਸ ਦਾ ਟੀਚਾ ਸਮਾਂਬੱਧ ਤਰੀਕੇ ਨਾਲ ਐਲੀਮੈਂਟਰੀ ਸਿੱਖਿਆ ਦਾ ਸਰਬਵਿਆਪੀਕਰਨ ਕਰਨਾ ਹੈ। ਇਹ ਪੂਰੇ ਰਾਜ ਨੂੰ ਕਵਰ ਕਰਨ ਲਈ ਰਾਜ ਸਰਕਾਰਾਂ ਨਾਲ ਸਾਂਝੇਦਾਰੀ ਵਿੱਚ ਲਾਗੂ ਕੀਤਾ ਜਾ ਰਿਹਾ ਹੈ। ਵਿਭਿੰਨ ਰਣਨੀਤੀਆਂ ਦੇ ਜ਼ਰੀਏ ਸਕੂਲ ਤੋਂ ਬਾਹਰ ਬੱਚਿਆਂ ਨੂੰ ਮੁੱਖ ਧਾਰਾ ਵਿੱਚ

ਲਿਆਉਣ ’ਤੇ ਜ਼ੋਰ ਦਿੱਤਾ ਜਾਂਦਾ ਹੈ ਅਤੇ 6-14 ਸਾਲ ਉਮਰ ਵਰਗ ਦੇ ਸਾਰੇ ਬੱਚਿਆਂ ਲਈ ਅੱਠ ਸਾਲ ਦੀ ਸਕੂਲ ਸਿੱਖਿਆ ਪ੍ਰਦਾਨ ਕਰਨੀ ਹੈ। ਇਸ ਦਾ ਉਦੇਸ਼ 2010 ਤੱਕ ਇਸ ਉਮਰ ਵਰਗ ਸਮੂਹ ਦੇ ਬੱਚਿਆਂ ਨੂੰ ਉਪਯੋਗੀ ਅਤੇ ਪ੍ਰਸੰਗਿਕ ਐਲੀਮੈਂਟਰੀ ਸਿੱਖਿਆ ਪ੍ਰਦਾਨ ਕਰਨੀ ਹੈ। ਭਾਰਤੀ ਸੰਵਿਧਾਨ ਦੀ 86ਵੀਂ ਸੋਧ ਨੇ ਸਿੱਖਿਆ ਨੂੰ ਮੌਲਿਕ ਅਧਿਕਾਰ ਬਣਾਇਆ ਹੈ। ਅਤੇ ਹੁਣ 1 ਅਪ੍ਰੈਲ, 2010 ਤੋਂ ਬੱਚਿਆਂ ਨੂੰ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਕਾਨੂੰਨ, 2009 ਲਾਗੂ ਹੋਣ ਤੋਂ ਬਾਅਦ ਇਸ ਨੂੰ ਪੂਰਾ ਕਰਨਾ ਹਰੇਕ ਸਕੂਲ ਦੀ ਜ਼ਿੰਮੇਵਾਰੀ ਹੈ।

6-14 ਉਮਰ ਵਰਗ ਦੇ ਕਈ ਬੱਚੇ ਹਨ ਜੋ ਕਿਸੇ ਕੰਮ ਵਿੱਚ ਲੱਗੇ ਹੋਏ ਹਨ। ਜੇਕਰ ਕਿਰਤ ਵਿਭਾਗ ਦਾ ਰਿਕਾਰਡ ਮੰਨਿਆ ਜਾਂਦਾ ਹੈ ਕਿ ਖਤਰਨਾਕ ਅਤੇ ਗੈਰ ਖਤਰਨਾਕ ਉਦਯੋਗਾਂ ਵਿੱਚ ਕੰਮ ਕਰਨ ਵਾਲੇ 5000 ਤੋਂ ਜ਼ਿਆਦਾ ਬੱਚਿਆਂ ਦੀ ਪਛਾਣ ਕੀਤੀ ਗਈ ਹੈ ਅਤੇ ਦਸੰਬਰ, 1996 ਤੋਂ ਵਾਰਾਣਸੀ, ਚੰਦੌਲੀ, ਜੌਨਪੁਰ ਅਤੇ ਗਾਜ਼ੀਪੁਰ ਜ਼ਿਲ੍ਹਿਆਂ ਵਿੱਚ ਹੁਣ ਤੱਕ ਬੱਚਿਆਂ ਨੂੰ ਬਚਾਇਆ ਗਿਆ ਹੈ। ਵਧੀਕ ਕਿਰਤ ਕਮਿਸ਼ਨਰ ਡੀ. ਕੇ. ਕੰਚਨ ਅਨੁਸਾਰ ਰਾਸ਼ਟਰੀ ਬਾਲ ਕਿਰਤ ਪ੍ਰਾਜੈਕਟ (ਐੱਨਸੀਐੱਲਪੀ) ਤਹਿਤ ਬਾਲ ਕਿਰਤੀਆਂ ਲਈ 70 ਵਿਸ਼ੇਸ਼ ਸਕੂਲ ਵਾਰਾਣਸੀ ਜ਼ਿਲ੍ਹੇ ਵਿੱਚ ਚੱਲ ਰਹੇ ਹਨ ਜਦੋਂ ਕਿ ਜੌਨਪੁਰ ਵਿੱਚ 30 ਅਜਿਹੇ ਸਕੂਲ ਅਤੇ ਗਾਜ਼ੀਪੁਰ ਜ਼ਿਲ੍ਹੇ ਵਿੱਚ 20 ਸਕੂਲ ਹਨ। ਹਰੇਕ ਸਕੂਲ ਤਿੰਨ ਸਾਲ ਤੱਕ 50 ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਦਾ ਹੈ।

ਰਾਸ਼ਟਰੀ ਪੱਧਰ ’ਤੇ ਅਖਿਲ ਭਾਰਤੀ ਸਿੱਖਿਆ ਸਰਵੇਖਣ ਮੁਤਾਬਿਕ ਦੇਸ਼ ਵਿੱਚ 3,878 ਸ਼ਹਿਰੀ ਕੇਂਦਰ ਜਾਂ ਇਲਾਕੇ ਹਨ ਜਿਨ੍ਹਾਂ ਦੀ ਅਨੁਮਾਨਤ ਜਨਸੰਖਿਆ 190.5 ਮਿਲੀਅਨ ਹੈ। ਇਸ ਵਿੱਚ 74,656 ਸਕੂਲਾਂ ਤੱਕ ਪਹੁੰਚ ਹੈ, ਜਿਸ ਵਿੱਚ ਘੱਟ ਤੋਂ ਘੱਟ 4-5 ਸਾਲ ਦੀ ਸਿੱਖਿਆ ਲਈ ਸੁਵਿਧਾਵਾਂ ਹਨ। ਇਸ ਦਾ ਅਰਥ ਹੈ ਕਿ ਲਗਪਗ 2,500 ਦੀ ਆਬਾਦੀ ਲਈ ਇੱਕ ਪ੍ਰਾਇਮਰੀ ਸਕੂਲ ਹੈ। 5 ਤੋਂ 14 ਸਾਲ ਦੇ ਵਿਚਕਾਰ 12 ਲੱਖ ਤੋਂ ਜ਼ਿਆਦਾ ਭਾਰਤੀ ਬੱਚਿਆਂ ਨੂੰ ਸਮੁੱਚੇ ਦੇਸ਼ ਵਿੱਚ ਉਸਾਰੀ ਅਤੇ ਨਿਰਮਾਣ ਉਦਯੋਗਾਂ ਵਰਗੇ ਖਤਰਨਾਕ ਕਿੱਤਿਆਂ ਵਿੱਚ ਕੰਮ ਕਰਨਾ ਜਾਰੀ ਹੈ।

ਸਿੱਖਿਆ ਦਾ ਅਧਿਕਾਰ ਕਾਨੂੰਨ ਐੱਸਐੱਸਏ ਦੇ ਸਮੁੱਚੇ ਦ੍ਰਿਸ਼ਟੀਕੋਣ ਅਤੇ ਲਾਗੂ ਰਣਨੀਤੀਆਂ ਲਈ ਜ਼ਰੂਰੀ ਹੈ ਅਤੇ ਐੱਸਐੱਸਏ ਦ੍ਰਿਸ਼ਟੀ, ਰਣਨੀਤੀ ਅਤੇ ਆਰਟੀਈ ਦੇ ਜਨ ਆਦੇਸ਼ ਦੇ ਨਾਲ ਮਾਪਦੰਡਾਂ ਦੇ ਅਨੁਰੂਪ ਹੋਣਾ ਲਾਜ਼ਮੀ ਹੈ। ਇਸ ਸੰਦਰਭ ਵਿੱਚ ਐੱਮਐੱਚਆਰਡੀ ਨੇ ਆਰਟੀਈ ਕਾਨੂੰਨ ਤਹਿਤ ਐੱਸਐੱਸਏ ਦੀ ਕਾਰਵਾਈ ਦੇ ਅਨੁਸਰਣ ਕਰਨ ਦਾ ਸੁਝਾਅ ਦੇਣ ਲਈ ਭਾਰਤ ਸਰਕਾਰ ਦੇ ਸਾਬਕਾ ਸਿੱਖਿਆ ਸਕੱਤਰ ਸ੍ਰੀ ਅਨਿਲ ਬੋਰਡੀਆ ਦੀ ਪ੍ਰਧਾਨਗੀ ਹੇਠ ਇੱਕ ਕਮੇਟੀ ਦਾ ਗਠਨ ਕੀਤਾ ਸੀ। ਕਮੇਟੀ ਦੀਆਂ ਸ਼ੁਰੂਆਤੀ ਮੀਟਿੰਗਾਂ ਦੌਰਾਨ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਦੀ ਤਰਫੋਂ ਕਿਹਾ ਗਿਆ ਸੀ ਕਿ ਕਮੇਟੀ ਨੂੰ ਸਖ਼ਤੀ ਦੇ ਸੰਦਰਭ ਵਿੱਚ ਸੀਮਿਤ ਨਹੀਂ ਕੀਤਾ ਜਾ ਸਕਦਾ ਅਤੇ ਆਰਟੀਈ ਕਾਨੂੰਨ 2009 ਨੂੰ ਲਾਗੂ ਕਰਨ ਨਾਲ ਸਬੰਧਿਤ ਸਿਫਾਰਸ਼ਾਂ ਨੂੰ ਵੀ ਕਰਨਾ ਚਾਹੀਦਾ ਹੈ।

## 6.9 ਸਿੱਟਾ

ਇਸ ਪਾਠਕ੍ਰਮ ਦੀ ਇਕਾਈ 6 ਵਿੱਚ ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਲਈ ਰਣਨੀਤੀਆਂ ਨੂੰ ਪਰਿਭਾਸ਼ਿਤ ਕਰਨ ਦੇ ਨਾਲ ਨਾਲ ਸਰਵ ਸਿੱਖਿਆ ਅਭਿਆਨ (ਐੱਸਐੱਸਏ) ਵਿੱਚ ਚਰਚਾ ਕੀਤੀ ਗਈ ਹੈ। ਜਿਵੇਂ ਤੁਸੀਂ ਦੇਖਿਆ ਹੈ ਅਸੀਂ ਪਹਿਲਾਂ ਐੱਸਐੱਸਏ ਦੀਆਂ ਲੋੜੀਂਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕੀਤਾ ਹੈ ਅਤੇ ਫਿਰ ਐੱਸਐੱਸਏ ਦੇ ਸੰਦਰਭ ਵਿੱਚ ਇਸ ਪ੍ਰੋਗਰਾਮ ਦੇ ਉਦੇਸ਼ਾਂ ਅਤੇ ਉਦੇਸ਼ਾਂ ਨੂੰ ਪਰਿਭਾਸ਼ਿਤ ਕੀਤਾ ਹੈ। ਇਸ ਤੋਂ ਇਲਾਵਾ ਇਸ ਇਕਾਈ ਨੇ ਐੱਸਐੱਸਏ ਪ੍ਰੋਗਰਾਮ ਦੀ ਵਿਆਪਕ

Notes

Notes

ਰਣਨੀਤੀ 'ਤੇ ਚਰਚਾ ਕੀਤੀ ਹੈ। ਅਸੀਂ ਐੱਸਐੱਸਏ ਵਿੱਚ ਨਿੱਜੀ ਜਨਤਕ ਭਾਈਵਾਲੀ ਅਤੇ ਇਸ ਦੇ ਸਫਲ ਲਾਗੂ ਕਰਨ ਵਿੱਚ ਇਸ ਦੇ ਮਹੱਤਵ ਨੂੰ ਵੀ ਉਜਾਗਰ ਕੀਤਾ ਹੈ। ਇਸ ਤੋਂ ਇਲਾਵਾ ਇਕਾਈ ਸਕੂਲ ਅਤੇ ਸਬੰਧਿਤ ਸੁਵਿਧਾਵਾਂ ਦੇ ਵਿਕਾਸ ਦੇ ਪ੍ਰਾਵਧਾਨਾਂ 'ਤੇ ਚਰਚਾ ਕੀਤੀ ਹੈ। ਇਸਦਾ ਉਦੇਸ਼ ਵਿਦਿਆਰਥੀਆਂ ਦੇ ਦਾਖਲੇ ਅਤੇ ਦਾਖਲਾ ਬਣਾਏ ਰੱਖਣ ਵਿੱਚ ਵਾਧਾ ਕਰਨਾ ਅਤੇ ਇਹ ਸੁਨਿਸ਼ਚਤ ਕਰਨਾ ਕਿ 6-14 ਸਾਲ ਉਮਰ ਵਰਗ ਦਾ ਕੋਈ ਵੀ ਵਿਦਿਆਰਥੀ ਸਕੂਲ ਤੋਂ ਬਾਹਰ ਨਾ ਰਹੇ। ਇਸ ਸੰਦਰਭ ਵਿੱਚ ਯੋਜਨਾ ਦੇ ਅੰਸ਼ਦਾਨ ਅਤੇ ਮਹੱਤਵ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ। ਅੰਤ ਵਿੱਚ ਅਸੀਂ ਆਰਟੀਈ ਕਾਨੂੰਨ, 2009 ਨਾਲ ਐੱਸਐੱਸਏ ਦੇ ਸਮਾਨੀਕਰਨ 'ਤੇ ਚਰਚਾ ਕੀਤੀ ਹੈ।

## 6.10 ਸੰਦਰਭ ਗ੍ਰੰਥ /ਕੁਝ ਉਪਯੋਗੀ ਪੁਤਸਕਾਂ


Bhumika : A Hand **Book** on Roles and Responsibilities of Head Masters/Head

Teachers under **SSA**. Bihar. A Guide **Book** for Early Child Care

www.educationforallinindia.com/

www.indianexpress.com/news/lesson-learnt-mp-monitors-ss

depssa.ignou.ac.in/wiki/index.php/Publications


## 6.11 ਇਕਾਈ ਅੰਤ ਅਭਿਆਸ

1) ਸਰਵ ਸਿੱਖਿਆ ਅਭਿਆਨ ਦੇ ਮੁੱਢਲੇ ਲੱਛਣ ਕੀ ਹਨ ?

2) ਆਪਣੇ ਇਲਾਕੇ ਦੇ ਉਨ੍ਹਾਂ ਵਿਦਿਆਰਥੀਆਂ 'ਤੇ ਇੱਕ ਰਿਪੋਰਟ ਤਿਆਰ ਕਰੋ ਜੋ 6-14 ਸਾਲ ਦੀ ਉਮਰ ਦੇ ਹਨ ਅਤੇ ਸਰਵ ਸਿੱਖਿਆ ਅਭਿਆਨ ਤਹਿਤ ਸਿੱਖਿਆ ਪ੍ਰਾਪਤ ਕਰ ਰਹੇ ਹਨ।

**ਇਕਾਈ 7: ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਦੀ ਯੋਜਨਾਬੰਦੀ ਅਤੇ ਪ੍ਰਬੰਧਨ**

Notes

**ਸੰਰਚਨਾ**

7.0 ਜਾਣ ਪਛਾਣ

7.1 ਸਿਖਲਾਈ ਦੇ ਉਦੇਸ਼

7.2 ਐਲੀਮੈਂਟਰੀ ਸਿੱਖਿਆ ਦੇ ਪ੍ਰਬੰਧਨ ਦਾ ਵਿਕੇਂਦਰੀਕਰਨ

7.2.1 ਕੇਂਦਰੀਕ੍ਰਿਤ ਬਨਾਮ ਵਿਕੇਂਦਰੀਕ੍ਰਿਤ ਪ੍ਰਣਾਲੀਆਂ

7.2.2 ਵਿਕੇਂਦਰੀਕਰਨ 'ਤੇ ਭਾਰਤ ਦਾ ਅਨੁਭਵ

7.3 ਸੂਖਮ ਪੱਧਰ 'ਤੇ ਆਯੋਜਨ

7.3.1 ਯੋਜਨਾਬੰਦੀ ਦਾ ਅਰਥ

7.3.2 ਸੂਖਮ ਯੋਜਨਾਬੰਦੀ

7.3.3 ਸੂਖਮ ਯੋਜਨਾਬੰਦੀ ਪ੍ਰਕਿਰਿਆ ਵਿੱਚ ਸਮੁਦਾਏ ਨੂੰ ਸ਼ਾਮਲ ਕਰਨ ਦੇ ਪੜਾਅ

7.3.4 ਡੀਈਓ, ਡੀਆਰਸੀ (ਡਾਇਟ), ਬੀਈਓਜ਼, ਬੀਆਰਸੀਜ਼ ਅਤੇ ਸੀਆਰਸੀਜ਼ ਦੀ ਭੂਮਿਕਾ ਅਤੇ ਜ਼ਿੰਮੇਵਾਰੀਆਂ

7.3.4.1 ਸਕੂਲਾਂ ਦੀ ਨਿਗਰਾਨੀ ਅਤੇ ਨਜ਼ਰਸਾਨੀ

7.4 ਐਲੀਮੈਂਟਰੀ ਸਿੱਖਿਆ ਵਿੱਚ ਪ੍ਰਬੰਧਨ ਅਤੇ ਸ਼ਾਸਨ ਮੁੱਦੇ

7.4.1 ਸ਼ਾਸਨ ਨਾਲ ਸਬੰਧਿਤ ਮੁੱਦੇ

7.4.2 ਅਧਿਆਪਕ ਭਰਤੀ ਅਤੇ ਪ੍ਰਬੰਧਨ

7.4.3 ਸਕੂਲ ਪ੍ਰਬੰਧਨ ਕਮੇਟੀ ਦੀ ਭੂਮਿਕਾ

7.5 ਸਕੂਲ ਪ੍ਰਬੰਧਨ ਬਨਾਮ ਆਰਟੀਈ ਕਾਨੂੰਨ 2009

7.6 ਪ੍ਰਭਾਵੀ ਪ੍ਰਬੰਧਨ ਅਤੇ ਸਮਰੱਥਾ ਨਿਰਮਾਣ ਲਈ ਨੈੱਟਵਰਕਿੰਗ

7.6.1 ਯੂਈਈ ਦੇ ਪ੍ਰਬੰਧਨ ਲਈ ਸੂਚਨਾ ਅਤੇ ਸੰਚਾਰ ਤਕਨਾਲੋਜੀਆਂ

7.6.2 ਸਕੂਲ ਨੈੱਟ ਕੀ ਹੈ ?

7.6.3 ਸਕੂਲ ਨੈੱਟ ਦੇ ਕਾਰਜ

7.6.4 ਸਕੂਲ ਨੈੱਟ ਸਿੱਖਿਆ ਪ੍ਰਬੰਧਨ ਸੂਚਨਾ ਪ੍ਰਣਾਲੀ ਵਜੋਂ

7.7 ਵਿੱਤੀ ਪੋਸ਼ਣ ਪੈਟਰਨ

7.8 ਸਿੱਟਾ

7.9 ਸੰਦਰਭ ਗ੍ਰੰਥ/ਕੁਝ ਉਪਯੋਗੀ ਪੁਸਤਕਾਂ

Notes

7.10 ਇਕਾਈ ਅੰਤ ਅਭਿਆਸ

## 7.0 ਜਾਣ ਪਛਾਣ

**ਇਕਾਈ 5 ਅਤੇ 6 ਵਿੱਚ** ਤੁਸੀਂ ਇਹ ਵੀ ਪੜ੍ਹਿਆ ਕਿ 'ਸਿੱਖਿਆ ਦਾ ਅਧਿਕਾਰ ਕਾਨੂੰਨ, 2009' ਤਹਿਤ ਐਲੀਮੈਂਟਰੀ ਸਿੱਖਿਆ ਨੂੰ ਸਾਰੇ ਬੱਚਿਆਂ ਲਈ (6 ਸਾਲ ਤੋਂ 14 ਸਾਲ ਤੱਕ ਦੇ) ਮੌਲਿਕ ਅਧਿਕਾਰ ਬਣਾ ਦਿੱਤਾ ਗਿਆ ਹੈ। ਇਨ੍ਹਾਂ ਇਕਾਈਆਂ ਵਿੱਚ ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਲਈ ਅਪਣਾਈਆਂ ਗਈਆਂ ਕਾਰਜਨੀਤੀਆਂ ਵੀ ਸਮਝਾਈਆਂ ਗਈਆਂ ਸਨ। ਇੱਕ ਅਧਿਆਪਕ ਦੇ ਰੂਪ ਵਿੱਚ ਤੁਹਾਡਾ ਇਹ ਕਰਤੱਵ ਬਣਦਾ ਹੈ ਕਿ ਸਿੱਖਿਆ ਦਾ ਅਧਿਕਾਰ ਕਾਨੂੰਨ ਦੀ ਮੂਲ ਭਾਵਨਾ ਦੇ ਅਨੁਸਾਰ ਉਸ ਨੂੰ ਸਕੂਲਾਂ ਵਿੱਚ ਲਾਗੂ ਕਰੋ। ਹੁਣ ਤੱਕ ਤੁਸੀਂ ਇਹ ਅਨੁਭਵ ਕੀਤਾ ਹੋਏਗਾ ਕਿ ਸਰਕਾਰ ਸਾਰੇ ਬੱਚਿਆਂ ਨੂੰ, ਚਾਹੇ ਉਹ ਗਰੀਬ ਹੋਣ, ਘੱਟਗਿਣਤੀ ਵਰਗ ਨਾਲ ਸੰਬੰਧਿਤ ਹੋਣ, ਪਰਵਾਸੀ ਪਰਿਵਾਰਾਂ ਦੇ ਬੱਚੇ ਹੋਣ, ਅਨੁਸੂਚਿਤ ਜਾਤੀਆਂ ਜਾਂ ਜਨਜਾਤੀਆਂ ਦੇ ਬੱਚੇ ਹੋਣ, ਜੋ ਸਕੂਲ ਨਹੀਂ ਆਉਂਦੇ, ਸਕੂਲ ਵਿੱਚ ਲਿਆਉਣ ਦੀ ਪੂਰੀ ਕੋਸ਼ਿਸ਼ ਹੋ ਰਹੀ ਹੈ। ਇਨ੍ਹਾਂ ਵਿੱਚੋਂ ਬਹੁਤ ਸਾਰੇ ਬੱਚੇ ਅਜਿਹੇ ਹਨ ਜੋ ਕਦੇ ਸਕੂਲ ਵਿੱਚ ਦਾਖਲ ਹੀ ਨਹੀਂ ਹੋਏ ਅਤੇ ਅਜਿਹੇ ਵੀ ਹਨ ਜੋ ਸਕੂਲ ਵਿਚਕਾਰ ਛੱਡ ਕੇ ਚਲੇ ਗਏ ਹਨ, ਚਾਹੇ ਉਸ ਦਾ ਕਾਰਨ ਕੋਈ ਵੀ ਹੋਵੇ।

ਜਿਵੇਂ ਕਿ ਇਕਾਈ 4 ਅਤੇ ਇਕਾਈ 5 ਵਿੱਚ ਚਰਚਾ ਕੀਤੀ ਗਈ ਹੈ ਕਿ ਇਸ ਕਾਨੂੰਨ ਨੂੰ ਲਾਗੂ ਕਰਨ ਲਈ ਸਰਕਾਰ ਨੇ ਉੱਪਰ ਤੋਂ ਹੇਠ ਤੱਕ ਵਿਸਥਾਰਤ ਪ੍ਰੋਗਰਾਮ ਤਿਆਰ ਕੀਤਾ ਹੈ ਤਾਂ ਕਿ ਸਿੱਖਿਆ ਸਾਰੇ ਬੱਚਿਆਂ ਤੱਕ ਪਹੁੰਚ ਸਕੇ। ਇਸ ਇਕਾਈ ਵਿੱਚ ਤੁਸੀਂ ਇਹ ਪੜ੍ਹੋਗੇ ਕਿ ਇੱਕ ਅਧਿਆਪਕ ਦੇ ਰੂਪ ਵਿੱਚ ਤੁਸੀਂ ਇਸ ਕਾਨੂੰਨ ਦਾ ਅਤੇ ਸਰਕਾਰੀ ਤੰਤਰ ਦਾ ਉਪਯੋਗ ਕਿਵੇਂ ਕਰ ਸਕੋਗੇ ਤਾਂ ਕਿ ਬੱਚਿਆਂ ਨੂੰ ਉਨ੍ਹਾਂ ਦਾ ਸਿੱਖਿਆ ਦਾ ਅਧਿਕਾਰ ਦਿਵਾਉਣ ਵਿੱਚ ਸਹਾਇਤਾ ਕਰ ਸਕੇ, ਬਿਨਾਂ ਇਸ ਵਿਚਾਰ ਦੇ ਕਿ ਉਨ੍ਹਾਂ ਦੀਆਂ ਪ੍ਰਸਥਿਤੀਆਂ ਕਿਵੇਂ ਦੀਆਂ ਹਨ। ਇਸ ਲਈ ਤੁਹਾਨੂੰ ਇਹ ਸਮਝਣਾ ਹੋਏਗਾ ਕਿ ਯੂਈਈ ਨੂੰ ਲਾਗੂ ਰਾਸ਼ਟਰੀ, ਰਾਜ, ਜ਼ਿਲ੍ਹਾ, ਬਲਾਕ ਅਤੇ ਪਿੰਡ ਪੱਧਰ 'ਤੇ ਕਿਵੇਂ ਯੋਜਨਾਬੱਧ ਕੀਤਾ ਜਾਂਦਾ ਹੈ। ਇਸ ਨਾਲ ਤੁਹਾਨੂੰ ਇਹ ਜਾਣਨ ਵਿੱਚ ਸਹਾਇਤਾ ਮਿਲੇਗੀ ਕਿ ਕਿਸ ਨਾਲ ਸੰਪਰਕ ਕਰਨਾ ਹੈ ਅਤੇ ਆਪਣੇ ਸਕੂਲ ਲਈ ਸਰੋਤ ਉਪਲੱਬਧ ਕਰਾਉਣ ਲਈ ਤੁਸੀਂ ਕਿਹੜੇ ਤਰੀਕੇ ਪ੍ਰਯੋਗ ਕਰਨੇ ਹਨ। ਇਸ ਪ੍ਰਕਾਰ ਦਾ ਗਿਆਨ ਸਕੂਲ ਪੱਧਰ ਅਤੇ ਸਥਾਨਕ ਪ੍ਰਸ਼ਾਸਨ ਪੱਧਰ 'ਤੇ ਫੈਸਲਾ ਪ੍ਰਕਿਰਿਆ ਵਿੱਚ ਸਾਰਥਕ ਰੂਪ ਨਾਲ ਸਹਿਭਾਗੀ ਹੋਣ ਵਿੱਚ ਸਹਾਇਤਾ ਕਰੇਗਾ।

## 7.1 ਸਿਖਲਾਈ ਉਦੇਸ਼

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਤੁਸੀਂ ਇਸ ਯੋਗ ਹੋ ਜਾਓਗੇ ਕਿ:

- ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਲਈ ਜ਼ਰੂਰੀ ਸਰੋਤਾਂ ਦਾ ਨਾਂ ਦੱਸ ਸਕੋਗੇ,
- ਯੂਈਈ ਲਈ ਕੰਮ ਵਿੱਚ ਆਉਣ ਵਾਲੀਆਂ ਵਿਭਿੰਨ ਸਕੀਮਾਂ ਦਾ ਵਰਣਨ ਕਰ ਸਕੋਗੇ,
- ਸਕੂਲ ਦੇ ਆਸਪਾਸ ਦੇ ਖੇਤਰਾਂ ਤੋਂ ਆਉਣ ਵਾਲੇ ਵਿਭਿੰਨ ਬੱਚਿਆਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਦਾ ਵਿਸ਼ਲੇਸ਼ਣ ਕਰ ਸਕੋਗੇ,
- ਜਿਸ ਖੇਤਰ ਵਿੱਚ ਸਕੂਲ ਸਥਿਤ ਹੈ ਉਸ ਵਿੱਚ ਮੌਜੂਦ ਸਮੁਦਾਏ ਸਰੋਤਾਂ ਦੀ ਉਪਲੱਬਧਤਾ 'ਤੇ ਚਰਚਾ ਕਰ ਸਕੋਗੇ,
- ਐਲੀਮੈਂਟਰੀ ਸਿੱਖਿਆ ਦੇ ਬੱਚਿਆਂ ਲਈ ਦਿਲਚਸਪ, ਸੁਖਦ ਅਤੇ ਪ੍ਰਸੰਗਿਕ ਅਨੁਭਵ ਬਣਾਉਣ ਲਈ ਵਿਸ਼ੇਸ਼ ਗਤੀਵਿਧੀਆਂ ਆਯੋਜਿਤ ਅਤੇ ਲਾਗੂ ਕਰ ਸਕੋਗੇ ਅਤੇ

• ਅਧਿਆਪਨ ਕਰਦੇ ਸਮੇਂ ਆਪਣੇ ਅੱਗੇ ਆਉਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰ ਸਕਣ ਵਿੱਚ ਤੁਹਾਡੀ ਸਹਾਇਤਾ ਮਾਪਿਆਂ, ਸਕੂਲ ਪ੍ਰਬੰਧਨ, ਸਥਾਨਕ ਪ੍ਰਸ਼ਾਸਨ, ਸਥਾਨਕ ਨੇਤਾਵਾਂ, ਮਾਹਿਰਾਂ ਅਤੇ ਹੋਰ ਸੰਗਠਨਾਂ ਦੀ ਭੂਮਿਕਾ ਦਾ ਵਰਣਨ ਕਰ ਸਕੋਗੇ।

Notes

ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਦੇ ਪ੍ਰਬੰਧਨ ਅਤੇ ਯੋਜਨਾਬੰਦੀ ਲਈ ਅਪਣਾਈਆਂ ਗਈਆਂ ਕਾਰਜ ਨੀਤੀਆਂ ਇੱਕ ਫਰੇਮਵਰਕ ਅਤੇ ਇੱਕ ਸੰਦਰਭ ਬਿੰਦੂ ਦਾ ਕੰਮ ਕਰਦੀਆਂ ਹਨ। ਕਾਰਜ ਨੀਤੀ ਤੋਂ ਅਰਥ ਹੈ ਉਪਲੱਬਧ ਸਰੋਤਾਂ ਦਾ ਕੁਸ਼ਲਤਾਪੂਰਬਕ ਉਪਯੋਗ ਕਰਦੇ ਹੋਏ ਉਦੇਸ਼ ਦੀ ਪ੍ਰਾਪਤੀ ਸਬੰਧੀ ਇੱਕ ਸੁਚਾਰੂ ਯੋਜਨਾ।

## 7.2 ਐਲੀਮੈਂਟਰੀ ਸਿੱਖਿਆ ਦੇ ਪ੍ਰਬੰਧਨ ਦਾ ਵਿਕੇਂਦਰੀਕਰਨ

### 7.2.1 ਕੇਂਦਰੀਕਰਨ ਬਨਾਮ ਵਿਕੇਂਦਰੀਕਰਨ ਪ੍ਰਣਾਲੀਆਂ

ਕਿਸੇ ਕੇਂਦਰੀਕ੍ਰਿਤ ਸਿੱਖਿਆ ਪ੍ਰਣਾਲੀ ਵਿੱਚ ਜ਼ਿਆਦਾਤਰ ਫੈਸਲੇ, ਨਿਗਰਾਨੀ ਅਤੇ ਪ੍ਰਬੰਧਨ ਕਾਰਜ ਰਾਸ਼ਟਰੀ ਪੱਧਰ 'ਤੇ ਸਿੱਖਿਆ ਮੰਤਰਾਲੇ ਦੇ ਹੱਥ ਵਿੱਚ ਅਤੇ ਰਾਜ ਪੱਧਰ 'ਤੇ ਸਿੱਖਿਆ ਵਿਭਾਗ ਦੇ ਹੱਥ ਵਿੱਚ ਕੇਂਦਰਿਤ ਹੁੰਦੇ ਹਨ। ਕੇਂਦਰੀ ਅਤੇ ਰਾਜ ਸਰਕਾਰਾਂ ਸਿੱਖਿਆ ਪ੍ਰਣਾਲੀ ਦੇ ਸਾਰੇ ਪੱਖਾਂ ਦਾ ਨਿਯਮਨ ਕਰਦੀਆਂ ਹਨ, ਉਨ੍ਹਾਂ ਦਾ ਨਿਯੰਤਰਣ ਕਰਦੀਆਂ ਹਨ ਅਤੇ ਵਿਵਸਥਾ ਕਰਦੀਆਂ ਹਨ, ਉਹ ਨੀਤੀ ਨਿਰਧਾਰਨ ਕਰਦੀਆਂ ਹਨ ਅਤੇ ਪ੍ਰਬੰਧਨ ਕਾਰਜ ਕਰਦੀਆਂ ਹਨ ਜਿਵੇਂ ਅਧਿਆਪਕਾਂ ਦੀ ਤਨਖਾਹ ਦੇਣਾ, ਸੇਵਾ ਤੋਂ ਪਹਿਲਾਂ ਜਾਂ ਸੇਵਾਕਾਲ ਸਿਖਲਾਈ ਪ੍ਰਦਾਨ ਕਰਨਾ, ਪਾਠਕ੍ਰਮ ਨਿਰਮਾਣ, ਸਿਖਲਾਈ ਦੇ ਘੱਟ ਤੋਂ ਘੱਟ ਪੱਧਰ ਆਦਿ ਕਿਉਂਕਿ ਵਿਵਹਾਰ ਵਿੱਚ ਕੁਝ ਗੱਲਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਸਕੂਲ ਕਰਮਚਾਰੀ ਸਥਾਨਕ ਪੱਧਰ 'ਤੇ ਕਰ ਸਕਦੇ ਹਨ। ਪਰ ਅਜਿਹੇ ਕਾਰਜ ਜਿਵੇਂ ਸਿਲੇਬਸ, ਪਾਠ ਪੁਸਤਕ, ਸਿੱਖਿਆ ਦਾ ਮਾਧਿਅਮ ਆਦਿ ਦੇ ਵਿਸ਼ੇ ਵਿੱਚ ਅਧਿਆਪਕਾਂ ਨੂੰ ਬਹੁਤ ਅਧਿਕਾਰ ਨਹੀਂ ਦਿੱਤੇ ਜਾਂਦੇ ਹਨ।

ਇਸ ਦੇ ਉਲਟ ਇੱਕ ਵਿਕੇਂਦਰੀਕਰਨ ਪ੍ਰਣਾਲੀ ਵਿੱਚ ਸਥਾਨਕ/ਜ਼ਿਲ੍ਹਾਂ ਤੇ ਪਿੰਡ ਪੱਧਰ 'ਤੇ ਪ੍ਰਾਇਮਰੀ ਸਿੱਖਿਆ ਦੇ ਵਿਭਿੰਨ ਪੱਖਾਂ 'ਤੇ ਢੁਕਵੇਂ ਅਧਿਕਾਰ ਦਿੱਤੇ ਜਾਂਦੇ ਹਨ। ਇਸ ਸਬੰਧ ਵਿੱਚ ਕੁਝ ਸੀਮਿਤ ਨਿਯੰਤਰਣ ਕੇਂਦਰੀ ਜਾਂ ਰਾਜ ਜਾਂ ਜ਼ਿਲ੍ਹਾ ਪੱਧਰ ਦੀ ਅਥਾਰਿਟੀ ਦੇ ਕੋਲ ਹੁੰਦਾ ਹੈ। ਵਿਵਹਾਰਕ ਰੂਪ ਵਿੱਚ ਪ੍ਰਾਇਮਰੀ ਸਿੱਖਿਆ ਪ੍ਰਣਾਲੀਆਂ ਵਿੱਚ ਕੇਂਦਰੀਕਰਨ ਅਤੇ ਵਿਕੇਂਦਰੀਕਰਨ ਦੋਨੋਂ ਪ੍ਰਣਾਲੀਆਂ ਕਾਰਜ ਕਰਦੀਆਂ ਹਨ। ਬਹੁਤ ਸਾਰੀਆਂ ਰਾਜ ਸਰਕਾਰਾਂ ਨੇ ਪ੍ਰਾਇਮਰੀ ਸਿੱਖਿਆ ਦੇ ਵਿਕੇਂਦਰੀਕਰਨ ਦੀ ਪ੍ਰਕਿਰਿਆ ਪਹਿਲਾਂ ਤੋਂ ਹੀ ਸ਼ੁਰੂ ਕੀਤੀ ਹੋਈ ਹੈ। ਪ੍ਰਾਇਮਰੀ ਸਿੱਖਿਆ ਦੀ ਡਿਲੀਵਰੀ ਅਤੇ ਜਵਾਬਦੇਹੀ ਦੇ ਢਾਂਚੇ ਦੀ ਇੱਕ ਅਕਿਰਿਆਸ਼ੀਲ ਪ੍ਰਣਾਲੀ ਦਾ ਇੱਕ ਨਵਾਂ ਤਰੀਕਾ ਤਿਆਰ ਕਰਨ ਅਤੇ ਉਸ ਨੂੰ ਸੰਚਾਲਿਤ ਕਰਨ ਲਈ ਕਈ ਰਾਜ ਸਰਕਾਰਾਂ ਨੇ ਨਵੇਂ ਕਾਨੂੰਨ ਪਾਸ ਕੀਤੇ ਹਨ। ਕੁਝ ਰਾਜ ਸਰਕਾਰਾਂ ਨੇ ਜ਼ਿਲ੍ਹਾ ਪੱਧਰ 'ਤੇ ਪ੍ਰਾਇਮਰੀ ਸਿੱਖਿਆ ਪ੍ਰਦਾਨ ਕਰਨ ਲਈ ਸਮੁਦਾਏ ਅਤੇ ਗੈਰ ਸਰਕਾਰੀ ਸੰਗਠਨਾਂ ਨਾਲ ਇੱਕ ਨਜ਼ਦੀਕੀ ਸਹਿਯੋਗ ਅਤੇ ਸਹਿਭਾਗਤਾ ਦਾ ਸਮਰਥਨ ਕੀਤਾ ਹੈ। ਸਮੁੱਚੇ ਰੂਪ ਵਿੱਚ ਇੱਕ ਕੇਂਦਰੀਕ੍ਰਿਤ ਪ੍ਰਣਾਲੀ ਤੋਂ ਵਿਕੇਂਦਰੀਕਰਨ ਪ੍ਰਣਾਲੀ ਦੀ ਤਰਫ਼ ਰੁਪਾਂਤਰਨ ਇੱਕ ਹੌਲੀ ਪ੍ਰਕਿਰਿਆ ਹੈ। ਫੈਸਲਾ ਪ੍ਰਕਿਰਿਆ ਦਾ ਧਿਆਨ ਹੌਲੀ ਹੌਲੀ ਰਾਜ ਤੋਂ ਜ਼ਿਲ੍ਹਾ/ ਉਪ ਜ਼ਿਲ੍ਹਾ ਅਤੇ ਸਮੁਦਾਏ ਪੱਧਰ 'ਤੇ ਲਿਆ ਕੇ ਦੇਸ਼ ਵਿਕੇਂਦਰੀਕ੍ਰਿਤ ਐਲੀਮੈਂਟਰੀ ਸਿੱਖਿਆ ਦੇ ਟੀਚੇ ਦੀ ਤਰਫ਼ ਵਧਦਾ ਰਹੇਗਾ।

ਵਿਕੇਂਦਰੀਕਰਨ ਦੇ ਫਲਸਰੂਪ ਜ਼ਿਲ੍ਹਾ ਪੱਧਰੀ ਅਤੇ ਉਪ ਜ਼ਿਲ੍ਹਾ ਪੱਧਰੀ ਅਥਾਰਟੀ ਦੇ ਹੱਥਾਂ ਵਿੱਚ ਜ਼ਿਆਦਾ ਜ਼ਿੰਮੇਵਾਰੀ ਸੌਂਪ ਦਿੱਤੀ ਜਾਂਦੀ ਹੈ ਅਤੇ ਅਧਿਕਾਰੀ ਸਿੱਖਿਆ ਸੇਵਾ ਨੂੰ ਉਪਭੋਗਤਾਵਾਂ ਦੇ ਨਜ਼ਦੀਕ ਲਿਆਉਂਦੇ ਹਨ ਅਤੇ ਅਧਿਆਪਕਾਂ, ਸਕੂਲਾਂ ਅਤੇ ਸਥਾਨਕ ਪ੍ਰਸ਼ਾਸਨ ਨੂੰ ਬੱਚਿਆਂ ਦੀਆਂ ਲੋੜਾਂ ਪ੍ਰਤੀ ਕਿਰਿਆਸ਼ੀਲ ਬਣਾਉਂਦੇ ਹਨ।

Notes

ਵਿਕੇਂਦਰੀਕਰਨ ਦਾ ਮਹੱਤਵਪੂਰਨ ਉਦੇਸ਼ ਐਲੀਮੈਂਟਰੀ ਸਿੱਖਿਆ ਵਿੱਚ ਇਕੁਇਟੀ ਅਤੇ ਸੰਪੂਰਨਤਾ ਸੁਨਿਸ਼ਚਤ ਕਰਨਾ ਹੈ ਜਦੋਂ ਤੱਕ ਇਹ ਸੁਧਾਰ ਯਕੀਨੀ ਨਹੀਂ ਹੁੰਦੇ ਅਤੇ ਲਾਗੂ ਨਹੀਂ ਕੀਤੇ ਜਾਂਦੇ, ਇਹ ਉਦੇਸ਼ ਸੰਪੂਰਨ ਰੂਪ ਵਿੱਚ ਪ੍ਰਾਪਤ ਨਹੀਂ ਹੋਏਗਾ। ਜਿਵੇਂ ਕਿ ਰਾਸ਼ਟਰੀ ਸਿੱਖਿਆ ਨੀਤੀ, 1986 ਨੇ ਵਿਚਾਰ ਕੀਤਾ ਸੀ ਅਤੇ ਕਈ ਕਮੇਟੀਆਂ ਨੇ ਇਸ 'ਤੇ ਬਲ ਦਿੱਤਾ, ਰਾਸ਼ਟਰੀ ਸਰਕਾਰ ਸੰਸਥਾਗਤ ਸੁਧਾਰਾਂ ਦੇ ਸਮਾਨ ਅਤੇ ਰਾਜ ਪੱਧਰ 'ਤੇ ਐਲੀਮੈਂਟਰੀ ਸਿੱਖਿਆ ਦੇ ਰਾਸ਼ਟਰੀ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਹੋਈ ਪ੍ਰਗਤੀ ਦੀ ਨਿਗਰਾਨੀ ਕਰਨ ਵਿੱਚ ਇੱਕ ਭੂਮਿਕਾ ਨਿਭਾਉਂਦੀ ਰਹੇਗੀ।

ਪਰ ਸਿੱਖਿਆ ਦੇ ਵਿਕੇਂਦਰੀਕਰਨ ਵਿੱਚ ਕੁਝ ਸੀਮਾਵਾਂ ਵੀ ਹਨ। ਐਲੀਮੈਂਟਰੀ ਸਿੱਖਿਆ ਦੀ ਫੰਡਿੰਗ ਅਤੇ ਸ਼ਕਤੀ ਅਤੇ ਜ਼ਿੰਮੇਵਾਰੀ ਦੀ ਸਾਂਝੀ ਵੰਡ ਸਥਾਨਕ ਜ਼ਿੰਮੇਵਾਰੀ ਅਤੇ ਕੁਸ਼ਲਤਾ ਪ੍ਰਭਾਵਿਤ ਕਰ ਸਕਦੀ ਹੈ। ਯੂਈਈ ਦੇ ਉਦੇਸ਼ਾਂ ਦੀ ਅਪ੍ਰਾਪਤੀ ਲਈ ਕਸੂਰ ਹਰੇਕ ਸਾਂਝੀਦਾਰ ਦੂਜੇ 'ਤੇ ਮੜ੍ਹਦਾ ਹੈ।

ਪ੍ਰਾਇਮਰੀ ਸਿੱਖਿਆ ਦੇ ਵਿਕੇਂਦਰੀਕਰਨ ਅਤੇ ਪ੍ਰਬੰਧਨ ਦਾ ਵਿਚਾਰ ਰਾਸ਼ਟਰੀ ਸਿੱਖਿਆ ਨੀਤੀ, 1986 ਵੱਲੋਂ ਸਥਾਪਿਤ ਇੱਕ ਟੀਚਾ ਹੈ। ਸਿੱਖਿਆ ਨੀਤੀ ਦੀ ਇਹ ਧਾਰਨਾ ਰਹੀ ਹੈ ਕਿ ਐਲੀਮੈਂਟਰੀ ਸਿੱਖਿਆ ਦੇ ਪ੍ਰਬੰਧਨ ਵਿੱਚ ਗ੍ਰਾਮ ਸਿੱਖਿਆ ਕਮੇਟੀ ਦੇ ਰੂਪ ਵਿੱਚ ਪ੍ਰਤੱਖ ਰੂਪ ਨਾਲ ਸਮੁਦਾਏ ਦਾ ਦਖਲ ਹੋਵੇ। ਪਲਾਨ ਆਫ ਐਕਸ਼ਨ, 1992 ਨੇ ਹਰੇਕ ਬੱਚੇ ਦੀ ਸਿੱਖਿਆ ਪ੍ਰਗਤੀ 'ਤੇ ਨਿਯਮਤ ਰੂਪ ਨਾਲ ਦ੍ਰਿਸ਼ਟੀ ਰੱਖਣ ਦੀ ਪ੍ਰਕਿਰਿਆ ਦੇ ਰੂਪ ਵਿੱਚ ਸੂਖਮ ਯੋਜਨਾਬੰਦੀ 'ਤੇ ਜ਼ੋਰ ਦਿੱਤਾ। ਪੀਓਏ ਦਾ ਉਦੇਸ਼ ਇਹ ਸੁਨਿਸ਼ਚਤ ਕਰਨਾ ਵੀ ਸੀ ਕਿ ਹਰੇਕ ਬੱਚਾ ਆਪਣੀ ਪਸੰਦ ਦੇ ਸਥਾਨ 'ਤੇ ਆਪਣੀ ਪੜ੍ਹਾਈ ਕਰੇ ਅਤੇ ਘੱਟ ਤੋਂ ਘੱਟ 8 ਸਾਲ ਦੀ ਸਿੱਖਿਆ (ਐਲੀਮੈਂਟਰੀ) ਪੂਰੀ ਕਰੇ।

### 7.2.2 ਵਿਕੇਂਦਰੀਕਰਨ 'ਤੇ ਭਾਰਤ ਦਾ ਅਨੁਭਵ

ਤੁਸੀਂ ਇਸ ਗੱਲ ਨਾਲ ਸਹਿਮਤ ਹੋਵੋਗੇ ਕਿ ਕੋਈ ਸਿੱਖਿਆ ਪ੍ਰਣਾਲੀ ਉਸ ਸਮਾਜ ਜਿਸ ਦਾ ਉਹ ਭਾਗ ਹੈ, ਤੋਂ ਅਲੱਗ ਕਾਰਜ ਨਹੀਂ ਕਰ ਸਕਦੀ। ਸਾਡੀ ਸਮਾਜਿਕ ਵਿਵਸਥਾ ਵਰਗ, ਜਾਤ, ਲਿੰਗ ਅਤੇ ਧਰਮ 'ਤੇ ਆਧਾਰਿਤ ਬਹੁਤ ਸਾਰੇ ਪੱਧਰਾਂ 'ਤੇ ਵੰਡੀ ਹੋਈ ਹੈ। ਵਿਅਕਤੀਆਂ ਦੀ ਇੱਕ ਵੱਡੀ ਸੰਖਿਆ ਜੋ ਸਮਾਜ ਦੇ ਸੁਵਿਧਾ ਵੰਚਿਤ ਵਰਗਾਂ ਦੀ ਸ਼੍ਰੇਣੀ ਵਿੱਚ ਆਉਂਦੀ ਹੈ, ਦੇ ਕੋਲ ਆਵਾਸ, ਜਲ ਸਵੱਛਤਾ, ਬਿਜਲੀ, ਸਿਹਤ ਸੇਵਵਾਂ ਅਤੇ ਸਿੱਖਿਆ ਵਰਗੀਆਂ ਬੁਨਿਆਦੀ ਸੁਵਿਧਾਵਾਂ ਦੀ ਅਣਹੋਂਦ ਹੈ। ਬਿਨਾਂ ਮੁੱਢਲੀ ਸਿੱਖਿਆ ਪ੍ਰਾਪਤ ਕੀਤੇ ਉਹ ਜਿਊਣ ਲਈ ਸੰਘਰਸ਼ ਕਰ ਰਹੇ ਹਨ।

ਭਾਰਤੀ ਸੰਵਿਧਾਨ ਦੀ 73ਵੀਂ ਅਤੇ 74ਵੀਂ ਸੋਧ ਨੇ ਸਥਾਨਕ ਸ਼ਾਸਨ ਲਈ ਇੱਕ ਅਨੁਕੂਲ ਵਾਤਾਵਰਨ ਦਾ ਨਿਰਮਾਣ ਕੀਤਾ ਹੈ ਜਿਸ ਵਿੱਚ ਉਹ ਇੱਕ ਜ਼ਿਆਦਾ ਗਤੀਸ਼ੀਲ ਅਤੇ ਕਿਰਿਆ ਅਨੁਕੂਲ ਭੂਮਿਕਾ ਅਦਾ ਕਰ ਸਕਦੇ ਹਨ। ਇਸ ਤਬਦੀਲੀ ਨੇ ਔਰਤਾਂ, ਅਨੁਸੂਚਿਤ ਜਾਤੀ, ਅਨੁਸੂਚਿਤ ਜਨ ਜਾਤੀ, ਘੱਟ ਗਿਣਤੀਆਂ ਅਤੇ ਹੋਰ ਵਿਅਕਤੀਆਂ ਨੂੰ ਆਵਾਜ਼ ਪ੍ਰਦਾਨ ਕੀਤੀ ਹੈ, ਹੁਣ ਉਹ ਆਪਣੇ ਵਿਰੁੱਧ ਹੋ ਰਹੇ ਪੱਖਪਾਤ ਪ੍ਰਤੀ ਆਵਾਜ਼ ਉਠਾ ਸਕਦੇ ਹਨ। ਇਸ ਸੰਦਰਭ ਵਿੱਚ ਹੋਰ ਅਨੁਭਵ ਨਿਮਨਲਿਖਤ ਯੋਜਨਾਵਾਂ ਤੋਂ ਪ੍ਰਤੀਬਿੰਬਤ ਹੋ ਜਾਣਗੇ:

- ਸਮੇਕਿਤ ਬਾਲ ਵਿਕਾਸ ਯੋਜਨਾ (ਆਈਸੀਡੀਐੱਸ) ਅਨੁਭਵ ਨੇ ਦਰਸਾਇਆ ਹੈ ਕਿ ਜਨਮ ਤੋਂ ਲੈ ਕੇ 6 ਸਾਲ ਦੇ ਸੁਵਿਧਾ ਵੰਚਿਤ ਅਤੇ ਅਸੁਰੱਖਿਅਤ ਬੱਚਿਆਂ ਦੀ ਸਿਹਤ ਸਬੰਧੀ ਅਤੇ ਪੋਸ਼ਣ ਸਬੰਧੀ ਸਥਿਤੀ ਵਿੱਚ ਸੁਧਾਰ ਲਿਆਉਣ ਵਿੱਚ ਸਥਾਨਕ ਲੋਕਾਂ ਦਾ ਸ਼ਾਮਲ ਹੋਣਾ ਅਤਿ ਮਹੱਤਵਪੂਰਨ ਹੈ।

• ਰਾਸ਼ਟਰੀ ਸਾਖਰਤਾ ਮਿਸ਼ਨ ਨੇ ਵੀ ਸਪੱਸ਼ਟ ਕੀਤਾ ਹੈ ਕਿ ਜਦੋਂ ਜ਼ਿਲ੍ਹਾ ਪੱਧਰ 'ਤੇ ਸਾਖਰਤਾ ਵਧਾਉਣ ਲਈ ਅਭਿਆਨ ਰੂਪ ਅਪਣਾਇਆ ਗਿਆ ਜਿਸ ਵਿੱਚ ਲੋਕਾਂ ਨੇ ਸਰਗਰਮੀ ਨਾਲ ਭਾਗ ਲਿਆ, ਤਾਂ ਸਾਖਰਤਾ ਦਰ ਵਧਾਉਣ ਵਿੱਚ ਇਸ ਦਾ ਪ੍ਰਭਾਵ ਕਾਫ਼ੀ ਸੀ।

Notes

• ਜ਼ਿਲ੍ਹਾ ਪ੍ਰਾਇਮਰੀ ਸਿੱਖਿਆ ਪ੍ਰੋਗਰਾਮ (ਡੀਪੀਈਪੀ) ਜਿਸ ਨੂੰ ਨਵੰਬਰ 1994 ਵਿੱਚ ਸ਼ੁਰੂ ਕੀਤਾ ਗਿਆ, ਇੰਨਾ ਸਫਲ ਰਿਹਾ ਕਿ ਸਰਕਾਰ ਨੇ ਯੂਈਈ ਲਈ ਦੇਸ਼ ਭਰ ਵਿੱਚ ਡੀਪੀਈਪੀ ਕਾਰਜ ਨੀਤੀ ਨੂੰ ਸੰਚਾਲਿਤ ਕਰਨ ਦਾ ਫੈਸਲਾ ਲੈ ਲਿਆ।

ਡਾਇਟ (ਜ਼ਿਲ੍ਹਾ ਸਿੱਖਿਆ ਸਿਖਲਾਈ ਸੰਸਥਾ) ਨੂੰ ਆਪਣੇ ਆਪਣੇ ਰਾਜਾਂ ਦੇ ਜ਼ਰੀਏ ਜ਼ਿਲ੍ਹਾ ਪੱਧਰ 'ਤੇ ਐਲੀਮੈਂਟਰੀ ਸਿੱਖਿਆ ਦੇ ਵਿਕਾਸ ਦੀ ਯੋਜਨਾ ਬਣਾਉਣ ਲਈ ਮੁੱਖ ਜ਼ਿੰਮੇਵਾਰੀ ਦਿੱਤੀ ਗਈ ਹੈ। ਇਹ ਸੰਸਥਾਵਾਂ ਹਨ ਜੋ ਐਲੀਮੈਂਟਰੀ ਸਿੱਖਿਆ ਦੀ ਪ੍ਰਗਤੀ 'ਤੇ ਨਜ਼ਰ ਰੱਖਣ ਅਤੇ ਤਾਲਮੇਲ ਕਰਨ ਲਈ ਅੰਤਿਮ ਰੂਪ ਵਿੱਚ ਜਵਾਬਦੇਹ ਹਨ।

ਯੋਜਨਾਬੰਦੀ ਅਤੇ ਪ੍ਰਬੰਧਨ ਵਿੱਚ ਤਬਦੀਲੀ ਲਈ ਇਹ ਜ਼ਰੂਰੀ ਹੈ ਕਿ ਸਿੱਖਿਆ ਨਾਲ ਸਬੰਧਿਤ ਕਿੱਤਿਆਂ ਅਤੇ ਪ੍ਰਸ਼ਾਸਕਾਂ ਜੋ ਸ਼ਹਿਰੀ ਸਥਾਨਕ ਪ੍ਰਸ਼ਾਸਨ 'ਤੇ ਅਤੇ ਪੰਚਾਇਤੀ ਰਾਜ ਸੰਸਥਾ ਪੱਧਰਾਂ 'ਤੇ ਕਾਰਜ ਕਰ ਰਹੇ ਹਨ, ਉਨ੍ਹਾਂ ਨੂੰ ਸਿਖਲਾਈ ਅਤੇ ਸਹਾਇਤਾ ਦਿੱਤੀ ਜਾਵੇ। ਇਸ ਉਦੇਸ਼ ਦੀ ਪ੍ਰਾਪਤੀ ਲਈ ਸਿੱਖਿਆ ਵਿੱਚ ਸਥਾਨਕ ਪੱਧਰ ਦੀਆਂ ਸੰਸਥਾਵਾਂ ਨੂੰ ਵਿਭਿੰਨ ਰਾਜਾਂ ਵਿੱਚ ਮਜ਼ਬੂਤ ਬਣਾਇਆ ਜਾ ਰਿਹਾ ਹੈ ਕਿਉਂਕਿ ਈਸੀਸੀਈ (ਸ਼ੁਰੂਆਤੀ ਬਚਪਨ ਦੇਖਭਾਲ ਅਤੇ ਸਿੱਖਿਆ) ਮਹੱਤਵਪੂਰਨ ਹੈ। ਇਸ ਲਈ ਯੂਈਈ ਦਾ ਉਦੇਸ਼ ਹੈ ਈਸੀਸੀਈ ਜਾਂ ਆਈਸੀਡੀਐੱਸ ਰਾਹੀਂ ਨਿਰਮਤ ਆਧਾਰ ਦਾ ਸਹਾਰਾ ਲੈਣਾ। ਤੁਸੀਂ ਇਸ ਗੱਲ ਤੋਂ ਜਾਣੂ ਹੋ ਕਿ ਆਈਸੀਡੀਐੱਸ ਸਕੂਲ ਪਹਿਲਾਂ ਬੱਚਿਆਂ ਦੀ ਸਿਹਤ ਅਤੇ ਪੋਸ਼ਣ ਸਬੰਧੀ ਸਥਿਤੀ ਵਿੱਚ ਸੁਧਾਰ ਲਿਆਉਣ ਲਈ ਸਥਾਨਕ ਸਮੁਦਾਏ ਦੇ ਸਮਰਥਨ 'ਤੇ ਨਿਰਭਰ ਕਰਦਾ ਹੈ। ਸਥਾਨਕ ਸਮੁਦਾਏ ਦੇ ਸ਼ਾਮਲ ਹੋਣ ਕਾਰਨ ਹੀ ਆਈਸੀਡੀਐੱਸ ਨੂੰ ਅੰਤਰਰਾਸ਼ਟਰੀ ਪੱਧਰ ਦੇ ਸਭ ਤੋਂ ਵੱਧ ਸਫਲ ਪ੍ਰੋਗਰਾਮਾਂ ਵਿੱਚੋਂ ਇੱਕ ਮੰਨਿਆ ਗਿਆ ਹੈ।

ਸਥਾਨਕ ਸਮੁਦਾਏ ਦਾ ਸਰਗਰਮ ਸਹਿਯੋਗ ਪ੍ਰਾਪਤ ਕਰਨ ਲਈ ਨਿਮਨਲਿਖਤ ਏਜੰਸੀਆਂ ਨੂੰ ਸ਼ਾਮਲ ਕਰਨਾ ਜ਼ਰੂਰੀ ਹੈ:

• ਪੰਚਾਇਤੀ ਰਾਜ ਸੰਸਥਾਵਾਂ

• ਸਕੂਲ ਪ੍ਰਬੰਧਨ ਕਮੇਟੀ

• ਗ੍ਰਾਮ/ਸ਼ਹਿਰੀ ਵਾਰਡ/ਸਲੱਮ ਸਿੱਖਿਆ ਕਮੇਟੀ

• ਮਾਪੇ-ਅਧਿਆਪਕ ਸੰਘ

• ਮਾਂ-ਅਧਿਆਪਕਾ ਸੰਘ

• ਜਨਜਾਤੀ ਖੁਦਮੁਖਤਿਆਰ ਵਿਕਾਸ ਏਜੰਸੀਆਂ

ਇਸ ਤੋਂ ਇਲਾਵਾ ਹੋਰ ਜ਼ਮੀਨੀ ਪੱਧਰ ਦੀਆਂ ਏਜੰਸੀਆਂ ਸ਼ਾਮਲ ਹਨ ਜਿਨ੍ਹਾਂ ਦਾ ਉਦੇਸ਼ ਐਲੀਮੈਂਟਰੀ ਸਿੱਖਿਆ ਅਤੇ ਸਕੂਲਾਂ ਦਾ ਸਾਂਝਾ ਪ੍ਰਬੰਧਨ ਹੈ।

Notes

**ਆਪਣੀ ਪ੍ਰਗਤੀ ਨੂੰ ਪਰਖੋ-1**

1. 1. ਵਿਕੇਂਦਰੀਕਰਨ ਕੀ ਹੈ ?

________________________________

________________________________

________________________________

2. 2. ਯੂਈਈ ਲਈ ਵਿਕੇਂਦਰੀਕਰਨ ਰਣਨੀਤੀ ਕਿਉਂ ਅਪਣਾਈ ਗਈ ਹੈ ?

________________________________

### 7.3 ਸੂਖਮ ਪੱਧਰ 'ਤੇ ਯੋਜਨਾਬੰਦੀ

ਯੋਜਨਾਬੰਦੀ ਅਤੇ ਲਾਗੂ ਕਰਨ ਵਿੱਚ ਲੋਕਾਂ ਦੀ ਸ਼ਮੂਲੀਅਤ ਦੀ ਅਣਹੋਂਦ ਵਿਭਿੰਨ ਵਿਕਾਸ ਯੋਜਨਾਵਾਂ ਦੇ ਅਸਫਲ ਲਾਗੂ ਕਰਨ ਦੇ ਕਾਰਨਾਂ ਵਿੱਚੋਂ ਇੱਕ ਮਹੱਤਵਪੂਰਨ ਕਾਰਨ ਰਿਹਾ ਹੈ। ਪੰਜ ਸਾਲਾ ਯੋਜਨਾ ਦੇ ਸ਼ੁਰੂ ਵਿੱਚ ਹੀ ਖੁਦ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਯੋਜਨਾਵਾਂ ਦੇ ਨਿਰਮਾਣ ਅਤੇ ਲਾਗੂ ਕਰਨ ਵਿੱਚ ਲੋਕਾਂ ਦਾ ਨਜ਼ਦੀਕੀ ਸਹਿਯੋਗ ਸੁਨਿਸ਼ਚਤ ਕੀਤਾ ਜਾਣਾ ਜ਼ਰੂਰੀ ਹੈ। ਅਜਿਹਾ ਮੰਨਿਆ ਗਿਆ ਹੈ ਕਿ ਸਥਾਨਕ ਵਿਅਕਤੀਆਂ ਦੇ ਸਰਗਰਮ ਸਹਿਯੋਗ ਅਤੇ ਸਮਰਥਨ ਤੋਂ ਬਿਨਾਂ ਸਥਾਨਕ ਪੱਧਰ 'ਤੇ ਅਸਲੀ ਲੋੜਾਂ ਅਤੇ ਉਪਲੱਬਧ ਸਰੋਤਾਂ ਦਾ ਪਤਾ ਲਗਾਉਣਾ ਸੰਭਵ ਨਹੀਂ ਹੋਏਗਾ। ਇਸ ਧਾਰਨਾ ਨੂੰ 'ਜ਼ਮੀਨੀ ਪੱਧਰ 'ਤੇ ਯੋਜਨਾਬੰਦੀ' ਦਾ ਨਾਂ ਦਿੱਤਾ ਗਿਆ ਹੈ। ਦੂਜੇ ਸ਼ਬਦਾਂ ਵਿੱਚ 'ਸੂਖਮ ਯੋਜਨਾਬੰਦੀ' ਵੀ ਕਹਿੰਦੇ ਹਨ। ਇਸ ਦਾ ਅਰਥ ਹੈ ੳ) ਲੋੜਾਂ ਦਾ ਪਤਾ ਲਗਾਉਣ ਵਿੱਚ ਸਥਾਨਕ ਵਿਅਕਤੀਆਂ-ਲਾਭਪਾਤਰੀਆਂ ਦੀ ਸ਼ਮੂਲੀਅਤ, ਅ) ਨਿਮਨਲਿਖਤ ਰੂਪਾਂ ਵਿੱਚ ਮੌਜੂਦ ਸਰੋਤਾਂ ਨੂੰ ਉਤਪੰਨ ਕਰਨਾ (1) ਪ੍ਰਯੋਗ ਵਿੱਚ ਆਉਣ ਵਾਲੀ ਸਮੱਗਰੀ, (2) ਸਹਿਯੋਗਾਤਮਕ ਕਿਰਿਆ ਵਿਧੀ, (3) ਉਤਸ਼ਾਹੀ ਕੋਸ਼ਿਸ਼ਾਂ ਰਾਹੀਂ ਜ਼ਿਆਦਾ ਸਰੋਤਾਂ ਦਾ ਨਿਰਮਾਣ। ੲ) ਪ੍ਰਾਪਤ ਸਰੋਤਾਂ ਦਾ ਧਿਆਨ ਰੱਖਦੇ ਹੋਏ ਗ੍ਰਾਮ ਯੋਜਨਾ ਤਿਆਰ ਕਰਨਾ।

### 7.3.1 ਯੋਜਨਾਬੰਦੀ ਦਾ ਅਰਥ

ਆਮ ਸ਼ਬਦਾਂ ਵਿੱਚ ਯੋਜਨਾਬੰਦੀ ਨਿਮਨਲਿਖਤ ਦਾ ਸੂਚਕ ਹੈ:

- ਲੋੜੀਂਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਜਾਂ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਕੁਝ ਕਿਰਿਆ ਵਿਧੀਆਂ ਜਾਂ ਗਤੀਵਿਧੀਆਂ ਦਾ ਕ੍ਰਮਬੱਧ ਪ੍ਰਸਤੂਤੀਕਰਨ।

- ਸਮੁੱਚੇ ਟੀਚਿਆਂ ਦੀ ਪ੍ਰਾਪਤੀ ਲਈ ਕਾਰਜਨੀਤੀਆਂ ਦੀ ਪਛਾਣ ਅਤੇ ਉਨ੍ਹਾਂ ਦੇ ਵਿਕਾਸ ਦੀ ਪ੍ਰਕਿਰਿਆ ਦੀ ਯੋਜਨਾ ਬਣਾਉਣੀ।

- ਯੋਜਨਾਵਾਂ ਅਤੇ ਕਾਰਜਨੀਤੀਆਂ ਨੂੰ ਲਾਗੂ ਕਰਨ ਲਈ ਸਰੋਤ ਜੁਟਾਉਣੇ, ਪ੍ਰਗਤੀ ਦੀ ਦੇਖਰੇਖ ਕਰਨੀ ਅਤੇ ਇਸ ਦੇ ਪ੍ਰਭਾਵ ਦਾ ਮੁਲਾਂਕਣ ਕਰਨਾ।

### 7.3.2 ਸੂਖਮ ਯੋਜਨਾਬੰਦੀ

ਇਹ ਸੁਨਿਸ਼ਚਤ ਕਰਨ ਲਈ ਕਿ ਸਕੂਲ ਉਸ ਨਿਵਾਸ ਸਥਾਨ ਵਿੱਚ ਰਹਿਣ ਵਾਲੇ ਸਾਰੇ ਬੱਚਿਆਂ ਨੂੰ ਗੁਣਵੱਤਾ ਸਿੱਖਿਆ ਪ੍ਰਦਾਨ ਕਰਦਾ ਹੈ, ਇਹ ਜ਼ਰੂਰੀ ਹੈ ਕਿ ਉਸ ਪਿੰਡ ਦੇ ਰਹਿਣ

ਵਾਲੇ ਸਾਰੇ ਬੱਚਿਆਂ ਨੂੰ ਐਲੀਮੈਂਟਰੀ ਸਿੱਖਿਆ ਉਪਲੱਬਧ ਕਰਾਉਣ ਦੀ ਮਾਲਕੀ ਅਤੇ ਜ਼ਿੰਮੇਵਾਰੀ ਖੁਦ ਸੰਭਾਲਣ। ਇੱਕ ਇਕੱਲੇ ਅਧਿਆਪਕ ਲਈ ਇਹ ਸੰਭਵ ਨਹੀਂ ਹੈ ਕਿ ਉਹ ਸਾਰੇ ਬੱਚਿਆਂ ਦੀਆਂ ਲੋੜਾਂ 'ਤੇ ਧਿਆਨ ਦੇ ਸਕੇ। ਇਸ ਪ੍ਰਕਿਰਿਆ ਵਿੱਚ ਸਾਰੇ ਸਾਂਝੀਦਾਰਾਂ ਨੂੰ ਜਿਵੇਂ ਮਹਿਲਾ ਸਮੂਹ, ਗ੍ਰਾਮ ਸਿੱਖਿਆ ਕਮੇਟੀ ਦੇ ਮੈਂਬਰ, ਪੰਚਾਇਤੀ ਰਾਜ ਸੰਸਥਾਵਾਂ ਦੇ ਮੈਂਬਰ ਆਦਿ ਨੂੰ ਸ਼ਾਮਲ ਹੋਣਾ ਪਏਗਾ। ਸਾਰੀਆਂ ਸਾਂਝੇਦਾਰੀਆਂ ਦੀ ਸਹਾਇਤਾ ਨਾਲ ਇਹ ਸੁਨਿਸ਼ਚਤ ਕਰੋ ਕਿ ਸਮਾਜ ਦੇ ਸੁਵਿਧਾ ਵੰਚਿਤ ਬੱਚਿਆਂ ਸਮੇਤ ਸਾਰੇ ਬੱਚੇ ਗੁਣਵੱਤਾ ਐਲੀਮੈਂਟਰੀ ਸਿੱਖਿਆ ਪ੍ਰਾਪਤ ਕਰ ਸਕਣ।

Notes

### 7.3.3 **ਸੂਖਮ ਯੋਜਨਾਬੰਦੀ ਪ੍ਰਕਿਰਿਆ ਵਿੱਚ ਸਮੁਦਾਏ ਨੂੰ ਸ਼ਾਮਲ ਕਰਨ ਦੇ ਵਿਭਿੰਨ ਪੜਾਅ**

ਸੂਖਮ ਯੋਜਨਾਬੰਦੀ ਪ੍ਰਕਿਰਿਆਵਾਂ ਵਿੱਚ ਸਮੁਦਾਏ ਨੂੰ ਸ਼ਾਮਲ ਕਰਨ ਲਈ ਨਿਮਨ ਪੜਾਵਾਂ ਦਾ ਪਾਲਣ ਕਰਨਾ ਚਾਹੀਦਾ ਹੈ:

1) **ਸਮੁਦਾਏ ਦਾ ਸਸ਼ਕਤੀਕਰਨ**

• ਇਸ ਲਈ ਗ੍ਰਾਮ ਸਿੱਖਿਆ ਕਮੇਟੀ, ਸਕੂਲ ਪ੍ਰਬੰਧਨ ਕਮੇਟੀ, ਮਾਂ-ਅਧਿਆਪਕ ਸੰਘ ਆਦਿ ਨੂੰ ਸਿਖਲਾਈ ਦੇਣ ਲਈ ਸਿਖਲਾਈ ਵਰਕਸ਼ਾਪ ਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਦੀ ਸਮਰੱਥਾ ਦਾ ਵਿਕਾਸ ਹੋਵੇ ਅਤੇ ਉਹ ਐਲੀਮੈਂਟਰੀ ਸਿੱਖਿਆ ਲਈ ਬੱਚਿਆਂ ਦੇ ਅਧਿਕਾਰਾਂ ਨੂੰ ਪਛਾਣ ਸਕਣ ਅਤੇ ਉਨ੍ਹਾਂ ਦੇ ਉੱਤਰ ਲੱਭ ਸਕਣ।

• ਸਿੱਖਿਆ ਦਾ ਅਧਿਕਾਰ ਕਾਨੂੰਨ ਦੇ ਪ੍ਰਾਵਧਾਨਾਂ ਨਾਲ ਸਮੁਦਾਏ ਨੂੰ ਜਾਣੂ ਕਰਾਉਣ ਲਈ ਜਾਗਰੂਕਤਾ ਅਭਿਆਨ ਚਲਾਏ ਜਾਣ। ਇਸ ਤੋਂ ਇਲਾਵਾ ਇਨ੍ਹਾਂ ਅਭਿਆਨਾਂ ਨਾਲ ਲੋਕ ਆਪਣੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀ ਨਾਲ ਐਲੀਮੈਂਟਰੀ ਸਿੱਖਿਆ ਦੇ ਸੰਦਰਭ ਵਿੱਚ ਸਰਕਾਰ ਵੱਲੋਂ ਚਲਾਏ ਜਾ ਰਹੇ ਉਪਰਾਲਿਆਂ ਤੋਂ ਜਾਣ ਹੋ ਜਾਣਗੇ। ਇਨ੍ਹਾਂ ਅਭਿਆਨਾਂ ਵਿੱਚ ਨਿਮਨਲਿਖਤ ਗਤੀਵਿਧੀਆਂ ਸ਼ਾਮਲ ਹੋ ਸਕਦੀਆਂ ਹਨ:

-ਮੀਨਾ ਅਭਿਆਨ

- ਮਾਂ ਬੇਟੀ ਮੇਲਾ

- ਮਹਿਲਾ ਸੰਮੇਲਨ

- ਕਿਸ਼ੋਰੀ ਮੇਲਾ

- ਬਾਲ ਸ਼ਿਸੂ ਮੇਲਾ

- ਪ੍ਰਭਾਤ ਫੇਰੀ

- ਦਾਖਲਾ ਅਭਿਆਨ

- ਸੱਭਿਆਚਾਰਕ ਪ੍ਰੋਗਰਾਮ-ਨੁੱਕੜ ਨਾਟਕ ਜਿਸ ਵਿੱਚ ਮਹੱਤਵਪੂਰਨ ਮੁੱਦੇ ਸ਼ਾਮਲ ਹੋਣ ਜਿਵੇਂ ਦਾਖਲਾ ਵਧਾਉਣਾ ਸੁਨਿਸ਼ਚਤ ਕਰਨਾ, ਡਰਾਪ ਆਊਟ ਨੂੰ ਘੱਟ ਕਰਨਾ, ਸਕੂਲ ਦਾਖਲੇ ਲਈ ਸਰਟੀਫਿਕੇਟ ਪ੍ਰਾਪਤ ਕਰਨਾ, ਲੜਕੀਆਂ ਦੀ ਸਿੱਖਿਆ, ਸੁਵਿਧਾ ਵੰਚਿਤ ਸਮੂਹਾਂ ਜਿਵੇਂ ਅਨੁਸੂਚਿਤ ਜਾਤੀਆਂ/ਅਨੁਸੂਚਿਤ ਜਨਜਾਤੀਆਂ/ਹੋਰ ਪੱਛੜੇ ਵਰਗ, ਖਾਨਾਬਦੋਸ਼ ਅਤੇ ਪਸ਼ੂ ਚਰਾਉਣ ਵਾਲੇ ਬੱਚਿਆਂ ਨੂੰ ਮਿਲਣ ਵਾਲੇ ਅਧਿਕਾਰਾਂ ਦੀ ਜਾਣਕਾਰੀ ਆਦਿ।

2) **ਯੋਜਨਾ ਟੀਮ ਦੀ ਪਛਾਣ**

ਯੋਜਨਾਬੰਦੀ ਲਈ ਜ਼ਰੂਰੀ ਸੂਚਨਾਵਾਂ ਇਕੱਤਰ ਕਰਨ ਲਈ ਸਿਰਫ਼ ਇੱਕ ਸਰਕਾਰੀ ਅਧਿਕਾਰੀ ਜਾਂ ਇੱਕ ਅਧਿਆਪਕ ਬਹੁਤ ਨਹੀਂ ਹੈ। ਯੂਈਈ ਦੇ ਹਰੇਕ ਪੱਖ 'ਤੇ ਚੰਗੀ ਤਰ੍ਹਾਂ ਸੋਚਣ ਅਤੇ ਪ੍ਰਸੰਗਕ ਸੂਚਨਾਵਾਂ ਪ੍ਰਾਪਤ ਕਰਨ ਲਈ ਕੋਰ ਦਲ ਬਣਾਉਣ ਦੀ ਲੋੜ ਹੈ ਜਿਸ ਵਿੱਚ ਸਮੁਦਾਏ ਵਿੱਚ

Notes

ਮਲਕੀਅਤ ਦੀ ਭਾਵਨਾ ਵੀ ਜਾਗੇਗੀ, ਉਨ੍ਹਾਂ ਦਾ ਸਹਿਯੋਗ ਵੀ ਮਿਲੇਗਾ ਅਤੇ ਉਹ ਮੁੱਖ ਹਿੱਤਧਾਰਕ ਦੇ ਰੂਪ ਵਿੱਚ ਸ਼ਾਮਲ ਹੋ ਕੇ ਉਦੇਸ਼ ਨਿਰਧਾਰਤ ਕਰਨ ਅਤੇ ਤਰਜੀਹਾਂ ’ਤੇ ਫੈਸਲੇ ਲੈਣ ਵਿੱਚ ਸਾਕਾਰਾਤਮਕ ਯੋਗਦਾਨ ਦੇਣਗੇ। ਇਸ ਪ੍ਰਕਾਰ ਇੱਕ ਕੋਰ ਯੋਜਨਾਬੰਦੀ ਦਲ ਨੂੰ ਸ਼ਾਮਲ ਕਰਨਾ ਯੋਜਨਾ ਨੂੰ ਵੈਧਤਾ ਪ੍ਰਦਾਨ ਕਰਨਾ ਹੈ।

ਸਮੁਦਾਇਕ ਅਤੇ ਟੀਚਾ ਸਮੂਹਾਂ ਨਾਲ ਗੱਲਬਾਤ ਉਨ੍ਹਾਂ ਲੋਕਾਂ ਦੀ ਪਛਾਣ ਕਰਨ ਦੇ ਅਵਸਰ ਪ੍ਰਦਾਨ ਕਰਦੀ ਹੈ ਜੋ ਹਰੇਕ ਸਥਾਨ ਲਈ ਮੁੱਖ ਯੋਜਨਾਬੰਦੀ ਟੀਮ ਦੇ ਮੈਂਬਰ ਹੋ ਸਕਦੇ ਹਨ। ਕੁਝ ਪੜ੍ਹੇ ਲਿਖੇ ਹੋ ਸਕਦੇ ਹਨ, ਕੁਝ ਰਾਜਨੀਤਕ ਰੂਪ ਨਾਲ ਸਰਗਰਮ ਹੋ ਸਕਦੇ ਹਨ, ਕੁਝ ਨੌਜਵਾਨ ਵਿਚਾਰ ਅਤੇ ਉਤਸ਼ਾਹ ਨਾਲ ਭਰਪੂਰ ਹੋ ਸਕਦੇ ਹਨ। ਦੂਜਿਆਂ ਨੂੰ ਆਪਣੀਆਂ ਵਿਸ਼ੇਸ਼ਤਾਵਾਂ ਦੇਣ ਲਈ ਤਿਆਰ ਹੋ ਸਕਦਾ ਹੈ, ਔਰਤਾਂ ਸਰੋਤ ਭਰਪੂਰ ਹੋ ਸਕਦੀਆਂ ਹਨ ਅਤੇ ਘੱਟਗਿਣਤੀਆਂ ਨੇ ਬੇਰੁਜ਼ਗਾਰ ਵਿਅਕਤੀਆਂ ਨੂੰ ਸਿੱਖਿਅਤ ਕੀਤਾ ਹੋ ਸਕਦਾ ਹੈ। ਉਨ੍ਹਾਂ ਦੀ ਸਹਿਭਾਗਤਾ ਹੈ:

- ਸਮੁਦਾਇਕ ਸਕੂਲ ਦੇ ਸਬੰਧਾਂ ਦੇ ਨਿਰਮਾਣ ਅਤੇ ਮਜ਼ਬੂਤ ਬਣਾਉਣ ਵਿੱਚ ਯੋਗਦਾਨ ਪਾਉਣਾ।

- ਡਰਾਪ ਆਊਟ, ਪਰਵਾਸ, ਨਿਕਾਲਾ ਰੋਕਣ ਲਈ ਸਮੁਦਾਏ ਸਹਾਇਤਾ ਪ੍ਰਦਾਨ ਕਰੇ।

- ਸਮਾਵੇਸ਼ੀ ਸਿੱਖਿਆ ਦੇ ਪੱਖ ਵਿੱਚ ਹਿੱਤਧਾਰਕਾਂ ਦੇ ਵਿਚਾਰਾਂ ਨੂੰ ਢਾਲਣ ਵਿੱਚ ਸਿੱਖਿਅਤ ਹਨ।

ਕੋਰ ਯੋਜਨਾਬੰਦੀ ਟੀਮ ਵਿੱਚ ਥੋੜ੍ਹਾ ਧਿਆਨ ਵੀ ਰੱਖਿਆ ਜਾਏ ਕਿ ਕੁਝ ਅਜਿਹੇ ਵਿਅਕਤੀ ਜ਼ਰੂਰ ਸ਼ਾਮਲ ਹੋਣ ਜੋ ਇਸ ਯੋਜਨਾ ਨਾਲ ਅਸਹਿਮਤ ਹੋਣ ਤਾਂ ਕਿ ਉਹ ਇਸ ਯੋਜਨਾ ਦੇ ਕਮਜ਼ੋਰ ਬਿੰਦੂਆਂ ਨੂੰ ਸਾਹਮਣੇ ਲਿਆ ਸਕਨ ਅਤੇ ਉਨ੍ਹਾਂ ਬਿੰਦੂਆਂ ’ਤੇ ਚਰਚਾ ਕੀਤੀ ਜਾ ਸਕੇ। ਦਲ ਵਿੱਚ ਸਾਰੇ ਪ੍ਰਕਾਰ ਦੇ ਮੈਂਬਰਾਂ ਦਾ ਹੋਣਾ ਲਾਜ਼ਮੀ ਹੈ ਤਾਂ ਕਿ ਐਲੀਮੈਂਟਰੀ ਸਿੱਖਿਆ ਨੂੰ ਸਾਰੇ ਬੱਚਿਆਂ ਤੱਕ ਪਹੁੰਚਾਇਆ ਜਾ ਸਕੇ। ਇਸ ਲਈ ਯੋਜਨਾਬੰਦੀ ਕੋਰ ਟੀਮ ਅਜਿਹੀ ਹੋਣੀ ਚਾਹੀਦੀ ਹੈ ਜਿਸ ਵਿੱਚ ਸਮੁਦਾਏ ਦੇ ਸਾਰੇ ਵਰਗਾਂ ਨੂੰ ਪ੍ਰਤੀਨਿਧਤਾ ਹੋਵੇ।

**3) ਕੋਰ ਯੋਜਨਾਬੰਦੀ ਟੀਮ ਦਾ ਸਮਰੱਥਾ ਨਿਰਮਾਣ**

ਯੋਜਨਾਬੰਦੀ ਦੀ ਗੁਣਵੱਤਾ ਕੋਰ ਯੋਜਨਾਬੰਦੀ ਟੀਮ ਦੇ ਸਮਰੱਥਾ ਨਿਰਮਾਣ ’ਤੇ ਨਿਰਭਰ ਹੈ। ਪ੍ਰਸਤਾਵਿਤ ਯੋਜਨਾਵਾਂ ਜ਼ਿਲ੍ਹਾ ਪੱਧਰ ’ਤੇ ਪ੍ਰਸੰਗਿਕ ਹੋਣ ਜਿਨ੍ਹਾਂ ਨੂੰ ਪੂਰਾ ਕੀਤਾ ਜਾ ਸਕੇ। ਸਮੁੱਚੀ ਯੋਜਨਾਬੰਦੀ ਪ੍ਰਕਿਰਿਆ ਸਹਿਭਾਗੀ ਹੋਣੀ ਚਾਹੀਦੀ ਹੈ ਅਤੇ ਇਹ ਸੁਨਿਸ਼ਚਤ ਕੀਤਾ ਜਾਏ ਕਿ ਸਿੱਖਿਆ ਵਿਕਾਰਾਂ ਦੇ ਸਾਰੇ ਪੱਖਾਂ ’ਤੇ ਧਿਆਨ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਇਹ ਵੀ ਸੁਨਿਸ਼ਚਤ ਕੀਤਾ ਜਾਵੇ ਕਿ ਕੋਈ ਇੱਕ ਸਮੂਹ ਇਸ ਪ੍ਰਕਿਰਿਆ ਨੂੰ ਆਪਣੀ ਤਰਫ਼ ਨਾ ਖਿੱਚ ਲੈ ਜਾਏ। ਇਸ ਕੋਰ ਯੋਜਨਾਬੰਦੀ ਟੀਮ ਦਾ ਕਾਰਜ ਹੋਏਗਾ ਸਕੂਲ ਵਿਕਾਸ ਯੋਜਨਾਵਾਂ ਨੂੰ ਸੰਗਠਿਤ ਕਰਨਾ। ਇਸ ਟੀਮ ਤੋਂ ਇਹ ਉਮੀਦ ਹੈ ਕਿ ਇਹ ਸਕੂਲ ਦੀਆਂ ਲੋੜਾਂ ਨੂੰ ਪਿੰਡ ਪੱਧਰ ’ਤੇ ਪ੍ਰਭਾਵੀ ਢੰਗ ਨਾਲ ਪੇਸ਼ ਕਰੇਗੀ, ਪਿੰਡ ਦੀਆਂ ਲੋੜਾਂ ਨੂੰ ਬਲਾਕ ਪੱਧਰ ’ਤੇ ਅਤੇ ਬਲਾਕ ਦੀਆਂ ਲੋੜਾਂ ਨੂੰ ਸਹੀ ਢੰਗ ਨਾਲ ਜ਼ਿਲ੍ਹ ਪੱਧਰ ’ਤੇ ਪੇਸ਼ ਕਰੇਗੀ, ਉਨ੍ਹਾਂ ਨੂੰ ਸਰਵ ਸਿੱਖਿਆ ਅਭਿਆਨ ਦੇ ਉਦੇਸ਼ਾਂ, ਟੀਚਿਆਂ, ਮਾਪਦੰਡਾਂ ਆਦਿ ਤੋਂ ਜਾਣੂ ਕਰਾਉਣ ਲਈ ਦੋ ਜਾਂ ਤਿੰਨ ਵਾਰ ਵਰਕਸ਼ਾਪਾਂ ਆਯੋਜਿਤ ਕਰਨ ਦੀ ਲੋੜ ਪੈ ਸਕਦੀ ਹੈ। ਉਨ੍ਹਾਂ ਨੂੰ ਇਸ ਗੱਲ ਤੋਂ ਜਾਣੂ ਕਰਾਉਣ ਦੀ ਲੋੜ ਹੈ ਕਿ ਕਲੱਸ਼ਟਰ, ਬਲਾਕ ਅਤੇ ਜ਼ਿਲ੍ਹਾ ਪੱਧਰ ’ਤੇ ਉਪਲੱਬਧ ਸੁਵਿਧਾਵਾਂ ਦਾ ਲਾਭ ਕਿਵੇਂ ਉਠਾਇਆ ਜਾਏ।

**4) ਉਨ੍ਹਾਂ ਮੁੱਦਿਆਂ ਨੂੰ ਪਛਾਣਨਾ ਜਿਨ੍ਹਾਂ ਦੇ ਹਲ ਲਈ ਦਖਲ ਦੀ ਲੋੜ ਪੈਂਦੀ ਹੈ**

ਯੋਜਨਾਬੰਦੀ ਟੀਮ ਦੇ ਨਿਰਮਾਣ ਤੋਂ ਬਾਅਦ ਅਗਲਾ ਪੜਾਅ ਹੈ ਉਨ੍ਹਾਂ ਮੁੱਦਿਆਂ ਦਾ ਅੰਦਾਜ਼ਾ ਲਗਾਉਣਾ ਜਿਨ੍ਹਾਂ ਦਾ ਸਬੰਧ ਐਲੀਮੈਂਟਰੀ ਸਿੱਖਿਆ ਦੀ ਸਿਖਲਾਈ, ਦਾਖਲਾ, ਬਣਾਏ ਰੱਖਣਾ ਤੇ ਗੁਣਵੱਤਾ ਨਾਲ ਹੋਵੇ ਅਤੇ ਇਸ ਸੰਦਰਭ ਵਿੱਚ ਇਹ ਫੈਸਲਾ ਵੀ ਲਿਆ ਜਾਏ ਕਿ ਕੀ ਇਨ੍ਹਾਂ ਮੁੱਦਿਆਂ ਨਾਲ ਪਿੰਡ ਪੱਧਰ 'ਤੇ ਹੀ ਨਿਪਟਿਆ ਜਾ ਸਕਦਾ ਹੈ ਜਾਂ ਬਲਾਕ ਜਾਂ ਜ਼ਿਲ੍ਹਾ ਪੱਧਰ 'ਤੇ ਨਿਪਟਣ ਦੀ ਲੋੜ ਹੋਏਗੀ। ਇਹ ਮੁੱਦੇ ਹਨ:

Notes

- ਪ੍ਰਸ਼ਾਸਨ ਸਬੰਧੀ ਹੋ ਸਕਦੇ ਹਨ।
- ਨੀਤੀ ਵਿੱਚ ਤਬਦੀਲੀ ਲਿਆਉਣ ਵਾਲੇ ਹੋ ਸਕਦੇ ਹਨ।
- ਅਜਿਹੇ ਹੋ ਸਕਦੇ ਹਨ ਜਿਨ੍ਹਾਂ ਲਈ ਨਿਰਧਾਰਤ ਮਾਪਦੰਡਾਂ ਨੂੰ ਅਪਡੇਟ ਕੀਤਾ ਜਾਣਾ ਚਾਹੀਦਾ ਹੈ।
- ਅਜਿਹੇ ਹੋ ਸਕਦੇ ਹਨ ਜਿਨ੍ਹਾਂ ਦਾ ਨਿਪਟਾਰਾ ਸਹਿਯੋਗਾਤਮਕ ਢੰਗ ਨਾਲ ਕੀਤਾ ਜਾਵੇ।
- ਅਜਿਹੇ ਹੋ ਸਕਦੇ ਹਨ ਜਿਨ੍ਹਾਂ ਲਈ ਜ਼ਿਲ੍ਹਾ ਜਾਂ ਰਾਜ ਅਧਿਕਾਰੀਆਂ ਤੋਂ ਸਹਾਇਤਾ ਦੀ ਲੋੜ ਹੋਵੇ।

ਇਸ ਪੱਧਰ 'ਤੇ ਪ੍ਰਾਪਤ ਸਰੋਤਾਂ ਨੂੰ ਪ੍ਰਾਪਤ ਕਰਨ ਲਈ ਸਕੂਲਾਂ, ਪਿੰਡਾਂ, ਬਲਾਕਾਂ ਅਤੇ ਜ਼ਿਲ੍ਹੇ ਦੇ ਵਿਚਕਾਰ ਇੱਕ ਦੌੜ ਲੱਗ ਸਕਦੀ ਹੈ ਜਿਸ ਵਿੱਚ ਉਹ ਆਪਣੇ ਆਪਣੇ ਖੇਤਰਾਂ ਦੀਆਂ ਸਮੱਸਿਆਵਾਂ, ਚੁਣੌਤੀਆਂ ਜਾਂ ਮੁੱਦਿਆਂ ਨੂੰ ਦੂਜਿਆਂ ਦੇ ਮੁੱਦਿਆਂ ਦੀ ਬਜਾਏ ਜ਼ਿਆਦਾ ਮਹੱਤਵਪੂਰਨ ਅਤੇ ਬਹੁਤ ਲੋੜੀਂਦੇ ਦੱਸਣਗੇ। ਅਜਿਹੀ ਸਥਿਤੀ ਵਿੱਚ ਇਨ੍ਹਾਂ ਮੁੱਦਿਆਂ ਨੂੰ ਸਿੱਖਿਆ ਵਿਭਾਗ ਦੀਆਂ ਯੋਜਨਾਵਾਂ ਵਿੱਚ ਸ਼ਾਮਲ ਕਰਾਉਣ/ਕਰਨ ਲਈ ਠੋਸ (ਅੰਕੜਾ ਆਧਾਰਿਤ) ਆਧਾਰ ਦਾ ਹੋਣਾ ਲਾਜ਼ਮੀ ਹੈ ਤਾਂ ਕਿ ਉਨ੍ਹਾਂ ਨੂੰ ਸਹੀ ਤਰਜੀਹ ਮਿਲ ਸਕੇ। ਕਈ ਵਾਰ ਅਨੁਭਵਾਂ ਦੇ ਆਦਾਨ ਪ੍ਰਦਾਨ ਲਈ ਅੰਤਰ-ਜ਼ਿਲ੍ਹਾ ਯੋਜਨਾ ਵਰਕਸ਼ਾਪਾਂ ਦੀ ਵਿਵਸਥਾ ਕੀਤੀ ਜਾ ਸਕਦੀ ਹੈ।

5) ਅੰਕੜਿਆਂ ਦੀ ਲੋੜ ਅਤੇ ਸਰੋਤ

ਸਾਰੀਆਂ ਯੋਜਨਾਵਾਂ ਸਮਾਂਬੱਧ ਹੁੰਦੀਆਂ ਹਨ ਜਿਨ੍ਹਾਂ ਵਿੱਚ ਵਿਸ਼ੇਸ਼ ਟੀਚਿਆਂ ਦੀ ਪ੍ਰਾਪਤੀ ਲਈ ਸਪੱਸ਼ਟ ਆਦੇਸ਼ ਹੁੰਦੇ ਹਨ ਕਿਉਂਕਿ 'ਸਿੱਖਿਆ ਦਾ ਅਧਿਕਾਰ' ਸਪੱਸ਼ਟ ਕਰਦਾ ਹੈ ਕਿ ਸਾਰੇ ਬੱਚੇ 8 ਸਾਲ ਐਲੀਮੈਂਟਰੀ ਸਿੱਖਿਆ ਪੂਰੀ ਕਰਨ। ਇਸ ਸੰਦਰਭ ਵਿੱਚ ਨਿਮਨਲਿਖਤ 'ਤੇ ਸਹੀ ਅੰਕੜਿਆਂ ਦੀ ਪ੍ਰਾਪਤੀ ਜ਼ਰੂਰੀ ਹੋਏਗੀ:

- 14 ਸਾਲ ਦੀ ਉਮਰ ਤੱਕ ਦੇ ਸਾਰੇ ਬੱਚੇ (ਲੜਕੇ ਅਤੇ ਲੜਕੀਆਂ ਦੋਨੋਂ)- ਦਾਖਲ, ਜੋ ਕਦੇ ਦਾਖਲ ਨਹੀਂ ਹੋਏ, ਵਿਚਕਾਰ ਸਕੂਲ ਛੱਡਣ ਵਾਲੇ।
- ਸਕੂਲਾਂ ਦੀ ਸੰਖਿਆ-ਸਰਕਾਰੀ, ਮਾਨਤਾ ਪ੍ਰਾਪਤ (ਗੈਰ ਮਾਨਤਾ ਪ੍ਰਾਪਤ/ਸਹਾਇਤਾ ਪ੍ਰਾਪਤ) ਗੈਰ ਮਾਨਤਾ ਪ੍ਰਾਪਤ ਨਿੱਜੀ ਸਕੂਲ।
- ਗੈਰ ਸਰਕਾਰੀ ਸੰਸਥਾਵਾਂ ਵੱਲੋਂ ਚਲਾਏ ਜਾ ਰਹੇ ਗੈਰ ਰਸਮੀ ਸਕੂਲ।
- ਸੁਰੱਖਿਆ ਸੰਸਥਾਵਾਂ ਵਿੱਚ ਰਹਿ ਰਹੇ ਬੱਚੇ।
- ਅਨੁਸੂਚਿਤ ਜਨ ਜਾਤੀਆਂ/ਜਾਤੀਆਂ, ਖਾਨਾਬਦੋਸ਼ ਜਨਜਾਤੀਆਂ, ਜ਼ਿਆਦਾ ਪੱਛੜੀਆਂ ਜਾਤੀਆਂ ਆਦਿ ਜਨਜਾਤੀਆਂ ਨਾਲ ਸਬੰਧਿਤ ਬੱਚੇ।
- ਅਪਾਹਜ ਬੱਚੇ।

Notes

- ਕੰਮਕਾਜੀ ਬੱਚੇ।
- ਸਮੂਹਿਕ ਹਿੰਸਾ/ਅੱਤਿਆਚਾਰ ਤੋਂ ਪੀੜਤ ਬੱਚੇ।
- ਪਰਵਾਸੀ ਬੱਚੇ।
- ਬੇਘਰ ਪਰਿਵਾਰਾਂ ਦੇ ਬੱਚੇ।
- ਗਲੀਆਂ ਜਾਂ ਜਨਤਕ ਸਥਾਨਾਂ 'ਤੇ ਰਹਿਣ ਵਾਲੇ ਬੱਚੇ।
- ਕੈਦੀਆਂ/ਵੇਸਵਾਵਾਂ ਦੇ ਬੱਚੇ।
- ਹੋਰ ਸੁਵਿਧਾਹੀਣ ਬੱਚੇ।

ਇਨ੍ਹਾਂ 'ਤੇ ਪ੍ਰਾਪਤ ਅੰਕੜਿਆਂ ਨਾਲ ਉਸ ਟੀਚਾ ਸਮੂਹ ਨੂੰ ਲੱਭਣਾ ਸੰਭਵ ਹੋਏਗਾ ਜਿਸ ਨੂੰ ਸਕੂਲ ਵਿੱਚ ਲਿਆਂਦਾ ਜਾ ਸਕਦਾ ਹੈ।

ਕਿਉਂਕਿ ਯੋਜਨਾਬੰਦੀ ਦਾ ਅਰਥ ਹੈ ਟੀਚਾਗਤ ਉਮਰ ਸਮੂਹ ਵਿੱਚ ਹਰੇਕ ਬੱਚੇ 'ਤੇ ਫੋਕਸ ਕਰਨਾ, ਇਸ ਲਈ ਅੰਕੜੇ ਅਜਿਹੇ ਹੋਣ ਕਿ ਹਰੇਕ ਬੱਚੇ ਦੀ ਪ੍ਰਗਤੀ ਦੀ ਦੇਖਰੇਖ ਕੀਤੀ ਜਾ ਸਕੇ।

ਅਲੱਗ ਅਲੱਗ ਵਰਗਾਂ ਦੇ ਬੱਚਿਆਂ ਨੂੰ ਪੜ੍ਹਾਉਣ ਲਈ ਅਲੱਗ ਅਲੱਗ ਸਿੱਖਿਆ ਵਿਧੀਆਂ ਦਾ ਪ੍ਰਯੋਗ ਕਰਨ ਦੀ ਲੋੜ ਹੋਏਗੀ। ਇਨ੍ਹਾਂ ਲੋੜਾਂ ਅਨੁਸਾਰ ਅਧਿਆਪਕ ਸਿਖਲਾਈ, ਅਧਿਆਪਕ ਸਿਖਲਾਈ ਦਾ ਪਾਠਕ੍ਰਮ ਵਿਕਾਸ, ਇਨ੍ਹਾਂ ਨੂੰ ਵਿਕਸਤ ਕਰਨ ਲਈ ਜ਼ਰੂਰੀ ਸਰੋਤ ਆਦਿ ਦਾ ਅੰਦਾਜ਼ਾ ਅਤੇ ਯੋਜਨਾਬੰਦੀ ਕੀਤੀ ਜਾ ਸਕਦੀ ਹੈ।

ਉਪਰੋਕਤ ਸੂਚਨਾਵਾਂ ਦਾ ਜ਼ਿਆਦਾ ਭਾਗ ਸਕੂਲਾਂ/ ਸਰਕਾਰੀ ਵਿਭਾਗਾਂ ਵਿੱਚ ਵੀ ਉਪਲੱਬਧ ਹੋ ਸਕਦਾ ਹੈ ਜਿਸ ਦੀ ਵਰਤੋਂ ਕੀਤੀ ਜਾ ਸਕਦੀ ਹੈ। ਵੀਈਸੀ/ ਐੱਸਐੱਮਸੀਜ਼ ਵੀ ਪੇਂਡੂ ਸਿੱਖਿਆ ਰਜਿਸਟਰਾਂ ਦੇ ਨਿਯਮਤ ਅੱਪਗ੍ਰੇਡੇਸ਼ਨ ਅਤੇ ਤਿਆਰੀ 'ਚ ਅਹਿਮ ਭੂਮਿਕਾ ਅਦਾ ਕਰਦੇ ਹਨ। ਸਿਰਫ਼ ਅਜਿਹੇ ਅੰਕੜੇ ਉਪਲੱਬਧ ਕਰਾਉਣਾ ਜੋ ਵਰਤਮਾਨ ਸਥਿਤੀ ਨੂੰ ਪ੍ਰਤੀਬਿੰਬਤ ਕਰਦੇ ਹੋਣ, ਅੰਕੜਿਆਂ ਨੂੰ ਇਕੱਠਾ ਕਰਨ ਦਾ ਇੱਕ ਮਾਤਰ ਉਦੇਸ਼ ਨਹੀਂ ਹੈ। ਇਨ੍ਹਾਂ ਅੰਕੜਿਆਂ ਦਾ ਪ੍ਰਯੋਗ ਚੁਣੌਤੀਆਂ ਦਾ ਹੱਲ ਕਰਨ ਵਿੱਚ, ਵਿਸ਼ੇਸ਼ ਲੋੜਾਂ ਦੀ ਪਛਾਣ ਕਰਨ ਵਿੱਚ, ਲੋੜੀਂਦੇ ਸਰੋਤਾਂ ਦੇ ਅੰਦਾਜ਼ੇ ਵਿੱਚ, ਅਧਿਆਪਨ ਯੋਜਨਾਬੰਦੀ ਵਿੱਚ ਅਤੇ ਸਰੋਤਾਂ ਲਈ ਮੰਗ ਨੂੰ ਨਿਆਂਸੰਗਤ ਬਣਾਉਣ ਵਿੱਚ ਕੀਤਾ ਜਾ ਸਕਦਾ ਹੈ। ਅੰਕੜਾ ਆਧਾਰਿਤ ਯੋਜਨਾਬੰਦੀ ਉਪਲੱਬਧ ਸਰੋਤਾਂ ਦੇ ਪ੍ਰਭਾਵੀ ਓਪਯੋਗ ਨੂੰ ਸੁਨਿਸ਼ਚਤ ਕਰੇਗੀ। ਪਰਿਵਾਰਾਂ ਦੇ ਸਰਵੇਖਣ ਰਾਹੀਂ ਇਕੱਠੇ ਕੀਤੇ ਅੰਕੜੇ ਬਸਤੀ ਪੱਧਰੀ ਯੋਜਨਾਬੰਦੀ ਦਾ ਆਧਾਰ ਬਣਦੇ ਹਨ। ਇਸ ਪ੍ਰਕਾਰ ਇਕੱਤਰ ਅੰਕੜਿਆਂ ਨੂੰ ਇਕੱਠਾ ਕਰ ਲਿਆ ਜਾਂਦਾ ਹੈ। ਇਸ ਤੋਂ ਬਾਅਦ ਇਨ੍ਹਾਂ ਨੂੰ ਕੰਪਿਊਟਰ ਵਿੱਚ ਫੀਡ ਕਰ ਲਿਆ ਜਾਂਦਾ ਹੈ ਜੋ ਬਸਤੀ ਪੱਧਰ ਦੀ ਯੋਜਨਾਬੰਦੀ ਲਈ ਲੋੜ ਪੈਣ 'ਤੇ ਪ੍ਰਯੋਗ ਵਿੱਚ ਲਿਆਂਦਾ ਜਾ ਸਕਦਾ ਹੈ।

ਇਸ ਤੋਂ ਇਲਾਵਾ ਇਸ ਪ੍ਰਕਾਰ ਇਕੱਤਰ ਕੀਤੇ ਗਏ ਘਰਾਂ ਦੇ ਅੰਕੜਿਆਂ ਨੂੰ ਇਕੱਠਾ ਕਰਕੇ ਅਤੇ ਬਸਤੀ ਪੱਧਰ 'ਤੇ ਇਕੱਤਰ ਕੀਤਾ ਜਾਂਦਾ ਹੈ। ਇਸ ਗਤੀਵਿਧੀ ਨੂੰ ਸੁਵਿਧਾਜਨਕ ਬਣਾਉਣ ਲਈ ਸੁਝਾਏ ਗਏ ਪ੍ਰਫੋਰਮੇ ਦਾ ਇੱਕ ਸੈੱਟ ਵੀ ਤਿਆਰ ਕੀਤਾ ਗਿਆ ਹੈ। ਇੱਕ ਵਾਰ ਬਸਤੀ ਪੱਧਰ ਦੇ ਅੰਕੜੇ ਇਕੱਠੇ ਕੀਤੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਕੰਪਿਊਟਰੀਕ੍ਰਿਤ ਕੀਤਾ ਜਾਣ ਚਾਹੀਦਾ ਹੈ ਅਤੇ ਬਸਤੀ ਪੱਧਰ ਦੀ ਯੋਜਨਾ ਲਈ

ਉਪਯੋਗ ਕੀਤਾ ਜਾਣਾ ਚਾਹੀਦਾ ਹੈ। ਭਰੇ ਹੋਏ ਘਰਾਂ ਦੀ ਡੀਸੀਐੱਫ ਨੂੰ ਗ੍ਰਾਮ /ਵਾਰਡ ਸਿੱਖਿਆ ਰਜਿਸਟਰ (ਵੀਈਆਰ/ਡਬਲਯੂਈਆਰ) ਦੇ ਰੂਪ ਵਿੱਚ ਸੰਗ੍ਰਹਿ ਕੀਤਾ ਜਾਂਦਾ ਹੈ ਜੋ ਵੀਈਸੀ ਮੈਂਬਰਾਂ ਲਈ ਹਰ ਬੱਚੇ ਦੇ ਦਾਖਲੇ ਅਤੇ ਸਕੂਲ ਵਿੱਚ ਹਾਜ਼ਰੀ ਦੀ ਨਿਗਰਾਨੀ ਕਰਨ ਲਈ ਆਸਾਨ ਹੋ ਸਕਦਾ ਹੈ ਜਿਸ ਤੋਂ ਬਾਅਦ ਹਰੇਕ ਵੀਈਸੀ ਬੈਠਕ ਵਿੱਚ ਚਰਚਾ ਕੀਤੀ ਜਾ ਸਕਦੀ ਹੈ।

Notes

### 6) ਸੂਖਮ ਯੋਜਨਾਬੰਦੀ ਅਭਿਆਸ

ਜਦੋਂ ਅਸੀਂ ਕੋਰ ਯੋਜਨਾਬੰਦੀ ਟੀਮ ਦਾ ਗਠਨ ਕਰ ਲਿਆ ਹੁੰਦਾ ਹੈ ਅਤੇ ਉਸ ਦੀ ਸਮਰੱਥਾ ਨਿਰਮਾਣ ਪ੍ਰਕਿਰਿਆ ਵੀ ਪੂਰੀ ਕਰ ਲਈ ਹੈ ਅਤੇ ਦਖਲ ਕਾਰਜਨੀਤੀਆਂ ’ਤੇ ਸਹਿਮਤੀ ਵੀ ਹੋ ਗਈ ਅਤੇ ਬਾਅਦ ਵਿੱਚ ਜ਼ਰੂਰੀ ਅੰਕੜੇ ਇਕੱਠੇ ਕੀਤੇ ਜਾ ਚੁੱਕੇ ਹਨ, ਤਾਂ ਸੂਖਮ ਯੋਜਨਾਬੰਦੀ ਅਭਿਆਸ ਸ਼ੁਰੂ ਕੀਤਾ ਜਾਂਦਾ ਹੈ। ਇਸ ਅਭਿਆਸ ਵਿੱਚ ਨਿਮਨਲਿਖਤ ਗੱਲਾਂ ਸ਼ਾਮਲ ਹੁੰਦੀਆਂ ਹਨ:

- ਦਾਖਲਾ, ਡਰਾਪ ਆਊਟ, ਧਾਰਨਾ, ਬੱਚਿਆਂ ਦੀ ਪਾਸ ਦਰ ’ਤੇ ਅਤੇ ਬੱਚਿਆਂ ਦੀ ਕੈਟੇਗਰੀ (ਵਰਗਾਂ ਦੇ ਅਨੁਸਾਰ) ਅਧਿਆਪਕ ਵਿਦਿਆਰਥੀ ਅਨੁਪਾਤ ’ਤੇ ਟੀਚਾ ਸਥਾਪਿਤ ਕਰਨਾ।
- ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ’ਤੇ ਫੈਸਲਾ ਕਰਨਾ।
- ਗਤੀਵਿਧੀਆਂ ਨੂੰ ਕ੍ਰਮਬੱਧ ਕਰਨਾ।
- ਟੀਚਾ ਪ੍ਰਾਪਤੀ ਲਈ ਪੜਾਵਾਂ ਦਾ ਨਿਰਧਾਰਣ ਕਰਨਾ।
- ਵਿਭਿੰਨ ਗਤੀਵਿਧੀਆਂ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਅਧਿਕਾਰੀਆਂ ਜਾਂ ਸੰਗਠਨਾਂ ਨੂੰ ਨਿਰਧਾਰਤ ਕਰਨਾ।
- ਜ਼ਰੂਰੀ ਸਮੇਂ ਦਾ ਅੰਦਾਜ਼ਾ ਲਗਾਉਣਾ
- ਹਰੇਕ ਮਦ ਦੇ ਖਰਚੇ ਦਾ ਅਨੁਮਾਨ ਲਗਾਉਣਾ।
- ਯੋਜਨਾ ਪ੍ਰਸਤਾਵ ਤਿਆਰ ਕਰਨਾ।

ਸੰਖੇਪ ਵਿੱਚ **ਕਿਰਿਆ ਵਿਧੀ ਦਾ ਤਰਕਪੂਰਨ** ਢਾਂਚਾ ਤਿਆਰ ਕੀਤਾ ਜਾਂਦਾ ਹੈ। **ਕਿਰਿਆ ਵਿਧੀ ਦੇ ਤਰਕਪੂਰਨ ਢਾਂਚੇ** ਦੇ ਉਦੇਸ਼, ਹਰੇਕ ਉਦੇਸ਼ ਨਾਲ ਸੰਬਧਿਤ ਗਤੀਵਿਧੀਆਂ, ਵਿਅਕਤੀ ਜੋ ਉਸ ਕਿਰਿਆ ਨੂੰ ਕਰੇਗਾ, ਲੋੜੀਂਦਾ ਸਮਾਂ, ਗਤੀਵਿਧੀ ਦਾ ਸ਼ਡਿਊਲ, ਬਜਟ ਸਿਰਲੇਖ, ਨਿਧੀ ਨਿਰਧਾਰਨ ਅਤੇ ਇਛੁੱਕ ਨਤੀਜਿਆਂ ਨੂੰ ਸ਼ਾਮਲ ਕਰਨਾ ਹੁੰਦਾ ਹੈ।

ਅਧਿਆਪਨ ਸਿਖਲਾਈ ਪ੍ਰਕਿਰਿਆਵਾਂ ਅਤੇ ਕਲਾਸ ਰੂਮ ਦੀਆਂ ਗਤੀਵਿਧੀਆਂ ਦੇ ਰੂਪ ਵਿੱਚ ਜੋ ਕੁਝ ਵੀ ਹੁੰਦਾ ਹੈ, ਉਹ ਅਤਿਅੰਤ ਮਹੱਤਵਪੂਰਨ ਹੁੰਦਾ ਹੈ ਕਿਉਂਕਿ ਇਹ ਸਾਰੀਆਂ ਯੋਜਨਾਬੱਧ ਗਤੀਵਿਧੀਆਂ ਦੇ ਰੂਪ ਵਿੱਚ ਪ੍ਰਤੀਬਿੰਬਤ ਕਰਦਾ ਹੈ। ਇਸ ਲਈ ਇਹ ਜਾਣਨਾ ਮਹੱਤਵਪੂਰਨ ਹੈ ਕਿ ਕਲਾਸ ਨੂੰ ਕਿਵੇਂ ਚਲਾਇਆ ਜਾਂਦਾ ਹੈ।

ਕਲਾਸ ਦੇ ਅੰਦਰ ਅਧਿਆਪਨ-ਸਿਖਲਾਈ ਪ੍ਰਕਿਰਿਆ ਦੇ ਕੁਝ ਮਹੱਤਵਪੂਰਨ ਪੱਖ ਨਿਮਨਲਿਖਤ ਹਨ:

(1) ਕਲਾਸ ਦਾ ਵਾਤਾਵਰਣ (ਭੌਤਿਕ ਅਤੇ ਸਮਾਜਿਕ ਵਾਤਾਵਰਣ ਸਮੇਤ)

(2) ਕਲਾਸ ਦਾ ਸੰਗਠਨ ਅਤੇ ਪ੍ਰਬੰਧਨ (ਬੈਠਣ ਦੀ ਵਿਵਸਥਾ, ਕਲਾਸ ਦਾ ਰੂਪ, ਸਿਖਲਾਈ-ਅਧਿਆਪਨ ਸਮੂਹਾਂ ਦਾ ਸੰਗਠਨ, ਪਾਠ ਸਮੱਗਰੀ ਦਾ ਪ੍ਰਦਰਸ਼ਨ ਅਤੇ ਉਪਯੋਗਿਤਾ)

(3) ਅਧਿਆਪਕ ਵਿਦਿਆਰਥੀ ਅਨੁਪਾਤ

Notes

(4) ਅਪਣਾਈਆਂ ਗਈਆਂ ਅਧਿਆਪਨ ਵਿਧੀਆਂ ਅਤੇ ਕਾਰਜਨੀਤੀਆਂ

(5) ਅਧਿਆਪਨ ਸਿਖਲਾਈ ਪਦਾਰਥ ਸਮੱਗਰੀ ਅਤੇ ਹੋਰ ਸਹਾਇਕ ਸਮੱਗਰੀ

(6) ਕਲਾਸ ਦੀਆਂ ਗਤੀਵਿਧੀਆਂ ਵਿੱਚ ਬੱਚਿਆਂ ਦੀ ਸਹਿਭਾਗਤਾ (ਸ਼ਬਦੀ/ਗੈਰ ਸ਼ਬਦੀ)

(7) ਕਲਾਸ ਵਿੱਚ ਪੜ੍ਹਾਉਣ ਲਈ ਮੌਜੂਦ ਸੁਵਿਧਾਵਾਂ

(8) ਅਧਿਆਪਕ ਵੱਲੋਂ ਨਵੀਨਤਾ, ਪ੍ਰਸੰਗਿਕ ਸਿੱਖਿਆ ਸ਼ਾਸਤਰ 'ਤੇ ਪ੍ਰਯੋਗੀਕਰਨ ਦੇ ਅਵਸਰ

(9) ਸਿੱਖਿਆ ਅਤੇ ਸਹਿ ਸਿੱਖਿਆ ਸਿਖਲਾਈ ਖੇਤਰਾਂ ਲਈ ਸਮੁਦਾਏ ਦੇ ਮਾਹਿਰਾਂ ਦਾ ਉਪਯੋਗ ਕਰਦੇ ਹੋਏ ਸਥਾਨਕ ਸਿੱਖਿਆ ਪ੍ਰੇਮੀ ਵਿਅਕਤੀਆਂ ਦੀ ਸਹਾਇਤਾ ਲੈਂਦੇ ਹੋਏ ਮਾਤਾ ਪਿਤਾ ਨੂੰ ਸ਼ਾਮਲ ਕਰਨ ਸਬੰਧੀ ਕਾਰਜ ਨੀਤੀ।

ਇਹ ਜ਼ਰੂਰੀ ਨਹੀਂ ਹੈ ਕਿ ਸਮੁੱਚੀ ਅਧਿਆਪਨ ਸਿਖਲਾਈ ਕੇਵਲ ਕਲਾਸ ਵਿੱਚ ਹੀ ਹੋਵੇ। ਕਈ ਵਾਰ ਇਹ ਜ਼ਿਆਦਾ ਸਾਰਥਿਕ ਹੋਏਗਾ ਕਿ ਜੇਕਰ ਤੁਸੀਂ ਬੱਚਿਆਂ ਨੂੰ ਬਾਹਰੀ ਪ੍ਰਕਿਰਤੀ ਵਿੱਚ ਲੈ ਕੇ ਜਾਓ ਅਤੇ ਉੱਥੇ ਜਾ ਕੇ ਜੈਵਿਕ ਵਿਭਿੰਨਤਾ 'ਤੇ ਇੱਕ ਪਾਠ ਪੜ੍ਹਾਓ। ਅਜਿਹੀਆਂ ਕਿਰਿਆਵਾਂ ਲਈ ਢੁਕਵਾਂ ਬਜਟ ਪ੍ਰਾਵਧਾਨ ਹੋਣਾ ਜ਼ਰੂਰੀ ਹੈ। ਇਸ ਨੂੰ ਸਿੱਖਿਆ ਯੋਜਨਾ ਪ੍ਰਸਤਾਵ ਵਿੱਚ ਸ਼ਾਮਲ ਕਰਨਾ ਹੋਏਗਾ।

ਬੱਚਿਆਂ ਦੀ ਸਮੁੱਚੀ ਸਿੱਖਿਆ ਲਈ ਅਤੇ ਬੱਚਿਆਂ ਦੇ ਵਿਅਕਤੀਗਤ ਵਿਕਾਸ ਲਈ ਸਕੂਲ ਖੇਡਾਂ, ਯੋਗ, ਸੱਭਿਆਚਾਰਕ ਪ੍ਰੋਗਰਾਮ, ਯੋਜਨਾ ਕਾਰਜ, ਕਿਰਿਆ ਆਧਾਰਿਤ ਸਿਖਲਾਈ, ਜੀਵਨ ਕੁਸ਼ਲਾਂ ਲਈ ਮੌਕੇ ਜਿਵੇਂ ਪ੍ਰੋਗਰਾਮ ਕਰਨੇ। ਇਸ ਪ੍ਰਕਾਰ ਦੇ ਫੋਕਸ ਦਾ ਅਰਥ ਹੈ ਸਕੂਲ ਨੂੰ ਇੱਕ ਸਮਾਜਿਕ ਸੰਸਥਾ ਦੇ ਰੂਪ ਵਿੱਚ ਦੇਖਣਾ ਜੋ ਸਮੁਦਾਇਕ ਗਤੀਵਿਧੀਆਂ ਦਾ ਕੇਂਦਰ ਬਿੰਦੂ ਹੈ। ਕਾਰਜ ਅਨੁਭਵ ਪ੍ਰਾਪਤ ਕਰਾਉਣ ਲਈ ਬੱਚਿਆਂ ਨੂੰ ਕਿੱਤਾਮੁਖੀ, ਕਿਸਾਨਾਂ, ਸ਼ਿਲਪਕਾਰਾਂ ਨਾਲ ਜੋੜਨਾ ਪਏਗਾ ਤਾਂ ਕਿ ਉਹ ਸਮਾਜਿਕ ਅਤੇ ਕੁਦਰਤੀ ਸੰਦਰਭ ਵਿੱਚ ਪ੍ਰਵੀਨਤਾ ਪ੍ਰਾਪਤ ਕਰ ਲੈਣ। ਬੱਚਿਆਂ ਦੇ ਸਮੁੱਚੇ ਸਰੀਰਿਕ, ਸਮਾਜਿਕ, ਭਾਵਨਾਤਮਕ ਅਤੇ ਮਾਨਸਿਕ ਵਿਕਾਸ ਲਈ ਇਨ੍ਹਾਂ ਗਤੀਵਿਧੀਆਂ ਨੂੰ ਅਧਿਆਪਨ ਸਿਖਲਾਈ ਪ੍ਰਕਿਰਿਆ ਵਿੱਚ ਨਿਰਮਤ ਕਰਨਾ ਪਏਗਾ। ਇਨ੍ਹਾਂ ਸਾਰੀਆਂ ਗਤੀਵਿਧੀਆਂ ਨੂੰ ਕਰਨ ਲਈ ਅਲੱਗ ਅਲੱਗ ਬਜਟ ਪ੍ਰਾਵਧਾਨਾਂ ਦੀ ਲੋੜ ਹੈ ਜਿਵੇਂ ਖੇਡ ਦੇ ਮੈਦਾਨ ਲਈ ਸਰੀਰਿਕ ਸਿੱਖਿਆ/ਯੋਗ ਅਧਿਆਪਕ ਲਈ, ਖੇਡ ਦੇ ਸਾਮਾਨ ਲਈ, ਅੰਤਰ ਸਕੂਲ ਖੇਡਾਂ ਅਤੇ ਹੋਰ ਮੁਕਾਬਲਿਆਂ ਲਈ ਬਜਟ ਦੀ ਲੋੜ ਹੋਏਗੀ ਜਿਸ ਦਾ ਵਿਸਥਾਰਤ ਬਿਓਰਾ ਸੂਖਮ ਯੋਜਨਾਬੰਦੀ ਵਿੱਚ ਆਉਣਾ ਚਾਹੀਦਾ ਹੈ।

ਰਾਸ਼ਟਰੀ ਸਿੱਖਿਆ ਨੀਤੀ 1986 ਦੀਆਂ ਸਿਫਾਰਸ਼ਾਂ ਦੇ ਫਲਸਰੂਪ ਐਲੀਮੈਂਟਰੀ ਸਿੱਖਿਆ ਵਿੱਚ ਬਹੁਤ ਸਾਰੀਆਂ ਨਵੀਆਂ ਸਕੀਮਾਂ ਆਈਆਂ ਜਿਵੇਂ ਅਪਰੇਸ਼ਨ ਬਲੈਕ ਬੋਰਡ, ਅਧਿਆਪਕ ਸਿੱਖਿਆ, ਗੈਰ ਰਸਮੀ ਸਿੱਖਿਆ, ਮਹਿਲਾ ਸਮੱਖਿਆ, ਐਲੀਮੈਂਟਰੀ ਸਿੱਖਿਆ ਲਈ ਪੋਸ਼ਣ ਸਬੰਧੀ ਜਾਗਰੂਕਤਾ ਲਈ ਰਾਸ਼ਟਰੀ ਪ੍ਰੋਗਰਾਮ ਅਤੇ ਕੁਝ ਵਿਸ਼ੇਸ਼ ਰੂਪ ਨਾਲ ਕਲਪਿਤ ਸਿੱਖਿਆ ਯੋਜਨਾਵਾਂ ਜਿਨ੍ਹਾਂ ਵਿੱਚ ਬਿਹਾਰ, ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਆਂਧਰ ਪ੍ਰਦੇਸ਼ ਦੇ ਪ੍ਰਾਜੈਕਟ ਪ੍ਰਮੁੱਖ ਹਨ। ਇਨ੍ਹਾਂ ਸਾਰੇ ਪ੍ਰਾਜੈਕਟਾਂ ਦਾ ਮੁੱਖ ਉਦੇਸ਼ ਸਾਖਰਤਾ ਦਾ ਪ੍ਰਸਾਰ ਅਤੇ ਐਲਮੈਂਟਰੀ ਸਿੱਖਿਆ ਦਾ ਸਰਬਵਿਆਪੀਕਰਨ ਸੀ।

ਇਨ੍ਹਾਂ ਸਾਰੇ ਪ੍ਰਾਜੈਕਟਾਂ ਅਤੇ ਯੋਜਨਾਵਾਂ ਵਿੱਚ ਨਵੀਨ ਵਿਚਾਰ ਅਤੇ ਗਤੀਵਿਧੀਆਂ ਸ਼ਾਮਲ ਹਨ ਜਿਨ੍ਹਾਂ ਨੂੰ ਸੂਖਮ ਯੋਜਨਾਬੰਦੀ ਅਭਿਆਸ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

ਸਕੂਲ ਵਿੱਚ ਕੀਤੇ ਜਾਣ ਵਾਲੇ ਨਿਰਮਾਣ ਕਾਰਜਾਂ ਦਾ ਫੋਕਸ ਬਾਲ ਅਨੁਕੂਲ ਸਕੂਲ ਯੋਜਨਾ ਨਿਰਮਤ ਕਰਨਾ ਹੈ। ਸਕੂਲ ਅਜਿਹੀ ਜ਼ਮੀਨ 'ਤੇ ਸਥਿਤ ਹੋਣਾ ਚਾਹੀਦਾ ਹੈ ਜੋ ਮੁਸ਼ਕਲਾਂ ਪੈਦਾ

ਕਰਨ ਵਾਲਾ ਨਹੀਂ ਹੋਵੇ (ਜਿਵੇਂ ਨੀਵਾਂ ਖੇਤਰ ਜਿੱਥੇ ਪਾਣੀ ਭਰਨ ਦੀ ਸੰਭਾਵਨਾ ਹੋਵੇ, ਰਾਜ ਮਾਰਗ, ਨਦੀ ਜਾਂ ਤਲਾਬ ਦੇ ਬਹੁਤ ਨਜ਼ਦੀਕ ਹੋਣਾ, ਹਾਈਟੈਨਸ਼ਨ ਬਿਜਲੀ ਦੀ ਲਾਈਨ ਦੇ ਹੇਠ ਆਦਿ ਜੋਖਿਮ ਭਰੇ ਖੇਤਰ ਹਨ)। ਸਾਰੇ ਬੱਚੇ ਆਸਾਨੀ ਨਾਲ ਪਹੁੰਚ ਸਕਣ। ਸਕੂਲ ਭਵਨ ਦਾ ਡਿਜ਼ਾਇਨ ਕਾਰਜਾਤਮਕ ਅਤੇ ਆਕਰਸ਼ਕ ਹੋਵੇ। ਕਮਰਿਆਂ ਦੇ ਅੰਦਰ ਢੁਕਵੇਂ ਪ੍ਰਕਾਸ਼ ਦੀ ਵਿਵਸਥਾ ਹੋਵੇ ਅਤੇ ਹਵਾ ਨਿਕਾਸੀ ਲਈ ਸਥਾਨ ਹੋਵੇ। ਰੁਕਾਵਟ ਮੁਕਤ ਵਿਸ਼ੇਸ਼ਤਾਵਾਂ ਜਿਵੇਂ ਰੈਂਪ, ਹੈਂਡ ਰੇਲ ਆਦਿ ਦਾ ਪ੍ਰਬੰਧ ਜ਼ਰੂਰੀ ਰੂਪ ਨਾਲ ਹੋਣਾ ਚਾਹੀਦਾ ਹੈ ਤਾਂ ਕਿ ਸਮਾਵੇਸ਼ੀ ਸਿੱਖਿਆ ਦੀਆਂ ਉਮੀਦਾਂ ਦੀ ਪੂਰਤੀ ਹੋ ਸਕੇ। ਇਸ ਤੋਂ ਇਲਾਵਾ ਪਖਾਨੇ, ਪੀਣ ਦਾ ਪਾਣੀ, ਬਿਜਲੀਕਰਨ, ਚਾਰ ਦੀਵਾਰੀ ਅਤੇ ਖੇਡ ਦੇ ਮੈਦਾਨ ਹਰੇਕ ਸਕੂਲ ਵਿੱਚ ਲਾਜ਼ਮੀ ਹਨ। ਇਨ੍ਹਾਂ ਸਾਰੀਆਂ ਗੱਲਾਂ ਲਈ ਬਜਟ ਦਾ ਪ੍ਰਾਵਧਾਨ ਕੀਤਾ ਜਾਣਾ ਚਾਹੀਦਾ ਹੈ।

ਇਹ ਜਾਣਨਾ ਜ਼ਰੂਰੀ ਹੈ ਕਿ ਕਿਹੜਾ ਪ੍ਰਾਵਧਾਨ ਉਪਲੱਬਧ ਹੈ ਅਤੇ ਉਨ੍ਹਾਂ ਨੂੰ ਯੋਜਨਾਵਾਂ ਪ੍ਰਸਤਾਵਾਂ ਵਿੱਚ ਕਿਵੇਂ ਦਿਖਾਇਆ ਜਾਏ। ਇੱਕ ਡਰਾਫਟ ਪਲਾਨ ਪ੍ਰਸਤਾਵ ਵਿੱਚ ਨਿਮਨਲਿਖਤ ਚੀਜ਼ਾਂ ਦਾ ਹੋਣਾ ਜ਼ਰੂਰੀ ਹੈ:

• ਸੰਦਰਭ/ਪਿੱਠਭੂਮੀ/ਸਮੱਸਿਆ ਜਿਸ ਵਿੱਚ ਜਨਸੰਖਿਆ ਸੂਚਨਾ ਸ਼ਾਮਲ ਹੋਵੇ।

• ਉਦੇਸ਼

• ਕਾਰਜਨੀਤੀ

• ਸਟਾਫ ਸਬੰਧੀ ਮੰਗ

• ਬੁਨਿਆਦੀ ਲੋੜਾਂ

• ਅਧਿਆਪਕ ਸਿਖਲਾਈ, ਪਾਠ ਪੁਸਤਕ ਸੋਧਾਂ, ਮੌਡਿਊਲ/ਮੈਨੂਯਲ ਲਈ ਅਪਣਾਈਆਂ ਗਈਆਂ ਰਣਨੀਤੀਆਂ ਦਾ ਵਿਵਰਣ।

• ਬੱਚਿਆਂ ਦੀ ਪ੍ਰਗਤੀ ’ਤੇ ਦ੍ਰਿਸ਼ਟੀ ਰੱਖਣ ਲਈ ਵਿਸਥਾਰਤ ਯੋਜਨਾ

• ਯੋਜਨਾ ਕਾਲ ਵਿੱਚ ਸ਼ੁਰੂ ਕੀਤੇ ਗਏ ਨਵੇਂ ਕਾਰਜ

• ਪ੍ਰਕਾਸ਼ਿਤ ਕੀਤੇ ਜਾਣ ਵਾਲੇ ਲੇਖ/ਰਿਪੋਰਟ

• ਸ਼ੁਰੂ ਕੀਤੇ ਜਾਣ ਵਾਲੇ ਨਿਗਰਾਨੀ, ਮੁਲਾਂਕਣ, ਸਮਾਜਿਕ ਲੇਖਾ ਜੋਖਾ

• ਹਰੇਕ ਕਿਰਿਆ ਲਈ ਬਜਟ ਵਿੱਚ ਰੱਖੀ ਹੋਈ ਧਨ ਰਾਸ਼ੀ

• ਪਿਛਲੇ ਸਾਲ ਦੌਰਾਨ ਜਾਰੀ ਕੇਂਦਰੀ ਅਤੇ ਰਾਜ ਦੇ ਹਿੱਸੇ ਦੀ ਰਾਸ਼ੀ ਦੀ ਸਥਿਤੀ।

• ਆਵਰਤੀ ਅਨੁਦਾਨ ਦੇ ਰੂਪ ਵਿੱਚ ਖਰਚੀ ਨਾ ਗਈ ਰਾਸ਼ੀ ਜੋ ਵਿੱਤੀ ਸਾਲ ਦੇ ਅੰਤ ਵਿੱਚ ਰੱਦ ਹੋ ਜਾਂਦੀ ਹੈ।

• ਖਰਚ ਦੇ ਗੈਰ ਆਵਰਤੀ ਵਸਤਾਂ ਦੇ ਅਨੁਦਾਨ ਦਾ ਅਣਵਰਤਿਆ ਬਕਾਇਆ ਜੋ ਪਿਛਲੇ ਸਾਲ ਦੀ ਮਿਆਦ ਤੋਂ ਚਾਲੂ ਸਾਲ ਲਈ ਜਾਰੀ ਕੀਤੇ ਜਾਣੇ ਹਨ।

• ਹੋਰ ਸਰੋਤਾਂ ਨਾਲ ਵਿੱਤੀ ਸਹਾਇਤਾ।

• ਮੌਜੂਦਾ ਸਾਲ ਲਈ ਜ਼ਰੂਰੀ ਬਜਟ ਸਟੇਟਮੈਂਟ

ਗਤੀਵਿਧੀਆਂ ’ਤੇ ਖਰਚ ਨਿਰਧਾਰਤ ਮਾਪਦੰਡਾਂ ਦੇ ਅਨੁਸਾਰ ਹੋਏਗਾ। ਯੋਜਨਾ ਪ੍ਰਸਤਾਵ ਵਿੱਚ ‘ਕਾਰਵਾਈ ਕੀਤੀ ਗਈ’ ਰਿਪੋਰਟ ਅੜਚਣਾ ਨੂੰ ਸਮਝਣ ਲਈ ਲਾਇਆ ਗਿਆ ਅੰਦਾਜ਼ਾ, ਰਾਜ

Notes

Notes

ਅਧਿਕਾਰੀਆਂ ਤੋਂ ਪ੍ਰਾਪਤ ਨੀਤੀਗਤ ਅਤੇ ਪ੍ਰਸ਼ਾਸਨਿਕ ਨਿਕਾਸੀ। ਜੇਕਰ ਮਾਪਦੰਡਾਂ ਤੋਂ ਹਟ ਕੇ ਯੋਜਨਾ ਵਿੱਚ ਕੁਝ ਸੁਝਾਅ ਦਿੱਤੇ ਗਏ ਹੋਣ ਤਾਂ ਉਨ੍ਹਾਂ ਦਾ ਸੰਪੂਰਨ ਵੇਰਵਾ ਦਿੱਤਾ ਜਾਣਾ ਚਾਹੀਦਾ ਹੈ। ਯੋਜਨਾ ਨਿਰਮਾਣ ਦੀ ਪ੍ਰਕਿਰਿਆ, ਯੋਜਨਾ ਬੈਠਕਾਂ ਦਾ ਵਿਵਰਣ, ਵਰਕਸ਼ਾਪਾਂ ਅਤੇ ਸੈਮੀਨਾਰ ਆਦਿ ਜੋ ਕੋਰ ਯੋਜਨਾ ਟੀਮ ਨੇ ਹਿੱਤਧਾਰਕਾਂ ਨਾਲ ਕੀਤੇ, ਉਨ੍ਹਾਂ ਸਭ ਦਾ ਸਪੱਸ਼ਟ ਰੂਪ ਨਾਲ ਦਸਤਾਵੇਜ਼ੀਕਰਨ ਕੀਤਾ ਜਾਵੇ ਕਿਉਂਕਿ ਯੋਜਨਾਬੰਦੀ ਸਿੱਖਿਆ ਦਾ ਅਧਿਕਾਰ ਧਾਰਨਾ ਵੱਲੋਂ ਲੋੜੀਂਦਾ ਇੱਕ ਸੰਵਿਧਾਨਕ ਉਪਰਾਲਾ ਹੈ।

ਬੌਟਮ ਅਪ ਪਹੁੰਚ ਦਾ ਅਰਥ ਹੈ ਕਿ ਕਿਸ ਪਿੰਡ ਆਦਿ ਵਿੱਚ ਹਰੇਕ ਸਕੂਲ-ਨਿੱਜੀ, ਸਹਾਇਤਾ ਪ੍ਰਾਪ੍ਤ/ਗੈਰ ਸਹਾਇਤਾ ਪ੍ਰਾਪਤ ਅਤੇ ਸਰਕਾਰੀ ਸਵੈ ਵਿਕਾਸ ਯੋਜਨਾ ਪ੍ਰਸਤਾਵ ਤਿਆਰ ਕਰਨਗੇ। ਮੂਲ ਰੂਪ ਨਾਲ ਸੂਖਮ ਯੋਜਨਾ ਪ੍ਰਕਿਰਿਆਵਾਂ ਜੋ ਉੱਪਰ ਦਰਸਾਈਆਂ ਗਈਆਂ ਹਨ, ਸਕੂਲ ਦੀ ਯੋਜਨਾਬੰਦੀ ਲਈ ਵੀ ਲਾਗੂ ਹੋ ਸਕਦੀਆਂ ਹਨ।

ਬਸਤੀ ਦੇ ਪੱਧਰ 'ਤੇ, ਸਕੂਲ ਯੋਜਨਾਬੰਦੀ ਪ੍ਰਸਤਾਵ ਜਿਨ੍ਹਾਂ ਨੂੰ ਸਰਕਾਰੀ ਸਹਾਇਤਾ ਦੀ ਲੋੜ ਹੈ, ਇਕੱਤਰ ਕਰ ਲਏ ਜਾਂਦੇ ਹਨ। ਯੂਈਈ ਤਹਿਤ ਇੱਕ ਸਮੁਦਾਏ ਆਧਾਰਿਤ ਪਹੁੰਚ ਨੂੰ ਅਪਣਾਇਆ ਗਿਆ ਹੈ।

**ਆਪਣੀ ਪ੍ਰਗਤੀ ਨੂੰ ਪਰਖੋ-1**

1) 1. ਯੋਜਨਾਬੰਦੀ ਤੋਂ ਕੀ ਭਾਵ ਹੈ? ਸੂਖਮ ਯੋਜਨਾਬੰਦੀ ਕੀ ਹੁੰਦੀ ਹੈ?

________________________________

________________________________

________________________________

2) 2. ਯੂਈਈ ਲਈ ਸੂਖਮ ਯੋਜਨਾਬੰਦੀ ਹੀ ਕਿਉਂ ਅਪਣਾਈ ਗਈ ਹੈ?

________________________________

________________________________

________________________________

3) 3. ਸੂਖਮ ਯੋਜਨਾਬੰਦੀ ਵਿੱਚ ਮੌਜੂਦ ਪੜਾਅ ਕਿਹੜੇ ਕਿਹੜੇ ਹਨ?

________________________________

________________________________

**7.3.4 ਡੀ.ਈ.ਓ., ਡੀ.ਆਰ.ਸੀ. (ਡਾਇਟ), ਬੀ.ਈ.ਓ., (ਬੀ.ਆਰ.ਸੀ.) ਅਤੇ ਸੀ.ਈ.ਓ. (ਸੀ.ਆਰ.ਸੀ.) ਦੀਆਂ ਭੂਮਿਕਾਵਾਂ ਅਤੇ ਕਰਤੱਵ**

Notes

ਡੀ.ਈ.ਓ., ਡੀ.ਆਰ.ਸੀ. (ਡਾਇਟ), ਬੀ.ਈ.ਓ. (ਬੀ.ਆਰ.ਸੀ.) ਅਤੇ ਸੀ.ਈ.ਓ. (ਸੀ.ਆਰ.ਸੀ.) ਦੀਆਂ ਭੂਮਿਕਾਵਾਂ ਅਤੇ ਕਰਤੱਵਾਂ ਦਾ ਵਿਵਰਣ ਹੇਠ ਕ੍ਰਮਬੱਧ ਰੂਪ ਵਿੱਚ ਦਿੱਤਾ ਗਿਆ ਹੈ।

**(ੳ) ਜ਼ਿਲ੍ਹਾ ਪੱਧਰ**

ਜ਼ਿਲ੍ਹਾ ਪੱਧਰ ’ਤੇ ਜ਼ਿਲ੍ਹਾ ਐਲੀਮੈਂਟਰੀ ਸਿੱਖਿਆ (ਡੀ.ਈ.ਓ.) ਅਤੇ ਇਸ ਦੇ ਅਧੀਨ ਅਧਿਕਾਰੀਆਂ ਨੂੰ ਯੋਜਨਾਕਾਰ, ਪਰਿਪਾਲਕ, ਤਾਲਮੇਲ ਅਤੇ ਨਿਗਰਾਨੀ ਸਾਰਿਆਂ ਦੇ ਰੂਪ ਵਿੱਚ ਕਾਰਜ ਕਰਨੇ ਪੈਂਦੇ ਹਨ। ਐਲੀਮੈਂਟਰੀ ਸਿੱਖਿਆ ਵਿੱਚ ਉਸ ਨੂੰ ਨਿਮਨਲਿਖਤ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਪੈਂਦਾ ਹੈ।

- ਉਸ ਨੂੰ ਅਜਿਹਾ ਅਨੁਕੂਲ ਵਾਤਾਵਰਣ ਬਣਾਉਣਾ ਪੈਂਦਾ ਹੈ ਜਿਸ ਵਿੱਚ ਬੱਚੇ ਆਪਣਾ ਸਿੱਖਿਆ ਦਾ ਅਧਿਕਾਰ ਪ੍ਰਾਪਤ ਕਰ ਸਕਣ।

- ਸਾਰੇ ਪਿੰਡਾਂ (ਬਸਤੀਆਂ) ਵਿੱਚ ਪ੍ਰਾਇਮਰੀ ਅਤੇ ਉੱਚ ਪ੍ਰਾਇਮਰੀ ਪੱਧਰ ਦੀਆਂ ਸਕੂਲੀ ਸੁਵਿਧਾਵਾਂ ਉਪਲੱਬਧ ਕਰਾਉਣਾ ਸੁਨਿਸ਼ਚਤ ਕਰਨਾ।

- ਸਾਰੇ ਸਕੂਲੀ ਉਮਰ ਦੇ ਬੱਚਿਆਂ ਲਈ ਨਜ਼ਦੀਕੀ ਸਥਾਨ ’ਤੇ ਸਿੱਖਿਆ ਲਈ ਭੌਤਿਕ ਅਤੇ ਸਮਾਜਿਕ ਪਹੁੰਚ ਸੁਨਿਸ਼ਚਤ ਕਰਨਾ।

- ਬੱਚਿਆਂ ਨੂੰ ਰੋਕਣ ਜਾਂ ਦਾਖਲੇ ਲਈ ਲੋੜੀਂਦੇ ਵਿਸ਼ੇਸ਼ ਯਤਨਾਂ ਵਿੱਚ ਪੀਆਰਆਈ ਦੀ ਸ਼ਮੂਲੀਅਤ।

- ਅਜਿਹੇ ਕਦਮ ਉਠਾਉਣਾ ਜਿਸ ਵਿੱਚ ਸਾਰੇ ਬੱਚਿਆਂ ਜੋ ਸਕੂਲ ਨਹੀਂ ਆਉਂਦੇ, ਉਹ ਸਕੂਲ ਵਿੱਚ ਆਉਣ ਲੱਗ ਜਾਣ ਅਤੇ ਆਪਣੀ ਐਲੀਮੈਂਟਰੀ ਸਿੱਖਿਆ ਪੂਰੀ ਕਰਨ। ਇਸ ਤੋਂ ਇਲਾਵਾ ਇਹ ਸੁਨਿਸ਼ਚਤ ਕਰਨਾ ਕਿ ਉਨ੍ਹਾਂ ਸਾਰੇ ਬੱਚਿਆਂ ਨੂੰ ਜੇਕਰ ਲੋੜ ਹੈ ਤਾਂ ਹੋਸਟਲ ਸੁਵਿਧਾਵਾਂ ਪ੍ਰਦਾਨ ਕਰਨੀਆਂ ਜਿਵੇਂ ਕਿ ਮਹਾਰਾਸ਼ਟਰ ਸਰਕਾਰ ਦੀ ਵਸਤੀ ਸ਼ਾਲਾ।

- ਬੱਚਿਆਂ ਦਾ ਰਿਕਾਰਡ ਬਣਾਏ ਰੱਖਣ ਲਈ 18 ਸਾਲ ਤੱਕ ਦੇ ਸਾਰੇ ਬੱਚਿਆਂ ਦੀ ਜਨਮ ਮਿਤੀ ਦਾਖਲ ਕਰਨ ਲਈ ਅਭਿਆਨ ਚਲਾਉਣਾ।

- ਸਕੂਲਾਂ ਵਿੱਚ ਅਧਿਆਪਕਾਂ ਦੇ ਖਾਲੀ ਪਏ ਪਦਾਂ ਦੀ ਨਿਗਰਾਨੀ ਕਰਨੀ ਅਤੇ ਇਸ ਦੀ ਸੂਚਨਾ ਉੱਚ ਅਧਿਕਾਰੀਆਂ ਨੂੰ ਭੇਜਣਾ।

- ਜਿੱਥੇ ਲੋੜ ਹੋਵੇ ਅਧਿਆਪਕ ਸਿਖਲਾਈ ਅਤੇ ਬੁਨਿਆਦੀ ਸੁਵਿਧਾਵਾਂ ਦਾ ਪ੍ਰਬੰਧ ਕਰਨਾ।

- ਵਿਭਿੰਨ ਸਕੂਲ ਪ੍ਰਬੰਧਨ ਕਮੇਟੀਆਂ ਦੀ ਸਮਰੱਥਾ ਦਾ ਵਿਕਾਸ ਕਰਨਾ, ਅਧਿਆਪਕਾਂ ਦੀ ਮੌਜੂਦਗੀ, ਵਿਦਿਆਰਥੀਆਂ ਦੀ ਹਾਜ਼ਰੀ, ਸਿੱਖਿਆ ਪੱਧਰ ਅਤੇ ਅਧਿਆਪਨ ਸਿਖਲਾਈ ਸਮੱਗਰੀ ਦੀ ਉਪਲੱਬਧਤਾ ਦੀ ਨਿਗਰਾਨੀ ਕਰਨੀ।

- ਲੜਕੀਆਂ ਅਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਮੁਫ਼ਤ ਵਾਹਨ ਸੁਵਿਧਾ ਪ੍ਰਦਾਨ ਕਰਕੇ ਉਨ੍ਹਾਂ ਲਈ ਪਹੁੰਚ ਸੁਨਿਸ਼ਚਤ ਕਰਨਾ।

- ਅਜਿਹੇ ਬੱਚਿਆਂ ਨੂੰ ਜੋ ਦੂਰ ਦੇ ਸਥਾਨਾਂ ’ਤੇ ਰਹਿੰਦੇ ਹਨ ਅਤੇ ਜਿੱਥੇ ਸਕੂਲ ਬਣਾਉਣਾ ਸੰਭਵ ਨਹੀਂ ਹੈ, ਰਿਹਾਇਸ਼ੀ ਸੁਵਿਧਾਵਾਂ ਪ੍ਰਦਾਨ ਕਰਕੇ ਪਹੁੰਚ ਸੁਨਿਸ਼ਚਤ ਕਰਨਾ।

Notes

• ਅਧਿਆਪਨ ਸਿਖਲਾਈ ਸਮੱਗਰੀ, ਹੋਰ ਉਪਕਰਨ, ਬਾਲ ਮਿੱਤਰ ਅਤੇ ਰੁਕਾਵਟ ਮੁਕਤ ਸਕੂਲ ਵਾਤਾਵਰਣ ਦੀ ਉਪਲੱਬਧਤਾ ਸੁਨਿਸ਼ਚਤ ਕਰਨਾ।

•ਇਹ ਸੁਨਿਸ਼ਚਤ ਕਰਨ ਲਈ ਕਿ ਸੁਵਿਧਾ ਵੰਚਿਤ ਸਮੂਹ ਦੇ ਬੱਚਿਆਂ ਨਾਲ ਦੁਰਵਿਵਹਾਰ ਨਹੀਂ ਹੁੰਦਾ, ਵਿਭਿੰਨ ਵਿਭਾਗਾਂ ਦੇ ਜ਼ਿਲ੍ਹਾ ਪੱਧਰੀ ਅਧਿਕਾਰੀਆਂ ਨਾਲ ਸਹਿਯੋਗ ਕਰਨਾ। ਸੁਵਿਧਾਵੰਚਿਤ ਸਮੂਹ ਵਿੱਚ ਅਨੁਸੂਚਿਤ ਜਾਤੀਆਂ/ਅਨੁਸੂਚਿਤ ਜਨਜਾਤੀਆਂ ਦੇ ਬੱਚੇ, ਖਾਨਾਬਦੋਸ਼ਾਂ ਦੇ ਬੱਚੇ, ਹੋਰ ਪੱਛੜੀਆਂ ਜਾਤਾਂ, ਮੁਸਲਮਾਨ ਅਤੇ ਹੋਰ ਘੱਟਗਿਣਤੀਆਂ, ਲੜਕੀਆਂ, ਸ਼ਹਿਰੀ ਵੰਚਿਤ ਬੱਚੇ, ਗਲੀ ਮੁਹੱਲੇ ਵਿੱਚ ਰਹਿਣ ਵਾਲੇ ਬੱਚੇ, ਬਾਲ ਮਜ਼ਦੂਰੀ ਕਰਨ ਵਾਲੇ ਬੱਚੇ। ਪਰਵਾਸੀ/ਬੇਘਰ ਪਰਿਵਾਰਾਂ ਦੇ ਬੱਚੇ ਅਤੇ ਅਸੁਰੱਖਿਅਤ ਬੱਚੇ ਆਉਂਦੇ ਹਨ।

• ਕਿਸੇ ਪੀਆਰਆਈ ਸੰਸਥਾ ਦੇ ਚੇਅਰਮੈਨ ਜਾਂ ਸਬੰਧਿਤ ਸ਼ਹਿਰੀ ਸਥਾਨਕ ਸਵੈ ਸ਼ਾਸਨ ਦੀ ਸਿੱਖਿਆ ਕਮੇਟੀ ਦੇ ਚੇਅਰਪਰਸਨ ਦੀ ਅਗਵਾਈ ਹੇਠ ਸ਼ਿਕਾਇਤ ਨਿਵਾਰਣ ਕਮੇਟੀ ਦੀ ਸਥਾਪਨਾ ਕਰਨੀ।

• ਇਹ ਸੁਨਿਸ਼ਚਤ ਕਰਨਾ ਕਿ ਲਿੰਗ ਸਬੰਧੀ ਅਤੇ ਸਮਾਜਿਕ ਬਹਿਸ਼ਕਾਰ ਦੇ ਹੋਰ ਰੂਪਾਂ ਦੇ ਮੁੱਦਿਆਂ ਦਾ ਹੱਲ ਸਮਾਜਿਕ ਆਡਿਟ ਪ੍ਰਕਿਰਿਆ ਵਿੱਚ ਹੋ ਜਾਵੇ।

• ਇੱਕ ਜ਼ਿਲ੍ਹਾ ਸਿੱਖਿਆ ਕਮੇਟੀ ਦੀ ਸਥਾਪਨਾ ਕਰਨੀ ਜਿਸ ਵਿੱਚ ਸਾਰੇ ਵਰਗਾਂ ਦੇ ਚੁਣੇ ਹੋਏ ਪ੍ਰਤੀਨਿਧੀ ਸ਼ਾਮਲ ਹੋਣ ਜਿਵੇਂ ਮਾਹਿਰ, ਮਾਤਾ ਪਿਤਾ, ਔਰਤਾਂ, ਬਾਲ ਵਿਕਾਸ ਵਿਭਾਗ, ਸਿਹਤ ਵਿਭਾਗ, ਪੁਲਿਸ ਵਿਭਾਗ, ਅਧਿਆਪਕ, ਮੁੱਖ ਅਧਿਆਪਕ ਆਦਿ।

• ਇਹ ਸੁਨਿਸ਼ਚਤ ਕਰਨਾ ਕਿ ਕੇਵਲ ਸਾਲਾਨਾ ਪ੍ਰੀਖਿਆਵਾਂ ਹੀ ਨਹੀਂ ਹੁੰਦੀਆਂ ਹਨ, ਕੋਈ ਬੱਚਾ ਫੇਲ੍ਹ ਨਹੀਂ ਹੁੰਦਾ ਹੈ, ਕੋਈ ਸਰੀਰਿਕ ਸਜ਼ਾ ਨਹੀਂ ਦਿੱਤੀ ਜਾਂਦੀ ਹੈ ਅਤੇ ਕਿਸੇ ਵੀ ਪ੍ਰਕਾਰ ਨਾਲ ਬੱਚਿਆਂ ਦੇ ਅਧਿਕਾਰਾਂ ਦਾ ਹਨਨ ਨਹੀਂ ਹੁੰਦਾ ਹੈ।

ਸਭ ਤੋਂ ਮਹੱਤਵਪੂਰਨ ਇਹ ਹੈ ਕਿ ਜ਼ਿਲ੍ਹਾ ਸਿੱਖਿਆ ਅਧਿਕਾਰੀ ਸਕੂਲਾਂ, ਪਿੰਡਾਂ, ਬਲਾਕਾਂ ਰਾਹੀਂ ਤਿਆਰ ਕੀਤੇ ਗਏ ਯੋਜਨਾ ਪ੍ਰਸਤਾਵਾਂ ਨੂੰ ਇਕੱਠੇ ਕਰਦਾ ਹੈ ਅਤੇ ਇੱਕ ਜ਼ਿਲ੍ਹਾ ਯੋਜਨਾ ਤਿਆਰ ਕਰਦਾ ਹੈ। ਐਲੀਮੈਂਟਰੀ ਸਿੱਖਿਆ ਨਾਲ ਸਬੰਧਿਤ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਣ ਲਈ ਜਿਵੇਂ ਸਾਰੇ ਬੱਚਿਆਂ ਲਈ ਥੋੜ੍ਹੀ ਦੂਰੀ 'ਤੇ ਸਕੂਲ ਉਪਲੱਬਧ ਹੈ ਆਦਿ ਲਈ ਤਿੰਨ ਜਾਂ ਚਾਰ ਸਾਲ ਵਿੱਚ ਇੱਕ ਵਾਰ ਸਕੂਲਾਂ ਦਾ ਨਕਸ਼ਾ ਬਣਾਉਣਾ ਚਾਹੀਦਾ ਹੈ।

**ਆਪਣੀ ਪ੍ਰਗਤੀ ਨੂੰ ਪਰਖੋ-3**

1. 1. ਨਿਗਰਾਨੀ ਤੋਂ ਕੀ ਮਤਲਬ ਹੈ, ਸਮੁਦਾਏ ਯੂਈਈ ਲਾਗੂ ਕਰਨ ਦੀ ਨਿਗਰਾਨੀ ਕਿਵੇਂ ਕਰਦਾ ਹੈ?

———————————————————————————

———————————————————————————

———————————————————————————

2. 2. ਯੂ.ਈ.ਈ. ਨੂੰ ਲਾਗੂ ਕਰਨ ਦੀ ਨਿਗਰਾਨੀ ਵਿੱਚ ਜ਼ਿਲ੍ਹਾ ਐਲੀਮੈਂਟਰੀ ਸਿੱਖਿਆ ਦੀ ਭੂਮਿਕਾ ਦੀ ਸਮੀਖਿਆ ਕਰੋ।

———————————————————————————

———————————————————————————

———————————————————————————

Notes

### ਅ) ਸਥਾਨਕ ਅਤੇ ਸਮਾਜਿਕ ਮੈਪਿੰਗ

ਇਹ ਸੰਭਵ ਹੈ ਕਿ ਆਂਢ ਗੁਆਂਢ ਦੇ ਬੱਚੇ ਇੱਕ ਤੋਂ ਜ਼ਿਆਦਾ ਸਕੂਲਾਂ ਵਿੱਚ ਪੜ੍ਹਦੇ ਹੋਣ ਅਤੇ ਇਹ ਵੀ ਸੰਭਵ ਹੈ ਕਿ ਇੱਕ ਹੀ ਸਕੂਲ ਵਿੱਚ ਪੜ੍ਹਨ ਵਾਲੇ ਬੱਚੇ ਇੱਕ ਤੋਂ ਜ਼ਿਆਦਾ ਸਥਾਨਾਂ ਤੋਂ ਆਉਂਦੇ ਹੋਣ। ਸਿਰਫ਼ ਇੱਕ ਸਕੂਲ ਦਾ ਪ੍ਰਾਵਧਾਨ ਕਰ ਦੇਣਾ ਇਹ ਸੁਨਿਸ਼ਚਤ ਕਰਨ ਲਈ ਸਹੀ ਨਹੀਂ ਹੈ ਕਿ ਸਾਰੇ ਬੱਚੇ ਸਕੂਲ ਵਿੱਚ ਆਉਣਗੇ ਅਤੇ ਸਿਖਲਾਈ ਪ੍ਰਕਿਰਿਆ ਵਿੱਚ ਸ਼ਾਮਲ ਹੋਣਗੇ। ਕਿਸੇ ਜਗ੍ਹਾ ਸਕੂਲ ਹੋ ਸਕਦਾ ਹੈ, ਪਰ ਵਿਦਿਆਰਥੀ ਨਾ ਆਉਣ ਜਾਂ ਉਹ ਕੁਝ ਮਹੀਨਿਆਂ ਤੋਂ ਬਾਅਦ ਸਕੂਲ ਛੱਡ ਕੇ ਚਲੇ ਜਾਣ, ਜਾਂ ਬਹੁਤ ਦਿਨਾਂ ਤੱਕ ਲਗਾਤਾਰ ਸਕੂਲ ਤੋਂ ਗੈਰ ਹਾਜ਼ਰ ਰਹਿਣ ਅਤੇ ਇਸ ਪ੍ਰਕਾਰ ਪੜ੍ਹਾਈ ਵਿੱਚ ਦੂਜੇ ਬੱਚਿਆਂ ਤੋਂ ਪੱਛੜ ਜਾਣ।

ਇਸ ਲਈ ਸਕੂਲ ਨਕਸ਼ੇ ਦੀ ਲੋੜ ਹੈ। ਸਕੂਲ ਨਕਸ਼ਾ ਸਹਾਈ ਹੈ:

- ਉਨ੍ਹਾਂ ਬੱਚਿਆਂ ਦੀ ਪਛਾਣ ਕਰਨ ਵਿੱਚ ਸਹਾਇਕ ਹੈ ਜੋ ਸਮਾਜਿਕ, ਸੱਭਿਆਚਾਰਕ, ਆਰਥਿਕ ਜਾਂ ਵਿਵਸਥਾ ਸਬੰਧਿਤ ਕਾਰਨਾ ਨਾਲ ਸਕੂਲ ਵਿੱਚ ਨਹੀਂ ਆ ਸਕਦੇ।

- ਸਿੱਖਿਆ ਸੇਵਾਵਾਂ ਪ੍ਰਤੀ ਇੱਕ ਗਤੀਸ਼ੀਲ ਦ੍ਰਿਸ਼ਟੀਕੋਣ ਬਣਾਉਣ ਵਿੱਚ ਸਹਾਇਕ ਹੈ ਜਿਸ ਵਿੱਚ ਬੁਨਿਆਦੀ ਸੁਵਿਧਾਵਾਂ, ਅਧਿਆਪਕ ਅਤੇ ਲਾਜ਼ਮੀ ਉਪਕਰਨ ਸ਼ਾਮਲ ਹੋਣ ਤਾਂ ਕਿ ਸਾਰੇ ਬੱਚਿਆਂ ਨੂੰ ਗੁਣਵੱਤਾ ਸਿੱਖਿਆ ਦਿੱਤੀ ਜਾ ਸਕੇ।

ਸਕੂਲ ਨਕਸ਼ੇ ਦੀ ਪ੍ਰਕਿਰਿਆ ਵਿੱਚ ਨਿਮਨਲਿਖਤ ਸ਼ਾਮਲ ਹਨ:

(1) ਪਿੰਡ ਵਿੱਚ ਯੋਜਨਾ ਨਿਰਮਾਣ

(2) ਪਿੰਡ ਸਿੱਖਿਆ ਕਮੇਟੀ ਦਾ ਨਿਰਮਾਣ, ਵਿਸ਼ੇਸ਼ ਤੌਰ 'ਤੇ ਸਕੂਲ ਨਕਸ਼ੇ ਲਈ

(3) ਪਿੰਡ ਸਿੱਖਿਆ ਕਮੇਟੀ ਦੇ ਮੈਂਬਰਾਂ ਨੂੰ ਸਕੂਲ ਮੈਪਿੰਗ ਪ੍ਰਕਿਰਿਆ ਵਿੱਚ ਸਿੱਖਿਅਤ ਕਰਨਾ।

(4) ਪਿੰਡ ਦਾ ਇੱਕ ਨਕਸ਼ਾ ਬਣਾਉਣਾ

(5) ਪਰਿਵਾਰਾਂ ਦਾ ਸਰਵੇਖਣ ਕਰਨਾ

(6) ਅੰਤਿਮ ਨਕਸ਼ਾ ਬਣਾਉਣਾ ਜਿਸ ਵਿੱਚ ਵਿਭਿੰਨ ਘਰਾਂ ( ਪਰਿਵਾਰਾਂ) ਹਰੇਕ ਘਰ ਵਿੱਚ ਬੱਚਿਆਂ ਦੀ ਸੰਖਿਆ ਅਤੇ ਉਨ੍ਹਾਂ ਦੀ ਦਾਖਲਾ ਸਥਿਤੀ ਦਰਸਾਈ ਗਈ ਹੋਵੇ।

(7) ਪਿੰਡ/ਸਕੂਲ ਸਿੱਖਿਆ ਰਜਿਸਟਰ ਤਿਆਰ ਕਰਨਾ।

(8) ਨਕਸ਼ੇ ਦੀ ਪੇਸ਼ਕਾਰੀ ਅਤੇ ਲੋਕਾਂ ਨੂੰ ਇਸ ਦਾ ਵਿਸ਼ਲੇਸ਼ਣ ਕਰਨ ਲਈ ਪੁਸ਼ਟੀ ਕਰਨੀ ਅਤੇ

(9) ਲੋਕਾਂ ਦੇ ਸੁਝਾਅ ਇਕੱਠੇ ਕਰਨੇ।

ਸਕੂਲ ਮੈਪਿੰਗ ਤਿਆਰ ਕਰਨ ਵਿੱਚ ਜ਼ਿਲ੍ਹਾ ਸਰੋਤ ਕੇਂਦਰ ਜ਼ਰੂਰੀ ਸਹਾਇਤਾ ਪ੍ਰਦਾਨ ਕਰਦਾ ਹੈ। ਇਸ ਪ੍ਰਕਾਰ ਦੀ ਯੋਜਨਾ ਜ਼ਿਲ੍ਹਾ ਪੱਧਰ 'ਤੇ ਯੂ.ਈ.ਈ. ਦੀ ਪ੍ਰਗਤੀ ਦੀ ਨਿਗਰਾਨੀ ਕਰਨ ਲਈ ਇੱਕ ਮਾਰਗਦਰਸ਼ਨ ਦਾ ਕੰਮ ਕਰਦੀ ਹੈ।

### ੲ) ਯੋਜਨਾਬੰਦੀ ਲਈ ਸਰੋਤ ਕੇਂਦਰ

ਡਾਇਟ ਅਤੇ ਡੀ.ਪੀ.ਈ. ਕੋਲ ਇੱਕ ਇੱਕ ਯੋਜਨਾ ਅਤੇ ਪ੍ਰਬੰਧਕ ਇਕਾਈ ਹੁੰਦੀ ਹੈ। ਇਸ ਇਕਾਈ ਦਾ ਮੁੱਖ ਕਾਰਜ ਜ਼ਿਲ੍ਹਾ ਦ੍ਰਿਸ਼ਟੀਕੋਣ 'ਤੇ ਸਾਲਾਨਾ ਯੋਜਨਾ ਬਣਾਉਣਾ ਹੈ। ਕਲੱਸ਼ਟਰ ਸਰੋਤ ਕੇਂਦਰਾਂ, ਬਲਾਕ ਸਰੋਤ ਕੇਂਦਰਾਂ ਤੋਂ ਆਸ ਹੈ ਕਿ ਉਹ ਸਾਲਾਨਾ ਅਤੇ ਦ੍ਰਿਸ਼ਟੀਕੋਣ ਸਿੱਖਿਆ ਵਿਕਾਸ ਯੋਜਨਾਵਾਂ ਬਣਾਉਣ ਵਿੱਚ ਸਕੂਲ ਪੱਧਰ 'ਤੇ ਅਧਿਆਪਕਾਂ ਦੀ, ਗ੍ਰਾਮ ਪੰਚਾਇਤ ਦੇ ਸਟਾਫ ਦੀ ਅਤੇ ਪੰਚਾਇਤ ਕਮੇਟੀ ਦੀ ਸਹਾਇਤਾ ਕਰ ਸਕਦੇ ਹਨ।

Notes

ਸ) ਮੁਲਾਂਕਣ

ਜ਼ਿਲ੍ਹਾ ਯੋਜਨਾ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਇੱਕ ਪ੍ਰਕਿਰਿਆ ਜਿਸ ਨੂੰ 'ਮੁਲਾਂਕਣ' ਕਹਿੰਦੇ ਹਨ, ਉਸ ਵਿੱਚੋਂ ਹੋ ਕੇ ਗੁਜ਼ਰਨਾ ਪੈਂਦਾ ਹੈ। 'ਮੁਲਾਂਕਣ' ਵਿੱਚ ਨਿਮਨਲਿਖਤ ਗੱਲਾਂ ਸ਼ਾਮਲ ਹੁੰਦੀਆਂ ਹਨ:

• ਇਹ ਪਤਾ ਲਗਾਉਣਾ ਕਿ ਕੀ ਜਿਹੜੇ ਅੰਕੜਿਆਂ ਨੂੰ ਸਾਕਾਰ ਰੂਪ ਦਿੱਤਾ ਗਿਆ ਹੈ, ਉਹ ਅਸਲ ਸਥਿਤੀ 'ਤੇ ਆਧਾਰਿਤ ਹਨ।

• ਕੀ ਲੋੜਾਂ ਨੂੰ ਸਹੀ ਠਹਿਰਾਉਣਾ ਸਹੀ ਹੈ।

• ਕੀ ਮੌਜੂਦਾ ਸਥਿਤੀ ਅਤੇ ਯੂਈਈ ਦੇ ਅੰਤਿਮ ਟੀਚਿਆਂ ਦੇ ਵਿਚਕਾਰ ਅੰਤਰ ਨੂੰ ਭਰਨ ਦੀ ਪ੍ਰਗਤੀ ਸੰਭਵ ਹੈ।

• ਕੀ ਪ੍ਰਸਤਾਵਿਤ ਸਿੱਖਿਆ ਰਣਨੀਤੀਆਂ ਸਮਾਂ ਸੀਮਾ ਵਿੱਚ ਕੰਮ ਚਲਾ ਦੇਣਗੀਆਂ ?

• ਕੀ ਪ੍ਰਸਤਾਵਿਤ ਯੋਜਨਾਵਾਂ ਵਿੱਤੀ, ਤਕਨੀਕੀ, ਸਮਾਜਿਕ ਅਤੇ ਰਾਜਨੀਤਕ ਰੂਪ ਨਾਲ ਸਮਰੱਥ ਅਤੇ ਸੰਭਵ ਹਨ।

• ਇਸ ਵਿੱਚ ਖਤਰੇ ਅਤੇ ਮੌਕੇ ਕੀ ਹਨ।

ਸਾਕਾਰਾਤਮਕ 'ਮੁਲਾਂਕਣ' ਪ੍ਰਾਪਤ ਕਰਨ ਤੋਂ ਬਾਅਦ ਖਰੜਾ ਯੋਜਨਾਵਾਂ ਦਾ ਰਾਜ ਸਰਕਾਰ ਦੇ ਸਿੱਖਿਆ ਵਿਭਾਗ, ਵਿੱਤ ਵਿਭਾਗ, ਬਾਲ ਅਤੇ ਮਹਿਲਾ ਵਿਕਾਸ ਵਿਭਾਗਾਂ ਵੱਲੋਂ ਸੂਖਮ ਨਿਰੀਖਣ ਕੀਤਾ ਜਾਂਦਾ ਹੈ। ਰਾਜ ਦੇ ਸਰਕਾਰੀ ਵਿਭਾਗ ਇਨ੍ਹਾਂ ਯੋਜਨਾਵਾਂ ਨੂੰ ਅੰਸ਼ਿਕ ਰੂਪ ਨਾਲ ਅਤੇ ਸੰਪੂਰਨ ਰੂਪ ਵਿੱਚ ਪਾਸ ਕਰ ਸਕਦੇ ਹਨ ਅਤੇ ਲਾਗੂ ਕਰਨ ਦੀ ਪ੍ਰਵਾਨਗੀ ਦੇ ਸਕਦੇ ਹਨ। ਜ਼ਿਲ੍ਹਾ ਸਾਲਾਨਾ ਯੋਜਨਾ ਤਿਆਰ ਕਰਨ ਅਤੇ ਸਕੂਲ ਮੈਪਿੰਗ 'ਤੇ ਆਧਾਰਿਤ ਯੋਜਨਾ ਦ੍ਰਿਸ਼ਟੀਕੋਣ ਤੋਂ ਇਲਾਵਾ ਡੀ.ਈ.ਓ. ਪ੍ਰਾਈਵੇਟ ਸਕੂਲਾਂ, ਗੈਰ ਸਰਕਾਰੀ ਸੰਸਥਾਵਾਂ ਅਤੇ ਹੋਰ ਹਿੱਤਧਾਰਕਾਂ ਦੇ ਸਹਿਯੋਗ ਨਾਲ ਯੋਜਨਾਵਾਂ ਨੂੰ ਲਾਗੂ ਕਰਦੇ ਹਨ।

ਹ) ਲਾਗੂ ਕਰਨਾ

ਯੂਈਈ ਲਈ ਯੋਜਨਾਬੰਦੀ ਜ਼ਿਲ੍ਹਾ ਪੱਧਰ ਅਤੇ ਜ਼ਿਲ੍ਹਾ ਪੱਧਰ ਤੋਂ ਹੇਠਲੇ ਪੱਧਰ 'ਤੇ ਸਿਰਫ਼ ਇੱਕ ਸ਼ੁਰੂਆਤ ਹੈ। ਯੋਜਨਾਵਾਂ ਨੂੰ ਲਾਗੂ ਕਰਨਾ ਪੈਂਦਾ ਹੈ। ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਚਾਹੇ ਜ਼ਿਲ੍ਹਾ ਸਿੱਖਿਆ ਕਮੇਟੀ ਹੋਵੇ, ਬਲਾਕ ਸਿੱਖਿਆ ਕਮੇਟੀ ਹੋਵੇ ਜਾਂ ਸਕੂਲ ਪ੍ਰਬੰਧਕ ਕਮੇਟੀ ਹੋਵੇ, ਉਨ੍ਹਾਂ ਨੂੰ ਆਪਣੀਆਂ ਕਾਰਜ ਪੱਧਤੀਆਂ ਵਿੱਚ ਤਬਦੀਲੀ ਲਿਆ ਕੇ ਅਧਿਆਪਕਾਂ, ਸਵੈ ਸੇਵੀ ਸੰਸਥਾਵਾਂ ਅਤੇ ਸਥਾਨਕ ਸਮੁਦਾਏ ਦੇ ਪ੍ਰਤੀਨਿਧੀਆਂ ਨੂੰ ਸ਼ਾਮਲ ਕਰ ਕੇ ਫੈਸਲਾ ਪ੍ਰਕਿਰਿਆ ਵਿੱਚ ਸਾਂਝੀਦਾਰ ਬਣਨਾ ਪਏਗਾ ਤਾਂ ਕਿ ਸਿੱਖਿਆ ਦਾ ਅਧਿਕਾਰ ਸਹੀ ਭਾਵਨਾ ਵਿੱਚ ਲਾਗੂ ਹੋ ਸਕੇ। ਅਧਿਆਪਨ ਸਮੁਦਾਏ ਨੂੰ ਯੋਜਨਾਬੰਦੀ ਪ੍ਰਕਿਰਿਆ ਵਿੱਚ ਸ਼ਾਮਲ ਕਰਨਾ ਇਹ ਸੁਨਿਸ਼ਚਤ ਕਰਦਾ ਹੈ ਕਿ ਸਕੂਲ ਖੇਤਰ ਦੇ ਨਿਵਾਸੀ ਸਮੁਦਾਏ ਦੇ ਨਾਲ ਮਿਲ ਕੇ ਯੂਈਈ ਨੂੰ ਲਾਗੂ ਕਰਨ ਵਿੱਚ ਲੱਗੀਆਂ ਮੁੱਖ ਸੰਸਥਾਵਾਂ ਦੇ ਰੂਪ ਵਿੱਚ ਉੱਭਰ ਰਹੀਆਂ ਹਨ।

ਬਲਾਕ ਸਿੱਖਿਆ ਅਧਿਕਾਰੀ ਅਤੇ ਇਸ ਦਾ ਸਟਾਫ ਬਲਾਕ ਸਰੋਤ ਕੇਂਦਰ ਦੇ ਰੂਪ ਵਿੱਚ ਕਾਰਜ ਕਰਦੇ ਹਨ। ਬਲਾਕ ਸਰੋਤ ਕੇਂਦਰ ਤੋਂ ਇਹ ਉਮੀਦ ਹੈ ਕਿ ਉਹ ਹਰ ਸਾਲ ਨਵੀਂ ਅਧਿਆਪਨ ਸਿਖਲਾਈ ਸਮੱਗਰੀ ਦੇ ਨਿਰਮਾਣ ਵਿੱਚ ਹਰੇਕ ਸਕੂਲ ਦੀ ਸਹਾਇਤਾ ਕਰੇਗਾ।

ਇਸ ਤੋਂ ਇਲਾਵਾ ਕਈ ਕਲੱਸ਼ਟਰ ਸਰੋਤ ਕੇਂਦਰ-ਸੀਆਰਸੀ ਵੀ ਹੁੰਦੇ ਹਨ-ਆਮ ਤੌਰ 'ਤੇ 15 ਪਿੰਡਾਂ 'ਤੇ ਇੱਕ ਬਲਾਕ ਸਰੋਤ ਕੇਂਦਰ ਅਤੇ ਕਲੱਸਟਰ ਸਰੋਤ ਕੇਂਦਰ ਦੇ ਸਟਾਫ ਤੋਂ ਇਹ ਉਮੀਦ ਕੀਤੀ ਜਾਂਦੀ ਹੈ

• ਉਹ ਪ੍ਰਤੀ ਮਹੀਨੇ ਸਕੂਲ ਦਾ ਇੱਕ ਬਾਰ ਦੌਰਾ ਕਰੇਗਾ ਅਤੇ

• ਅਧਿਆਪਕਾਂ ਨੂੰ ਪਾਠਕ੍ਰਮ ਸਹਾਰਾ ਪ੍ਰਦਾਨ ਕਰੋ।

Notes

**ਆਪਣੀ ਪ੍ਰਗਤੀ ਨੂੰ ਪਰਖੋ-4**

1. 1. ਸਕੂਲ ਪੱਧਰ 'ਤੇ ਐਲੀਮੈਂਟਰੀ ਸਿੱਖਿਆ ਦੇ ਵਿਕਾਸ ਲਈ ਇੱਕ ਪ੍ਰਸਤਾਵ ਤਿਆਰ ਕਰਨ ਲਈ ਜ਼ਰੂਰੀ ਅੰਕੜਿਆਂ ਦੇ ਸਰੋਤ ਕੀ ਹਨ?

——————————————————————————————————

——————————————————————————————————

——————————————————————————————————

2. 2. ਕਿਸੇ ਯੋਜਨਾ ਦੇ ਮੁਲਾਂਕਣ ਤੋਂ ਕੀ ਭਾਵ ਹੈ? ਜ਼ਿਲ੍ਹਾ ਸਿੱਖਿਆ ਵਿਕਾਸ ਸਾਲਾਨਾ ਯੋਜਨਾ ਦਾ ਮੁਲਾਂਕਣ ਕੌਣ ਕਰਦਾ ਹੈ?

——————————————————————————————————

——————————————————————————————————

———————————————————————————————————

ਯੂਈਈ ਦੇ ਟੀਚਿਆਂ ਦੀ ਪ੍ਰਾਪਤੀ ਲਈ ਜ਼ਿਲ੍ਹਾ ਯੋਜਨਾਵਾਂ ਨੂੰ ਲਾਗੂ ਕਰਨ ਵਿੱਚ ਕੁਝ ਹੋਰ ਸੰਸਥਾਵਾਂ ਦੀ ਭੂਮਿਕਾ ਮਹੱਤਵਪੂਰਨ ਹੈ ਜੋ ਹੇਠ ਦਿੱਤੀ ਗਈ ਹੈ।

**ਜਨਤਕ ਅਤੇ ਨਿੱਜੀ ਸੰਸਥਾਵਾਂ ਵਿਚਕਾਰ ਸਾਂਝੇਦਾਰੀ**

ਸਿੱਖਿਆ ਦੀ ਵਧਦੀ ਹੋਈ ਮੰਗ ਨੂੰ ਪ੍ਰਭਾਵੀ ਰੂਪ ਨਾਲ ਪੂਰਾ ਕਰਨਾ ਕੇਵਲ ਜਨਤਕ ਸੰਸਥਾਵਾਂ ਦੇ ਬਸ ਦੀ ਗੱਲ ਨਹੀਂ ਹੈ। ਇਸ ਵਿੱਚ ਗੈਰ ਸਰਕਾਰੀ ਸੰਸਥਾਵਾਂ ਦਾ ਸਹਿਯੋਗ ਲਾਜ਼ਮੀ ਹੈ ਅਤੇ ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ (ਯੂਈਈ) ਦੇ ਕਾਰਜ ਵਿੱਚ ਨਿੱਜੀ ਸੰਸਥਾਵਾਂ ਦੀ ਸਾਂਝੀਦਾਰੀ ਬਣਾਉਣ ਲਈ ਸਰਕਾਰ ਖੁੱਲ੍ਹੇ ਦਿਲ ਨਾਲ ਰਾਜ਼ੀ ਹੈ। ਰਾਜ ਸਰਕਾਰਾਂ ਅਤੇ ਸਥਾਨਕ ਪ੍ਰਸ਼ਾਸਨ ਹੋਰ ਗੈਰ ਸਰਕਾਰੀ ਸੰਸਥਾਵਾਂ ਨਾਲ ਮਿਲ ਕੇ ਐਲੀਮੈਂਟਰੀ ਸਿੱਖਿਆ ਨੂੰ ਪੂਰਾ ਕਰਨ ਲਈ ਤਿਆਰ ਹੈ ਅਤੇ ਇਸ ਦਿਸ਼ਾ ਵਿੱਚ ਸਾਰਥਿਕ ਕਾਰਜ ਹੋ ਰਹੇ ਹਨ। ਇੱਕ ਵਿਆਪਕ ਨੀਤੀ ਦੇ ਰੂਪ ਵਿੱਚ ਸਰਕਾਰ ਨੇ ਸਾਰੇ ਪੱਧਰਾਂ 'ਤੇ ਐੱਨ.ਜੀ.ਓ. ਨਾਲ ਮਿਲ ਕੇ ਸਾਂਝੀਦਾਰੀ ਨੂੰ ਪ੍ਰੋਤਸਾਹਿਤ ਕਰਨ ਦਾ ਫੈਸਲਾ ਲੈ ਲਿਆ ਹੈ। ਅਜਿਹੇ ਗੈਰ ਸਰਕਾਰੀ ਸੰਗਠਨ ਜੋ ਕੁਝ ਸਾਲਾਂ ਵਿੱਚ ਸਮਾਜ ਵਿਕਾਸ ਕਾਰਜ ਵਿੱਚ ਲੱਗੇ

Notes

ਹੋਏ ਸਨ, ਅੱਜ 'ਡੇ ਕੇਅਰ ਸੈਂਟਰ-ਚਲਦੇ ਫਿਰਦੇ ਕਰੈਂਚ', ਬਾਲਵਾੜੀ, ਚਰਵਾਹਾ ਸਕੂਲ, ਪ੍ਰਾਇਮਰੀ ਅਤੇ ਉੱਚ ਪ੍ਰਾਇਮਰੀ ਸਕੂਲ ਚਲਾ ਰਹੇ ਹਨ। ਇਨ੍ਹਾਂ ਸਾਰੇ ਸੰਗਠਨਾਂ ਨਾਲ ਸਰਕਾਰ ਸਾਂਝੀਦਾਰ ਦੇ ਰੂਪ ਵਿੱਚ ਸਾਹਮਣੇ ਆਈ ਹੈ ਤਾਂ ਕਿ ਉਨ੍ਹਾਂ ਸਾਰੇ ਬੱਚਿਆਂ ਤੱਕ ਪਹੁੰਚਿਆ ਜਾ ਸਕੇ ਜੋ ਸਕੂਲ ਨਹੀਂ ਆਉਂਦੇ। ਐੱਨ.ਜੀ.ਓ. ਨਾਲ ਸਾਂਝੇਦਾਰੀ ਤਿੰਨ ਰੂਪਾਂ ਵਿੱਚ ਸਮਝੀ ਜਾ ਰਹੀ ਹੈ। ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਸਿੱਧੀ ਵਿੱਤੀ ਸਹਾਇਤਾ ਦੇਣਾ, ਕੁਝ ਵਿਸ਼ੇਸ਼ ਰਾਸ਼ਟਰੀ ਅਤੇ ਰਾਜ ਸਰੋਤ ਸੰਸਥਾਵਾਂ ਦੇ ਜ਼ਰੀਏ ਅਤੇ ਸਮੁਦਾਏ ਦੀਆਂ ਗਤੀਵਿਧੀਆਂ ਨੂੰ ਲਾਗੂ ਕਰਨ ਲਈ ਗ੍ਰਾਮ ਸਿੱਖਿਆ ਕਮੇਟੀਆਂ ਰਾਹੀਂ ਵਿੱਤੀ ਸਹਾਇਤਾ ਦੇਣਾ।

ਸਿੱਖਿਆ ਦਾ ਅਧਿਕਾਰ ਵਿੱਚ ਐੱਨ.ਜੀ.ਓ. ਨਾਲ ਸਾਂਝੀਦਾਰੀ ਨਿਮਨਲਿਖਤ ਖੇਤਰਾਂ ਵਿੱਚ ਵਿਚਾਰੀ ਗਈ ਹੈ:

- **ਜਾਗਰੂਕਤਾ ਵਧਾਉਣ ਵਿੱਚ**
- **ਸਮਰੱਥਾ ਨਿਰਮਾਣ:** ਜਿਵੇਂ ਪ੍ਰਭਾਵੀ ਅਧਿਆਪਕ ਸਿਖਲਾਈ ਪ੍ਰੋਗਰਾਮ ਵਿਕਸਤ ਕਰਨਾ, ਯੋਜਨਾਬੰਦੀ ਅਤੇ ਲਾਗੂ ਕਰਨ ਲਈ ਸਮੁਦਾਏ ਅਤੇ ਸਰੋਤ ਸੰਸਥਾਵਾਂ ਦਾ ਸਮਰੱਥਾ ਨਿਰਮਾਣ ਕਰਨਾ
- ਯੂਈਈ ਦੀ ਨਿਗਰਾਨੀ ਵਿੱਚ **ਖੋਜ** ਅਤੇ ਮੁਲਾਂਕਣ ਦੇ ਰੂਪ ਵਿੱਚ।
- **ਨਵੀਨਤਾ ਸਿੱਖਿਆ ਸ਼ਾਸਤਰ ਵਿਕਸਤ ਕਰਨ ਵਿੱਚ**
- **'ਸਕੂਲ ਤੋਂ ਬਾਹਰ' ਬੱਚਿਆਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਵਿੱਚ**
- **ਲਿੰਗ ਸਬੰਧੀ ਸਰੋਕਾਰਾਂ ਨੂੰ ਉਜਾਗਰ ਕਰਨ ਵਿੱਚ**
- **ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨਾਲ ਕੰਮ ਕਰਨ ਵਿੱਚ**
- **ਜ਼ਿੰਮੇਵਾਰੀ ਦੀ ਹਮਾਇਤ ਕਰਨ ਵਿੱਚ**
- ਪ੍ਰੋਗਰਾਮ ਵਿੱਚ ਦਖਲਅੰਦਾਜ਼ੀ ਅਤੇ ਉਪਲੱਬਧੀਆਂ ਦੇ ਮੁਲਾਂਕਣ ਵਿੱਚ **ਪਾਰਦਰਸ਼ਤਾ ਲਿਆਉਣ ਵਿੱਚ।**

### 7.4.4.1 ਸਕੂਲਾਂ ਦੀ ਨਿਗਰਾਨੀ ਅਤੇ ਦੇਖਰੇਖ

### ਸਮੁਦਾਏ ਦੀ ਭੂਮਿਕਾ

ਸਕੂਲਾਂ ਵਿੱਚ ਕਾਰਜਾਂ ਦੀ ਨਿਗਰਾਨੀ ਕਰਨ ਅਤੇ ਦੇਖਰੇਖ ਵਿੱਚ ਸਭ ਤੋਂ ਪਹਿਲਾਂ ਸਮੁਦਾਏ ਦੀ ਭੂਮਿਕਾ ਆਉਂਦੀ ਹੈ। ਇਸ ਸੰਦਰਭ ਵਿੱਚ ਗ੍ਰਾਮ ਸਿੱਖਿਆ ਕਮੇਟੀਆਂ ਅਤੇ ਸਮੁਦਾਏ ਦਾ ਕਰਤੱਵ ਹੈ ਕਿ ਉਹ ਸਕੂਲ ਵਿੱਚ ਉਪਲੱਬਧ ਸਿੱਖਿਆ ਸੁਵਿਧਾਵਾਂ ਨੂੰ ਦੇਖੇ ਅਤੇ ਸਕੂਲਾਂ ਦੀ ਦੇਖਰੇਖ ਕਰਨ। ਯੋਜਨਾਵਾਂ ਨੂੰ ਲਾਗੂ ਕਰਨ ਅਤੇ ਨਿਗਰਾਨੀ ਕਰਨੀ ਅਤੇ ਦੇਖਰੇਖ ਕਰਨਾ ਇਹ ਸੁਨਿਸ਼ਚਤ ਕਰਨ ਲਈ ਮਹੱਤਵ ਪੂਰਨ ਹੈ ਕਿ:

- ਸਾਰੇ ਬੱਚੇ ਨਿਯਮਤ ਰੂਪ ਵਿੱਚ ਸਕੂਲਾਂ ਵਿੱਚ ਆਉਂਦੇ ਹਨ।
- ਲੜਕੀਆਂ ਅਤੇ ਹੋਰ ਸੁਵਿਧਾ ਵੰਚਿਤ ਸਮੂਹਾਂ ਦੀ ਸਿੱਖਿਆ ਦੇ ਸੰਦਰਭ ਵਿੱਚ ਉਨ੍ਹਾਂ ਦੇ ਦਾਖਲੇ ਅਤੇ ਸਕੂਲਾਂ ਵਿੱਚ ਬਣਾਏ ਰੱਖਣਾ ਸੁਨਿਸ਼ਚਤ ਕਰਨਾ,
- ਬੱਚਿਆਂ ਨੂੰ ਗੁਣਵੱਤਾ ਸਿੱਖਿਆ ਦਿੱਤੀ ਜਾਂਦੀ ਹੈ।
- ਜਿੱਥੇ ਅਧਿਕਾਰਤ ਹੋਵੇ ਸਥਾਨਕ ਅਧਿਆਪਕਾਂ ਨੂੰ ਭਰਤੀ ਕੀਤਾ ਜਾਂਦਾ ਹੈ।

• ਸਕੂਲ ਦਾ ਸਮਾਂ ਗ੍ਰਾਮ ਸਿੱਖਿਆ ਕਮੇਟੀ ਅਤੇ ਮਾਤਾ-ਪਿਤਾ ਦੀ ਸਲਾਹ ਦੇ ਆਧਾਰ 'ਤੇ ਨਿਸ਼ਚਤ ਕੀਤਾ ਜਾਂਦਾ ਹੈ।

• ਸਕੂਲ ਆਧਾਰਿਤ ਸੁਵਿਧਾਵਾਂ ਦਾ ਉਪਯੋਗ ਠੀਕ ਢੰਗ ਨਾਲ ਹੋ ਰਿਹਾ ਹੈ।

• ਦਿੱਤੇ ਗਏ ਅਨੁਦਾਨਾਂ ਦਾ ਉਪਯੋਗ ਉਸੀ ਕਾਰਜ ਲਈ ਕੀਤਾ ਜਾ ਰਿਹਾ ਹੈ ਜਿਸ ਲਈ ਉਹ ਦਿੱਤਾ ਗਿਆ ਹੈ।

• ਵਿਕਲਪੀ ਸਕੂਲ ਕੇਂਦਰ ਠੀਕ ਪ੍ਰਕਾਰ ਨਾਲ ਸੰਚਾਲਿਤ ਕੀਤੇ ਜਾ ਰਹੇ ਹਨ।

• ਅਧਿਆਪਕ ਸਿਖਲਾਈ ਸਮੱਗਰੀ ਉਪਲੱਬਧ ਹੈ ਅਤੇ ਉਸ ਦਾ ਉਪਯੋਗ ਠੀਕ ਨਾਲ ਹੋ ਰਿਹਾ ਹੈ।

**ਬਲਾਕ ਸਿੱਖਿਆ ਅਧਿਕਾਰੀ (ਬੀਈਓ) ਦੀ ਭੂਮਿਕਾ**

ਬਲਾਕ ਸਿੱਖਿਆ ਅਧਿਕਾਰੀ ਅਤੇ ਉਸ ਦੀ ਟੀਮ ਦੀ ਨਿਮਨਲਿਖਤ ਭੂਮਿਕਾ ਹੈ:

• ਹਰੇਕ ਸਕੂਲ, ਬਿਨਾਂ ਸਹਾਇਤਾ ਪ੍ਰਾਪਤ ਨਿੱਜੀ ਸਕੂਲਾਂ ਸਮੇਤ ਜੋ ਵੀ ਸਕੂਲ ਉਸ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ, ਦਾ ਦੌਰਾ ਕਰਨਗੇ।

• ਇਸ ਦੌਰੇ ਦੌਰਾਨ ਸਕੂਲ ਭਵਨ, ਸੰਰਚਨਾ ਅਤੇ ਵਿਦਿਆਰਥੀਆਂ ਦੇ ਬੈਠਣ ਦੀ ਵਿਵਸਥਾ ਦਾ ਨਿਰੀਖਣ ਕਰਨਗੇ।

• ਸਕੂਲ ਵਿੱਚ ਪੀਣ ਦੇ ਪਾਣੀ ਦੀ ਵਿਵਸਥਾ, ਸਵੱਛਤਾ ਅਤੇ ਸਫ਼ਾਈ, ਪਖਾਨੇ ਅਤੇ ਉਹ ਪਾਠਸ਼ਾਲਾ ਜਿੱਥੇ ਮਿਡ-ਡੇ-ਮੀਲ ਪਕਾਇਆ ਜਾਂਦਾ ਹੈ, ਇਨ੍ਹਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਏਗਾ।

• ਅਧਿਆਪਕਾਂ ਤੇ ਮੁੱਖ ਅਧਿਆਪਕ ਵੱਲੋਂ ਰੱਖੇ ਗਏ ਵਿਭਿੰਨ ਰਿਕਾਰਡਾਂ ਨੂੰ ਦੇਖਣਾ।

• ਇਸ ਦੌਰੇ ਦੇ ਆਧਾਰ 'ਤੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਨੂੰ ਲੋੜੀਂਦੀਆਂ ਚੀਜ਼ਾਂ ਸਬੰਧੀ ਜਾਣਕਾਰੀ ਦੇਣੀ।

• ਖੇਤਰ ਅਤੇ ਸਕੂਲ ਦੇ ਵਿਸ਼ੇ ਵਿੱਚ ਜਨਸੰਖਿਆ ਜਾਣਕਾਰੀ ਪ੍ਰਾਪਤ ਕੀਤੀ ਜਾਏਗੀ ਜਿਸ ਵਿੱਚ ਦੱਸਿਆ ਜਾਏਗਾ ਕਿ ਕਲੱਸ਼ਟਰ ਵਿੱਚ ਪਿੰਡਾਂ ਦੀ ਸੰਖਿਆ, ਪੰਚਾਇਤਾਂ ਦੀ ਸੰਖਿਆ, ਕਲੱਸ਼ਟਰ ਨਿਵਾਸ ਸਥਾਨ, ਅਨੁਸੂਚਿਤ ਜਾਤੀਆਂ/ ਜਨਜਾਤੀਆਂ ਅਤੇ ਹੋਰ ਪੱਛੜੀਆਂ ਜਾਤੀਆਂ ਦੀ ਸੰਖਿਆ, ਸਕੂਲਾਂ ਦੇ ਅਨੁਸਾਰ ਲੜਕੇ, ਲੜਕੀਆਂ ਦੀ ਸੰਖਿਆ ਅਤੇ ਸਕੂਲ ਵਿੱਚ ਕਿੰਨੇ ਵਿਦਿਆਰਥੀ ਹਨ ਅਤੇ ਕਿੰਨੇ ਸਕੂਲ ਜਾਣ ਯੋਗ ਬੱਚੇ ਸਕੂਲ ਨਹੀਂ ਆਉਂਦੇ, ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸੰਖਿਆ ਕਿੰਨੀ ਹੈ।

• ਕਿਹੜੀਆਂ ਕਿਹੜੀਆਂ ਗੈਰ ਸਰਕਾਰੀ ਸੰਸਥਾਵਾਂ ਕਾਰਜ ਕਰ ਰਹੀਆਂ ਹਨ ਜੋ ਸਕੂਲ ਦੀ ਉਮਰ ਦ ਬੱਚਿਆਂ ਨੂੰ ਸਿੱਖਿਆ ਦੇ ਰਹੀਆਂ ਹਨ।

ਉਪਰੋਕਤ ਬਲਾਕ ਸਿੱਖਿਆ ਰੂਪਰੇਖਾ ਜੋ ਇੱਕ ਨਿਗਰਾਨ ਕਿਰਿਆ ਦੇ ਭਾਗ ਦੇ ਰੂਪ ਵਿੱਚ ਪ੍ਰਾਪਤ ਕੀਤੀ ਹੈ, ਸਾਲਾਨਾ ਜ਼ਿਲ੍ਹਾ ਕਾਰਜ ਯੋਜਨਾ ਅਤੇ ਬਜਟ ਦੇ ਬਣਾਉਣ ਵਿੱਚ ਕੰਮ ਆ ਸਕਦੀ ਹੈ।

Notes

Notes

**ਆਪਣੀ ਪ੍ਰਗਤੀ ਨੂੰ ਪਰਖੋ-5**

1. 1. ਜਨਤਕ-ਨਿੱਜੀ ਭਾਈਵਾਲੀ ਦਾ ਕੀ ਅਰਥ ਹੈ ? ਇਹ ਕਿਉਂ ਜ਼ਰੂਰੀ ਹੁੰਦੀ ਹੈ ?

———————————————————————————

———————————————————————————

———————————————————————————

2. 2. ਗੈਰ ਸਰਕਾਰੀ ਸੰਗਠਨਾਂ ਦੀ ਯੂਈਈ ਵਿੱਚ ਸਹਿਭਾਗਤਾ ਕਿਸ ਰੂਪ ਵਿੱਚ ਸੋਚੀ ਗਈ ਹੈ ?

———————————————————————————

———————————————————————————

———————————————————————————

3. 3. ਯੂਈਈ ਲਈ ਸੂਖਮ ਯੋਜਨਾਬੰਦੀ ਵਿੱਚ ਜ਼ਿਲ੍ਹਾ ਸਿੱਖਿਆ ਅਧਿਕਾਰੀ ਦੀ ਭੂਮਿਕਾ ਦੀ ਸਮੀਖਿਆ ਕਰੋ।

———————————————————————————

———————————————————————————

————————————————————————————

## 7.4 ਐਲੀਮੈਂਟਰੀ ਸਿੱਖਿਆ ਵਿੱਚ ਪ੍ਰਬੰਧਨ ਅਤੇ ਸ਼ਾਸਨ ਮੁੱਦੇ

### 7.4.1 ਸ਼ਾਸਨ ਨਾਲ ਸਬੰਧਿਤ ਮੁੱਦੇ

ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਦੀ ਵਿਕੇਂਦਰੀਕ੍ਰਿਤ ਵਿਵਸਥਾ ਤਹਿਤ ਕੁਝ ਸ਼ਾਸਨ ਸਬੰਧੀ ਸਮੱਸਿਆਵਾਂ ਹਨ ਜਿਨ੍ਹਾਂ ਦਾ ਨਿਪਟਾਰਾ ਜ਼ਰੂਰੀ ਹੈ। ਇੱਕ ਅਜਿਹਾ ਰਚਨਾਤੰਤਰ ਸਥਾਪਿਤ ਕਰਨਾ ਲਾਜ਼ਮੀ ਹੈ ਜੋ ਸੁਨਿਸ਼ਚਤ ਕਰ ਸਕੇ ਕਿ ਬੱਚੇ ਦਾ ਸਕੂਲ ਵਿੱਚ ਦਾਖਲ ਹੋਣ ਦਾ ਅਧਿਕਾਰ ਬਰਕਰਾਰ ਰੱਖਿਆ ਗਿਆ ਹੈ। ਇਹ ਰਚਨਾਤੰਤਰ ਇੰਨਾ ਸਰਲ ਹੋਣਾ ਚਾਹੀਦਾ ਹੈ ਜਿਸ ਵਿੱਚ ਹਰੇਕ ਸਕੂਲ ਲਈ ਆਪਣੇ ਦਾਖਲੇ ਸਬੰਧੀ ਨੀਤੀ ਦਾ ਐਲਾਨ ਕਰਨਾ ਜ਼ਰੂਰੀ ਹੋਵੇ ਅਤੇ ਹਰੇਕ ਸਕੂਲ ਤੋਂ ਇਹ ਉਮੀਦ ਹੋਵੇ ਕਿ ਉਹ ਇੱਕ ਸਾਲਾਨਾ ਰਿਪੋਰਟ ਤਿਆਰ ਕਰੇਗਾ ਅਤੇ ਦੱਸੇਗਾ ਕਿ ਕਿੰਨੀਆਂ ਅਰਜ਼ੀਆਂ ਆਈਆਂ ਅਤੇ ਕਿੰਨੇ ਦਾਖਲ ਹੋ ਸਕੇ। ਕੁਝ ਦੰਡ ਵਿਧਾਨ ਜਿਵੇਂ ਅੰਸ਼ਿਕ ਰੂਪ ਨਾਲ ਕੁਝ ਫੰਡ ’ਤੇ ਰੋਕ ਲਗਾਉਣੀ ਅਤੇ ਮਾਨਤਾ ਸਬੰਧੀ ਮਾਮਲੇ ’ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਜਿਨ੍ਹਾਂ ਪ੍ਰਸ਼ਨਾਂ ਦਾ ਉੱਤਰ ਲੱਭਣਾ ਲਾਜ਼ਮੀ ਹੈ ਉਹ ਹਨ: ਚੋਣ ਸਬੰਧੀ ਸੂਚਨਾ ਕਿਵੇਂ ਪ੍ਰਕਾਸ਼ਿਤ ਕੀਤੀ ਗਈ ਹੈ, ਵਿਦਿਆਰਥੀਆਂ ਦੀ ਚੋਣ ਕਿਵੇਂ ਹੁੰਦੀ ਹੈ ਅਤੇ ਉਨ੍ਹਾਂ ਵਿਦਿਆਰਥੀਆਂ ਦਾ ਕੀ ਹੋਏਗਾ ਜਿਨ੍ਹਾਂ ਨੂੰ ਉਨ੍ਹਾਂ ਦੇ ਵਿਕਲਪ ਨਹੀਂ ਮਿਲ ਸਕੇ। ਸਮੁੱਚੀ ਵਿਵਸਥਾ ਲਈ ਇਹ ਸੁਨਿਸ਼ਚਤ ਕਰਨਾ ਲਾਜ਼ਮੀ ਹੈ ਕਿ ਸਾਰੇ ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਲਿਆ ਗਿਆ ਹੈ, ਘੱਟ ਤੋਂ ਘੱਟ ਕਿਸੇ ਅਜਿਹੇ ਸਕੂਲ ਵਿੱਚ ਜਿੱਥੋਂ ਦੀਆਂ

ਅਵਸਥਾਵਾਂ ਜਾਇਜ਼ ਹਨ। ਇਨ੍ਹਾਂ ਵਿਸ਼ਿਆਂ ਦੇ ਸਮਾਧਾਨ ਵਿੱਚ ਮਿਲੀ ਅਸਫਲਤਾ ਅਸਮਾਨ ਸਿੱਖਿਆ ਅਵਸਰਾਂ ਵਿੱਚ ਝਲਕੇਗੀ ਜਿਸ ਦਾ ਅਰਥ ਹੈ ਕਿ ਸੰਵਿਧਾਨ ਵਿੱਚ ਦਿੱਤੀ ਗਈ ਗਰੰਟੀ ਦੀ ਅਸਫਲਤਾ ਹੋਏਗੀ।

Notes

ਕੁਝ ਮਹੱਤਵਪੂਰਨ ਸ਼ਾਸਨ ਸਬੰਧੀ ਵਿਸ਼ੇ/ਸਮੱਸਿਆਵਾਂ ਨਿਮਨਲਿਖਤ ਹਨ:

- ਜੇਕਰ ਕੇਂਦਰ ਸਰਕਾਰ ਉਨ੍ਹਾਂ ਸਥਾਨਕ ਸੰਸਥਾਵਾਂ ਨੂੰ ਫੰਡ ਦੇਣਾ ਜਾਰੀ ਰੱਖਦੀ ਹੈ ਜੋ ਪ੍ਰਾਇਮਰੀ ਸਿੱਖਿਆ ਦੇਣ ਲਈ ਜਵਾਬਦੇਹ ਹਨ, ਸਥਾਨਕ ਸੰਸਥਾਵਾਂ ਕੀ ਭਰੋਸਾ ਦੇਣਗੀਆਂ ਕਿ ਸਰਕਾਰ ਤੋਂ ਪ੍ਰਾਪਤ ਧਨ ਰਾਸ਼ੀ ਸੁਰੱਖਿਅਤ ਰਹੇਗੀ ਅਤੇ ਉਸ ਦਾ ਉਪਯੋਗ ਸਹੀ ਰੂਪ ਨਾਲ ਹੋਏਗਾ ?

- ਵਿਭਿੰਨ ਸਥਾਨਕ ਸੰਸਥਾਵਾਂ ਦਾ ਵਿੱਤ ਪੋਸ਼ਣ ਕਿਵੇਂ ਕੀਤਾ ਜਾਏਗਾ ?

- ਪ੍ਰਾਪਤ ਰਾਸ਼ੀ ਦੇ ਉਪਯੋਗ ਲਈ ਸਥਾਨਕ ਅਧਿਕਾਰੀਆਂ ਨੂੰ ਕੀ ਸੁਤੰਤਰਤਾ ਦਿੱਤੀ ਜਾਏਗੀ ?

- ਜੇਕਰ ਸਥਾਨਕ ਸੰਸਥਾਵਾਂ ਆਪਣੇ ਲਈ ਖੁਦ ਲੋੜੀਂਦੀ ਰਾਸ਼ੀ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਲੈਣ ਤਾਂ ਉਹ ਕਿਨ੍ਹਾਂ ਸਰੋਤਾਂ ਨੂੰ ਕੰਮ ਵਿੱਚ ਲਿਆ ਸਕਦੇ ਹਨ।

- ਜੇਕਰ ਸਥਾਨਕ ਸੰਸਥਾਵਾਂ ਨੂੰ ਕਰ ਲਗਾਉਣ ਦਾ ਅਧਿਕਾਰ ਮਿਲ ਜਾਵੇ ਤਾਂ ਕੀ ਕਰ ਦਾ ਆਧਾਰ (ਪ੍ਰਾਇਮਰੀ ਸਿੱਖਿਆ ਦੇਣਾ) ਵਾਜਬ ਹੋਏਗਾ ਜਿਸ ਨਾਲ ਇੰਨੀ ਆਮਦਨ ਹੋ ਜਾਵੇ ਕਿ ਕੰਮ ਚੱਲ ਜਾਏ ?

- ਸਥਾਨਕ ਅਧਿਕਾਰੀਆਂ ਵੱਲੋਂ ਪ੍ਰਾਪਤ ਵਿੱਤ ਦਾ ਨਿਰੀਖਣ ਅਤੇ ਲੇਖਾ ਕੌਣ ਕਰੇਗਾ ?

### 7.4.2 ਅਧਿਆਪਕਾਂ ਦੀ ਭਰਤੀ ਅਤੇ ਪ੍ਰਬੰਧਨ

ਸਿੱਖਿਆ ਦਾ ਅਧਿਕਾਰ ਕਾਨੂੰਨ ਅਧਿਆਪਕ ਕਾਡਰ ਦੇ ਵਿਕੇਂਦਰੀਕਰਨ ਪ੍ਰਬੰਧਨ ਨੂੰ ਪ੍ਰੋਤਸਾਹਿਤ ਕਰਦਾ ਹੈ। ਅਧਿਆਪਕਾਂ ਦਾ ਪ੍ਰਮਾਣੀਕਰਨ, ਭਰਤੀ ਕਰਨੀ, ਕਾਇਮ ਰੱਖਣਾ ਅਤੇ ਉਨ੍ਹਾਂ ਦੀ ਪਦਉਨਤੀ ਵਿਵਾਦ ਦੇ ਸਰੋਤ ਹਨ ਜਿਨ੍ਹਾਂ ਦਾ ਕੰਮ ਕਾਨੂੰਨ ਤਹਿਤ ਹੁੰਦਾ ਹੈ। ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਨੂੰ ਵਿਆਪਕ ਸੰਸਥਾਗਤ ਸੁਧਾਰਾਂ ਦੀ ਲੋੜ ਹੈ ਤਾਂ ਸਾਡਾ ਇਸ਼ਾਰਾ ਇਨ੍ਹਾਂ ਸ਼ਾਸਨ ਅਤੇ ਪ੍ਰਬੰਧਨ ਵਿਸ਼ਿਆਂ/ਸਮੱਸਿਆਵਾਂ 'ਤੇ ਹੁੰਦਾ ਹੈ।

ਰਾਜਾਂ ਨੂੰ ਆਪਣੇ ਮਾਪਦੰਡਾਂ ਦਾ ਅਨੁਸਰਨ ਕਰਨ ਦਾ ਅਧਿਕਾਰ ਹੈ ਬਸ਼ਰਤੇ ਉਹ ਮਾਪਦੰਡ ਐੱਨਸੀਟੀਈ ਵੱਲੋਂ ਸਥਾਪਿਤ ਨਿਯਮਾਂ ਨਾਲ ਪ੍ਰਸੰਗਿਕਤਾ ਰੱਖਦੇ ਹੋਣ। ਸਰਕਾਰ ਅਧਿਆਪਕਾਂ ਦੀ ਭਰਤੀ ਕਰ ਸਕਦੀ ਹੈ ਅਤੇ ਇਸ ਪ੍ਰਕਿਰਿਆ ਵਿੱਚ ਸਮੁਦਾਏ ਦਾ ਵੀ ਅਧਿਕਾਰ ਹੋ ਸਕਦਾ ਹੈ, ਪਰ ਮਾਪਦੰਡਾਂ/ਗੁਣਵੱਤਾ 'ਤੇ ਕੋਈ ਸਮਝੌਤਾ ਨਹੀਂ ਹੋਣਾ ਚਾਹੀਦਾ। ਸਿੱਖਿਆ ਦੇ ਅਧਿਕਾਰ ਕਾਨੂੰਨ ਅਨੁਸਾਰ ਇਹ ਲਾਜ਼ਮੀ ਹੈ ਕਿ ਰਾਜ ਸਰਕਾਰ ਇਹ ਭਰੋਸਾ ਦੇਵੇ ਕਿ ਰਾਜ ਵਿੱਚ ਇੱਕ ਵੀ ਇਕੱਲਾ ਅਧਿਆਪਕ ਸਕੂਲ ਨਹੀਂ ਹੈ। ਇਸ ਪ੍ਰਥਾ ਦਾ ਵੀ ਪਾਲਣ ਕਰਨਾ ਪਏਗਾ ਕਿ 50 ਪ੍ਰਤੀਸ਼ਤ ਔਰਤਾਂ ਹੋਣ।

ਅਧਿਆਪਕਾਂ ਨੂੰ ਵੇਤਨ ਦੇਣ ਦੇ ਮਾਮਲੇ ਵਿੱਚ ਬਹੁਤ ਜ਼ਿਆਦਾ ਭਿੰਨਤਾ ਦੇਖਣ ਨੂੰ ਮਿਲਦੀ ਹੈ। ਗੈਰ ਸਰਕਾਰੀ ਸਕੂਲਾਂ ਅਤੇ ਗੈਰ ਸਰਕਾਰੀ ਸੰਗਠਨਾਂ ਵੱਲੋਂ ਚਲਾਏ ਜਾ ਰਹੇ ਸਕੂਲਾਂ ਕਾਰਨ ਮਾਮਲਾ ਹੋਰ ਜ਼ਿਆਦਾ ਗੁੰਝਲਦਾਰ ਹੋ ਗਿਆ ਹੈ। ਇਸ ਲਈ ਅਧਿਆਪਕਾਂ ਦੇ ਮੌਜੂਦਾ ਵੇਤਨ ਦੀ ਤਰਕ ਸੰਗਤ ਵਿਆਖਿਆ ਇੱਕ ਵਿਚਾਰ ਦਾ ਵਿਸ਼ਾ ਹੋ ਸਕਦਾ ਹੈ।

### 7.4.3 ਸਕੂਲ ਪ੍ਰਬੰਧਨ ਕਮੇਟੀ ਦੀ ਭੂਮਿਕਾ

ਦਿੱਤੀ ਜਾਣ ਵਾਲੀ ਸਿੱਖਿਆ ਦੀ ਗੁਣਵੱਤਾ ਨੂੰ ਉਨਤ ਕਰਨ ਵਿੱਚ ਸਕੂਲ ਪ੍ਰਬੰਧਨ ਕਮੇਟੀ ਸਕੂਲ ਸ਼ਾਸਨ ਦੇ ਸੰਦਰਭ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। ਸਿੱਖਿਆ ਦੇ ਸਾਰੇ ਭਾਈਵਾਲਾਂ ਨੂੰ ਇਕੱਠੇ ਲਿਆਉਣ ਵਿੱਚ ਇਹ ਇੱਕ ਵਿਸਥਾਰਤ ਅਤੇ ਵਿਆਪਕ ਅਤੇ ਸਾਂਝੀ

Notes

ਫੈਸਲਾ ਪ੍ਰਕਿਰਿਆ ਵਿੱਚ ਇਹ ਬੁਨਿਆਦੀ ਕਾਰਜ ਕਰ ਸਕਦੀ ਹੈ। ਹਰੇਕ ਸਕੂਲ ਵਿੱਚ ਮਾਨਤਾ ਪ੍ਰਾਪਤ ਕਰਨ ਲਈ 6 ਮਹੀਨੇ ਦੇ ਅੰਦਰ ਇੱਕ ਸਕੂਲ ਪ੍ਰਬੰਧਨ ਕਮੇਟੀ ਦਾ ਗਠਨ ਕਰਨਾ ਪੈਂਦਾ ਹੈ। ਇਸ ਦਾ ਸਮਾਂ ਦੋ ਸਾਲ ਦਾ ਹੋਣਾ ਚਾਹੀਦਾ ਹੈ।

- ਸਕੂਲ ਪ੍ਰਬੰਧਨ ਕਮੇਟੀ ਵਿੱਚ 75 ਪ੍ਰਤੀਸ਼ਤ ਮੈਂਬਰ ਬੱਚਿਆਂ ਦੇ ਮਾਪਿਆਂ ਵਿੱਚੋਂ ਹੋਣਗੇ।
- 25 ਪ੍ਰਤੀਸ਼ਤ ਮੈਂਬਰ ਇਸ ਪ੍ਰਕਾਰ ਚੁਣੇ ਜਾਣਗੇ:
- ਇਸ ਵਿੱਚੋਂ ਇੱਕ ਤਿਹਾਈ ਮੈਂਬਰ ਸਥਾਨਕ ਅਥਾਰਿਟੀ ਦੇ ਚੁਣੇ ਹੋਏ ਮੈਂਬਰਾਂ ਵਿੱਚੋਂ ਹੋਣਗੇ, ਦੂਜੇ ਇੱਕ ਤਿਹਾਈ ਸਕੂਲ ਵਿੱਚੋਂ ਹੋਣਗੇ ਜਿਸ ਦਾ ਫੈਸਲਾ ਸਕੂਲ ਦੇ ਅਧਿਆਪਕ ਕਰਨਗੇ।
- ਬਾਕੀ ਇੱਕ ਤਿਹਾਈ ਮੈਂਬਰ ਸਥਾਨਕ ਸਿੱਖਿਆ ਸ਼ਾਸਤਰੀ ਅਤੇ ਸਕੂਲਾਂ ਦੇ ਵਿਦਿਆਰਥੀਆਂ ਵਿੱਚੋਂ ਹੋਣਗੇ ਜਿਨ੍ਹਾਂ ਦਾ ਫੈਸਲਾ ਕਮੇਟੀ ਦੇ ਮਾਪੇ ਮੈਂਬਰ ਲੈਣਗੇ।

**ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ**

ਬੱਚਿਆਂ ਦੇ ਕੁਝ ਮਹੱਤਵਪੂਰਨ ਅਧਿਕਾਰ ਜਿਨ੍ਹਾਂ ਦੀ ਸੁਰੱਖਿਆ ਲਾਜ਼ਮੀ ਸਮਝੀ ਜਾਂਦੀ ਹੈ, ਉਹ ਨਿਮਨ ਪ੍ਰਕਾਰ ਹਨ:

- ਜਿਊਣ ਦਾ ਅਧਿਕਾਰ
- ਪਰਿਵਾਰ
- ਪ੍ਰਗਟਾਵੇ ਦਾ ਅਧਿਕਾਰ
- ਸਿਹਤ ਅਤੇ ਵਿਕਾਸ
- ਬਦਸਲੂਕੀ ਅਤੇ ਸ਼ੋਸ਼ਣ ਤੋਂ ਸੁਰੱਖਿਆ
- ਸਿੱਖਿਆ ਲਈ ਸਮਾਨ ਅਵਸਰ
- ਮਾਣ ਅਤੇ ਸਨਮਾਨ ਨਾਲ ਜਿਊਣ ਦਾ ਅਧਿਕਾਰ
- ਗੁਣਵੱਤਾ ਸਿੱਖਿਆ
- ਸੱਭਿਆਚਾਰ ਅਤੇ ਵਿਰਾਸਤ
- ਘੱਟ ਤੋਂ ਘੱਟ ਬੁਨਿਆਦੀ ਸੁਵਿਧਾਵਾਂ ਜਿਵੇਂ ਘਰ, ਪਖਾਨੇ, ਪੀਣ ਦਾ ਪਾਣੀ, ਰੌਸ਼ਨ ਕਲਾਸ ਰੂਮ
- ਕਿਤਾਬਾਂ, ਬਲੈਕਬੋਰਡ, ਸਾਇੰਸ ਪ੍ਰਯੋਗਸ਼ਾਲਾ ਉਪਕਰਨ, ਅਧਿਆਪਕ
- ਮੁਫ਼ਤ ਵਰਦੀ, ਕਿਤਾਬਾਂ, ਮਿਡ-ਡੇ-ਮੀਲ ਦਾ ਹੱਕ
- ਗੁਣਵੱਤਾ ਸਿੱਖਿਆ
- ਮਨੋਰੰਜਨ ਅਤੇ ਮਸਤੀ

ਸਿੱਖਿਆ ਦੇ ਅਧਿਕਾਰ ਕਾਨੂੰਨ ਅਨੁਸਾਰ ਪਹਿਲੇ ਰੂਪ ਵਿੱਚ ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਅਧਿਆਪਕਾਂ, ਮੁੱਖ ਅਧਿਆਪਕ ਅਤੇ ਸਕੂਲ ਪ੍ਰਬੰਧਨ ਕਮੇਟੀ ਦੀ ਹੋਏਗੀ।

Notes

## ਸਕੂਲ ਪ੍ਰਬੰਧਨ ਕਮੇਟੀ ਵੱਲੋਂ ਸਕੂਲ ਵਿਕਾਸ ਯੋਜਨਾ ਦਾ ਨਿਰਮਾਣ

ਸਕੂਲ ਪ੍ਰਬੰਧਨ ਕਮੇਟੀ ਵਿੱਤੀ ਸਾਲ ਦੀ ਸਮਾਪਤੀ ਦੇ ਘੱਟ ਤੋਂ ਘੱਟ ਤਿੰਨ ਮਹੀਨੇ ਪਹਿਲਾਂ ਇੱਕ ਸਕੂਲ ਵਿਕਾਸ ਯੋਜਨਾ ਤਿਆਰ ਕਰੇਗੀ। ਇਹ ਯੋਜਨਾ ਤਿੰਨ ਸਾਲ ਦੇ ਸਮੇਂ ਤੱਕ ਚੱਲੇਗੀ ਅਤੇ ਇਸ ਵਿੱਚ ਤਿੰਨ ਸਾਲਾਨਾ ਉਪ ਯੋਜਨਾਵਾਂ ਹੋਣਗੀਆਂ। ਇਸ ਯੋਜਨਾ ਵਿੱਚ ਨਿਮਨਲਿਖਤ ਸ਼ਾਮਲ ਹੋਏਗਾ: ਹਰੇਕ ਸਾਲ ਲਈ ਕਲਾਸਰੂਪ ਦਾਖਲਾ ਅਨੁਮਾਨ, ਭਰਤੀ ਕੀਤੇ ਜਾਣ ਵਾਲੇ ਵਾਧੂ ਅਧਿਆਪਕਾਂ ਦੀ ਸੰਖਿਆ ਜਿਸ ਵਿੱਚ ਮੁੱਖ ਅਧਿਆਪਕ, ਵਿਸ਼ੇ ਅਨੁਸਾਰ ਅਧਿਆਪਕ ਅਤੇ ਪਾਰਟ ਟਾਈਮ ਅਧਿਆਪਕ ਸ਼ਾਮਲ ਹੋਣਗੇ। ਇਹ ਸਭ ਕਲਾਸ ਅਨੁਸਾਰ ਅਤੇ ਨਿਰਧਾਰਤ ਮਾਪਦੰਡਾਂ ਦੇ ਅਨੁਸਾਰ ਹੋਣਗੇ। ਵਾਧੂ ਅਧਿਕਾਰਤ ਸੁਵਿਧਾਵਾਂ ਅਤੇ ਉਪਕਰਨਾਂ ਦੀ ਲੋੜ ਇਹ ਵੀ ਨਿਰਧਾਰਤ ਮਾਪਦੰਡਾਂ ਦੇ ਅਨੁਸਾਰ ਹੋਣਗੇ। ਤਿੰਨ ਸਾਲ ਲਈ (ਹਰੇਕ ਸਾਲ ਲਈ ਅਲੱਗ) ਪ੍ਰਤੀ ਮਦ ਵਿੱਤੀ ਲੋੜ ਅਤੇ ਅਧਿਆਪਕਾਂ ਨੂੰ ਵਿਸ਼ੇਸ਼ ਸਿਖਲਾਈ ਦੇਣ ਲਈ ਵਿੱਤੀ ਪ੍ਰਾਵਧਾਨ। ਬੱਚਿਆਂ ਲਈ ਮੁਫ਼ਤ ਪੁਸਤਕਾਂ, ਵਰਦੀ ਅਤੇ ਸਟੇਸ਼ਨਰੀ ਆਦਿ ਦੇ ਪ੍ਰਬੰਧ ਲਈ ਵਿੱਤੀ ਪ੍ਰਾਵਧਾਨ।

## ਪ੍ਰਸੰਗਕ ਸਰਕਾਰੀ ਵਿਭਾਗਾਂ ਦੇ ਸੰਦਰਭ ਵਿੱਚ ਸਕੂਲ ਪ੍ਰਬੰਧਨ ਕਮੇਟੀ ਦੀ ਭੂਮਿਕਾ

ਸਿੱਖਿਆ ਦੇ ਅਧਿਕਾਰ ਕਾਨੂੰਨ ਅਨੁਸਾਰ ਇਹ ਲਾਜ਼ਮੀ ਹੈ ਕਿ ਹਰੇਕ ਬੱਚਾ ਨਿਯਮਤ ਰੂਪ ਨਾਲ ਸਕੂਲ ਜਾਏ। ਇਸ ਦਾ ਸਪੱਸ਼ਟ ਉਦੇਸ਼ ਹੈ ਕਿ ਬਾਲ ਮਜ਼ਦੂਰੀ ਦੀ ਜੜ੍ਹ ਨੂੰ ਮਿਟਾ ਦਿੱਤਾ ਜਾਏ।

ਸਿੱਖਿਆ ਦੇ ਅਧਿਕਾਰ ਕਾਨੂੰਨ ਵਿੱਚ ਸਮਾਵੇਸ਼ੀ ਸਿੱਖਿਆ ਇਹ ਮੰਗ ਕਰਦੀ ਹੈ ਕਿ ਸਕੂਲ ਪ੍ਰਬੰਧਨ ਕਮੇਟੀ ਉਨ੍ਹਾਂ ਵਿਭਾਗਾਂ ਅਤੇ ਸੰਗਠਨਾਂ ਨਾਲ ਚੰਗੇ ਸਬੰਧ ਕਾਇਮ ਰੱਖੇ ਜਿਨ੍ਹਾਂ ਦਾ ਸਬੰਧ ਅਨੁਸੂਚਿਤ ਜਾਤੀਆਂ/ਅਨੁਸੂਚਿਤ ਜਨਜਾਤੀਆਂ ਅਤੇ ਸਿੱਖਿਆ ਰੂਪ ਤੋਂ ਪੱਛੜੇ ਵਰਗਾਂ ਨਾਲ ਹੈ ਤਾਂ ਕਿ ਉਨ੍ਹਾਂ ਦੇ ਹੱਕ ਦੀਆਂ ਸੁਵਿਧਾਵਾਂ ਉਨ੍ਹਾਂ ਨੂੰ ਉਪਲੱਬਧ ਕਰਾਈਆਂ ਜਾ ਸਕਣ।

ਸਕੂਲ ਪ੍ਰਬੰਧਨ ਕਮੇਟੀ ਨੂੰ ਉਨ੍ਹਾਂ ਸਰਕਾਰੀ ਵਿਭਾਗਾਂ ਨਾਲ ਵੀ ਕਾਰਜ ਕਰਨਾ ਹੋਏਗਾ ਜਿਨ੍ਹਾਂ ਦਾ ਸਬੰਧ ਅਪਾਹਜ ਬੱਚਿਆਂ ਦੀ ਸਿੱਖਿਆ ਜਾਂ ਉਸ ਨੂੰ ਸੰਚਾਲਿਤ ਕਰਨ ਤੋਂ ਹੈ। ਇਹ ਇਸ ਲਈ ਹੈ ਤਾਂ ਕਿ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਬਰਾਬਰ ਮੌਕੇ ਸੁਨਿਸ਼ਚਤ ਕੀਤੇ ਜਾ ਸਕਣ।

ਇਸ ਪ੍ਰਕਾਰ ਗਰੀਬੀ ਖਾਤਮਾ ਪ੍ਰੋਗਰਾਮਾਂ ਵਿੱਚ ਤੇਜ਼ੀ ਲਿਆਉਣ ਲਈ ਸਕੂਲ ਪ੍ਰਬੰਧਨ ਕਮੇਟੀ ਨੂੰ ਰਾਜ ਦੇ ਗ੍ਰਾਮ ਵਿਕਾਸ ਅਤੇ ਪੰਚਾਇਤੀ ਰਾਜ ਵਿਭਾਗ ਨਾਲ ਕੰਮ ਕਰਨ ਦੀ ਲੋੜ ਹੈ ਤਾਂ ਕਿ ਬੱਚਿਆਂ ਨੂੰ ਘਰੇਲੂ ਕੰਮਕਾਜ ਅਤੇ ਮਜ਼ਦੂਰੀ ਕਰਨ ਦੀ ਜ਼ਿੰਮੇਵਾਰੀ ਤੋਂ ਮੁਕਤੀ ਮਿਲ ਜਾਏ ਅਤੇ ਉਹ ਸਕੂਲ ਜਾਣ ਲੱਗਣ। ਸਕੂਲ ਪ੍ਰਬੰਧਨ ਕਮੇਟੀ ਨੂੰ ਇਹ ਵੀ ਸੁਨਿਸ਼ਚਤ ਕਰਨਾ ਹੈ ਕਿ ਪੰਚਾਇਤੀ ਰਾਜ ਸੰਸਥਾਵਾਂ ਸਿੱਖਿਆ ਦੇ ਅਧਿਕਾਰ ਕਾਨੂੰਨ ਤਹਿਤ ਆਪਣੇ ਕਾਰਜਾਂ ਨੂੰ ਪੂਰਾ ਕਰਨ ਲੱਗ ਜਾਣ।

ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਤਹਿਤ ਸਰੀਰਿਕ ਦੰਡ ਅਤੇ ਦੁਰਾਚਾਰ ਤੋਂ ਸੁਰੱਖਿਆ ਵੀ ਆਉਂਦੀ ਹੈ। ਇਸ ਲਈ ਸਕੂਲ ਪ੍ਰਬੰਧਨ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਬਾਲ ਅਧਿਕਾਰਾਂ ਦੇ ਰਾਸ਼ਟਰੀ/ਰਾਜ ਕਮਿਸ਼ਨ ਨਾਲ ਨਜ਼ਦੀਕੀ ਸੰਪਰਕ ਬਣਾ ਕੇ ਰੱਖਣ ਅਤੇ ਉਸ ਨਾਲ ਸਹਿਯੋਗ ਕਰਨ। ਇਸ ਪ੍ਰਕਾਰ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਨਾਲ ਸਹਿਯੋਗ ਕਰਨ ਅਤੇ ਇਹ ਸੁਨਿਸ਼ਚਤ ਕਰਨ ਕਿ ਬੱਚਿਆਂ ਨੂੰ ਦੁਰਾਚਾਰ ਤੋਂ ਸੁਰੱਖਿਆ ਮਿਲ ਰਹੀ ਹੈ।

Notes

**ਆਪਣੀ ਪ੍ਰਗਤੀ ਨੂੰ ਪਰਖੋ-6**

1. 1. ਸਕੂਲ ਵਿੱਚ ਬਾਲ ਅਧਿਕਾਰਾਂ ਦੀ ਸੁਰੱਖਿਆ ਲਈ ਕੌਣ ਜ਼ਿੰਮੇਵਾਰ ਹੈ ?

____________________________________

____________________________________

____________________________________

2. 2. ਸਿੱਖਿਆ ਦੇ ਅਧਿਕਾਰ ਕਾਨੂੰਨ ਰਾਹੀਂ ਨਿਰਧਾਰਤ ਸਕੂਲ ਪ੍ਰਬੰਧਨ ਕਮੇਟੀ ਦੀ ਸੰਰਚਨਾ ਕੀ ਹੈ ?

____________________________________

____________________________________

____________________________________

3. 3. ਸਕੂਲ ਪ੍ਰਬੰਧਨ ਕਮੇਟੀ ਦੀਆਂ ਜ਼ਿੰਮੇਵਾਰੀਆਂ ਕੀ ਹਨ ?

____________________________________

____________________________________

____________________________________

4. 4. ਵਿਭਿੰਨ ਸਰਕਾਰੀ ਵਿਭਾਗ ਕਿਹੜੇ ਹਨ ਜਿਨ੍ਹਾਂ ਨਾਲ ਸਕੂਲ ਪ੍ਰਬੰਧਨ ਕਮੇਟੀ ਨੂੰ ਬਾਲ ਅਧਿਕਾਰਾਂ ਦੀ ਸੁਰੱਖਿਆ ਲਈ ਕੰਮ ਕਰਨਾ ਹੈ।

____________________________________

____________________________________

____________________________________

## 7.5 ਸਕੂਲ ਪ੍ਰਬੰਧਨ ਬਨਾਮ ਸਿੱਖਿਆ ਦਾ ਅਧਿਕਾਰ ਕਾਨੂੰਨ, 2009

ਸਿੱਖਿਆ ਦਾ ਅਧਿਕਾਰ ਕਾਨੂੰਨ, 2009 ਅਨੁਸਾਰ ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਤਹਿਤ ਸਕੂਲਾਂ ਦੀਆਂ ਕੁਝ ਜ਼ਿੰਮੇਵਾਰੀਆਂ ਹੁੰਦੀਆਂ ਹਨ। ਇੱਕ ਸਰਕਾਰੀ ਸਕੂਲ ਤੋਂ ਇਲਾਵਾ ਹਰੇਕ ਸਕੂਲ ਜਿਸ ਦੀ ਸਥਾਪਨਾ ਇਸ ਕਾਨੂੰਨ ਦੇ ਲਾਗੂ ਹੋਣ ਤੋਂ ਪਹਿਲਾਂ ਹੋਈ ਹੈ, ਕਾਨੂੰਨ ਦੇ ਲਾਗੂ ਹੋਣ ਦੇ ਤਿੰਨ ਮਹੀਨੇ ਦੇ ਅੰਦਰ ਸਬੰਧਿਤ ਜ਼ਿਲ੍ਹਾ ਸਿੱਖਿਆ ਅਧਿਕਾਰੀ ਨੂੰ ਫਾਰਮ ਸੰਖਿਆ 1 'ਤੇ ਨਿਮਨਲਿਖਤ ਮਾਪਦੰਡਾਂ ਅਤੇ ਨਿਯਮਾਂ ਅਤੇ ਸ਼ਰਤਾਂ ਦੇ ਪਾਲਣ ਸਬੰਧੀ ਇਹ ਐਲਾਨ ਕਰੇਗਾ ਕਿ:

(ੳ) ਇਹ ਸਕੂਲ ਇੱਕ ਸੁਸਾਇਟੀ ਰਾਹੀਂ ਚਲਾਇਆ ਜਾ ਰਿਹਾ ਹੈ ਜੋ 'ਸੰਸਥਾਵਾਂ ਦੀ ਰਜਿਸਟ੍ਰੇਸ਼ਨ ਕਾਨੂੰਨ, 1860' ਅਧੀਨ ਕਰਦੀ ਹੈ ਅਤੇ ਇੱਕ ਜਨਤਕ ਟਰੱਸਟ ਰਾਹੀਂ ਚਲਾਇਆ ਜਾ ਰਿਹਾ ਹੈ ਜਿਸ ਦਾ ਗਠਨ ਵਿਭਿੰਨ ਰੂਪ ਵਿੱਚ ਹੋਇਆ ਹੈ।

(ਅ) ਸਕੂਲ ਕਿਸੇ ਵਿਅਕਤੀ, ਵਿਅਕਤੀਆਂ ਦੇ ਸਮੂਹ ਜਾਂ ਸੰਘ, ਜਾਂ ਹੋਰ ਵਿਅਕਤੀਆਂ ਨੂੰ ਲਾਭ ਪਹੁੰਚਾਉਣ ਦੀ ਦ੍ਰਿਸ਼ਟੀ ਨਾਲ ਨਹੀਂ ਚਲਾਇਆ ਜਾ ਰਿਹਾ ਹੈ।

(ੲ) ਇਹ ਸਕੂਲ ਭਾਰਤੀ ਸੰਵਿਧਾਨ ਵਿੱਚ ਮੌਜੂਦ ਕਦਰਾਂ ਕੀਮਤਾਂ ਦੇ ਅਨੁਰੂਪ ਚਲਾਇਆ ਜਾ ਰਿਹਾ ਹੈ।

(ਸ) ਸਕੂਲ ਇਮਾਰਤ ਅਤੇ ਹੋਰ ਢਾਂਚਿਆਂ ਜਾਂ ਮੈਦਾਨਾਂ ਦਾ ਪ੍ਰਯੋਗ ਸਿਰਫ਼ ਸਿੱਖਿਆ ਜਾਂ ਹੁਨਰ ਵਿਕਾਸ ਲਈ ਹੁੰਦਾ ਹੈ,

(ਹ) ਸਕੂਲ ਦਾ ਨਿਰੀਖਣ ਕਿਸੇ ਵੀ ਰਾਜ ਸਰਕਾਰ ਦੇ ਅਧਿਕਾਰਤ ਅਧਿਕਾਰੀ ਜਾਂ ਸਥਾਨਕ ਪ੍ਰਸ਼ਾਸਨ ਅਥਾਰਿਟੀ ਵੱਲੋਂ ਕੀਤਾ ਜਾ ਸਕਦਾ ਹੈ।

(ਕ) ਸਕੂਲ ਕੋਲ ਨਿਯਮਾਂ ਮੁਤਾਬਕ ਲੋੜੀਂਦਾ ਬੁਨਿਆਦੀ ਢਾਂਚਾ ਹੈ।

(ਖ) ਸਕੂਲ ਸਮੇਂ ਸਮੇਂ 'ਤੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਸਬੰਧੀ ਰਿਪੋਰਟ ਦਿੰਦਾ ਰਹਿੰਦਾ ਹੈ ਅਤੇ ਰਾਜ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਵੱਲੋਂ ਚਾਹੇ ਉਨ੍ਹਾਂ ਨਿਰਦੇਸ਼ਾਂ ਦਾ ਪਾਲਣ ਕਰਦਾ ਹੈ ਜੋ ਸਕੂਲ ਮਾਨਤਾ ਦੀਆਂ ਸ਼ਰਤਾਂ ਦੀ ਪੂਰਤੀ ਕਰਦੇ ਹਨ ਜਾਂ ਸਕੂਲ ਦੇ ਸੰਚਾਲਨ ਵਿੱਚ ਆਉਣ ਵਾਲੀਆਂ ਕਮੀਆਂ ਨੂੰ ਦੂਰ ਕਰਦੇ ਹਨ।

ਸਿੱਖਿਆ ਦਾ ਅਧਿਕਾਰ ਕਾਨੂੰਨ 2009 ਦੇ ਡਰਾਫਟ ਮਾਡਲ ਨਿਯਮਾਂ ਦੇ ਭਾਗ 4, ਅਨੁਛੇਦ 7 (1,2,3) ਤਹਿਤ ਜੇਕਰ ਕੋਈ ਸਰਕਾਰੀ, **ਸਰਕਾਰੀ ਸਹਾਇਤਾ ਪ੍ਰਾਪਤ ਜਾਂ ਗੈਰ ਸਹਾਇਤਾ ਪ੍ਰਾਪਤ ਸਕੂਲ ਸਰਕਾਰ ਤੋਂ ਮਾਨਤਾ ਚਾਹੁੰਦਾ ਹੈ ਤਾਂ ਉਸ ਨੂੰ ਸਮਾਜ ਦੇ ਕਮਜ਼ੋਰ ਵਰਗਾਂ ਅਤੇ ਸੁਵਿਧਾ ਵੰਚਿਤ ਸਮੂਹਾਂ ਨਾਲ ਸਬੰਧਿਤ ਬੱਚਿਆਂ ਨੂੰ ਸਕੂਲ ਵਿੱਚ ਦਾਖਲਾ ਦੇਣਾ ਹੋਏਗਾ।** ਜੇਕਰ ਕੋਈ ਵੀ ਸਕੂਲ ਅਜਿਹਾ ਨਹੀਂ ਕਰਦਾ ਹੈ ਤਾਂ ਉਸ ਨੂੰ ਚਿਤਾਵਨੀ ਦਿੱਤੀ ਜਾ ਸਕਦੀ ਹੈ ਅਤੇ ਉਸ ਦੀ ਮਾਨਤਾ ਰੱਦ ਕੀਤੀ ਜਾ ਸਕਦੀ ਹੈ। ਦੂਜੀ ਮਹੱਤਵਪੂਰਨ ਗੱਲ ਇਹ ਹੈ ਕਿ **ਅਜਿਹੇ ਬੱਚਿਆਂ** ਨਾਲ ਅਲੱਗ ਤੋਂ ਵਿਵਹਾਰ ਨਹੀਂ ਕੀਤਾ ਜਾਏਗਾ ਅਤੇ ਉਹ ਕਲਾਸ ਦੇ ਹੋਰ ਬੱਚਿਆਂ ਨਾਲ ਹੀ ਰਹਿਣਗੇ। **ਉਨ੍ਹਾਂ ਨਾਲ ਕਿਸੇ ਵੀ ਪ੍ਰਕਾਰ** ਦਾ ਪੱਖਪਾਤ ਨਹੀਂ ਹੋਏਗਾ ਜਿਵੇਂ ਕਿ **ਸੁਵਿਧਾਵਾਂ ਪ੍ਰਾਪਤ ਕਰਨ ਦਾ ਹੱਕ, ਮੁਫ਼ਤ ਪੁਸਤਕਾਂ, ਵਰਦੀ, ਲਾਇਬ੍ਰੇਰੀ ਅਤੇ ਸੂਚਨਾ ਤਕਨਾਲੋਜੀ ਸਬੰਧੀ ਸੁਵਿਧਾਵਾਂ ਆਦਿ।**

ਕੁਝ ਰਾਜ ਸਰਕਾਰਾਂ/ਸਥਾਨਕ ਪ੍ਰਸ਼ਾਸਨ (ਅਥਾਰਿਟੀ) ਨੇ ਕੁਝ ਵਿਸ਼ੇਸ਼ ਸਮਾਜਿਕ ਵਰਗਾਂ ਦੇ ਵਿਦਿਆਰਥੀਆਂ ਨੂੰ ਹਾਜ਼ਰੀ ਭੱਤਾ ਦੇਣ ਦੀ ਨੀਤੀ ਅਪਣਾਈ ਹੈ। ਇਨ੍ਹਾਂ ਵਰਗਾਂ ਵਿੱਚ ਸੁਵਿਧਾ ਵੰਚਿਤ ਸਮੂਹਾਂ ਦੀਆਂ ਲੜਕੀਆਂ, ਕਮਜ਼ੋਰ ਵਰਗਾਂ ਦੇ ਬੱਚੇ। ਗਰੀਬ ਬੱਚੇ ਆਦਿ ਸ਼ਾਮਲ ਕੀਤੇ ਜਾਂਦੇ ਹਨ। ਸਕੂਲ ਤੋਂ ਇਹ ਵੀ ਉਮੀਦ ਹੈ ਕਿ ਜਿਵੇਂ ਐੱਨਸੀਟੀਆਈ/ਐੱਨਸੀਈਆਰਟੀ ਨੇ ਨਿਰਧਾਰਤ ਕੀਤਾ ਹੈ ਕਿ ਇਹ ਯੋਗਤਾ ਪ੍ਰਾਪਤ, ਸਿੱਖਿਅਤ ਅਧਿਆਪਕਾਂ ਦੀ ਨਿਯੁਕਤੀ ਕਰੇਗਾ। ਜੇਕਰ ਉਹ ਸਿੱਖਿਅਤ ਅਧਿਆਪਕ ਨਿਯੁਕਤ ਨਹੀਂ ਕਰਦਾ ਹੈ ਤਾਂ ਉਸ ਸਕੂਲ ਦੀ ਮਾਨਤਾ ਰੱਦ ਕੀਤੀ ਜਾ ਸਕਦੀ ਹੈ। ਪਰ ਜੇਕਰ ਕਿਸੇ ਰਾਜ ਵਿੱਚ ਢੁਕਵੀਂ ਸੰਖਿਆ ਵਿੱਚ ਅਧਿਆਪਕ ਸਿਖਲਾਈ ਸੰਸਥਾਵਾਂ ਮੌਜੂਦ ਨਹੀਂ ਹਨ ਜਾਂ ਪੂਰੀ ਯੋਗਤਾ ਪ੍ਰਾਪਤ ਇੰਨੇ ਵਿਅਕਤੀ ਉਪਲੱਬਧ ਹੀ ਨਹੀਂ ਹੁੰਦੇ ਹਨ ਜਿੰਨਿਆਂ ਦੀ ਰਾਜ ਦੇ ਸਕੂਲਾਂ ਵਿੱਚ ਲੋੜ ਹੈ ਤਾਂ ਅਜਿਹੀ ਅਵਸਥਾ ਵਿੱਚ ਸਿੱਖਿਆ ਦਾ ਅਧਿਕਾਰ ਕਾਨੂੰਨ ਲਾਗੂ ਹੋਣ ਦੇ ਇੱਕ ਮਹੀਨੇ ਦੇ ਅੰਦਰ ਰਾਜ ਸਰਕਾਰ ਵੱਲੋਂ ਕੇਂਦਰ ਸਰਕਾਰ ਨੂੰ ਇਸ ਦਾ ਇੱਕ ਪ੍ਰਾਰਥਨਾ ਪੱਤਰ ਭੇਜਣਾ ਪਏਗਾ। ਅਜਿਹੀ ਅਵਸਥਾ ਵਿੱਚ ਕੇਂਦਰ ਸਰਕਾਰ ਅਧਿਆਪਕਾਂ ਦੀ ਬੁਨਿਆਦੀ ਯੋਗਤਾ ਵਿੱਚ ਕੁਝ ਸ਼ਰਤਾਂ ਨਾਲ ਛੋਟ ਦੇਣ 'ਤੇ ਵਿਚਾਰ ਕਰ ਸਕਦੀ ਹੈ। ਇਨ੍ਹਾਂ ਸ਼ਰਤਾਂ ਤਹਿਤ ਨਿਯੁਕਤ ਕੀਤੇ ਗਏ ਅਧਿਆਪਕਾਂ ਨੂੰ ਪੰਜ ਸਾਲ ਦੇ ਅੰਦਰ ਸਿੱਖਿਆ ਅਥਾਰਿਟੀ ਵੱਲੋਂ ਨਿਰਧਾਰਤ ਘੱਟ ਤੋਂ ਘੱਟ ਯੋਗਤਾਵਾਂ ਪ੍ਰਾਪਤ ਕਰਨੀਆਂ ਪੈਣਗੀਆਂ। ਇਹ ਸ਼ਰਤਾਂ ਉਨ੍ਹਾਂ ਅਧਿਆਪਕਾਂ 'ਤੇ ਵੀ ਲਾਗੂ ਹੋਣਗੀਆਂ ਜੋ ਸਿੱਖਿਆ ਦਾ ਅਧਿਕਾਰ ਕਾਨੂੰਨ ਦੇ ਲਾਗੂ ਹੋਣ ਦੇ ਸਮੇਂ ਘੱਟ ਤੋਂ ਘੱਟ ਨਿਰਧਾਰਤ ਯੋਗਤਾਵਾਂ ਨੂੰ ਪੂਰਾ ਨਹੀਂ ਕਰਦੇ।

Notes

Notes

**ਆਪਣੀ ਪ੍ਰਗਤੀ ਨੂੰ ਪਰਖੋ-7**

1. 1. ਸਿੱਖਿਆ ਦਾ ਅਧਿਕਾਰ ਕਾਨੂੰਨ ਤਹਿਤ ਕਿਸੇ ਨਿੱਜੀ ਸਹਾਇਤਾ ਪ੍ਰਾਪਤ ਸਕੂਲ ਨੂੰ ਮਾਨਤਾ ਪ੍ਰਦਾਨ ਕਰਨ ਲਈ ਕੀ ਸ਼ਰਤਾਂ ਹਨ ?

———————————————————————————

———————————————————————————

———————————————————————————

2. 2. ਕਿਸੇ ਨਿੱਜੀ ਸਕੂਲ ਤੋਂ ਇਹ ਉਮੀਦ ਕਿਉਂ ਹੈ ਕਿ ਇਹ ਸੁਵਿਧਾ ਵੰਚਿਤ ਵਿਦਿਆਰਥੀਆਂ ਨੂੰ ਦਾਖਲ ਕਰੇ ?

———————————————————————————

———————————————————————————

———————————————————————————

3. 3. ਕੀ ਕੋਈ ਸਕੂਲ ਕਿਸੇ ਵਿਦਿਆਰਥੀ ਨੂੰ ਦਾਖਲਾ ਦੇਣ ਤੋਂ ਮਨ੍ਹਾਂ ਕਰ ਸਕਦਾ ਹੈ ?

———————————————————————————

———————————————————————————

———————————————————————————

4. 4. ਕਿਸੇ ਸਕੂਲ ਵਿੱਚ ਸਿੱਖਿਅਤ/ਯੋਗਤਾ ਪ੍ਰਾਪਤ ਅਧਿਆਪਕ ਹੀ ਕਿਉਂ ਨਿਯੁਕਤ ਕੀਤੇ ਜਾਣ ?

———————————————————————————

———————————————————————————

———————————————————————————

## 7.6 ਪ੍ਰਭਾਵੀ ਪ੍ਰਬੰਧਨ ਅਤੇ ਸਮਰੱਥਾ ਨਿਰਮਾਣ ਲਈ ਨੈੱਟਵਰਕਿੰਗ

ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂਐੱਨਡੀਪੀ) ਤਹਿਤ 'ਸਮਰੱਥਾ' ਨੂੰ ਇਸ ਪ੍ਰਕਾਰ ਪਰਿਭਾਸ਼ਿਤ ਕੀਤਾ ਗਿਆ ਹੈ, 'ਵਿਅਕਤੀਆਂ, ਸੰਸਥਾਵਾਂ ਅਤੇ ਸੁਸਾਇਟੀਆਂ ਦੀ ਕਾਰਗੁਜ਼ਾਰੀ, ਸਮੱਸਿਆਵਾਂ ਹੱਲ ਕਰਨ ਅਤੇ ਸਥਾਈ ਰੂਪ ਵਿੱਚ ਉਦੇਸ਼ਾਂ ਨੂੰ ਨਿਰਧਾਰਤ ਕਰਨ ਅਤੇ ਪ੍ਰਾਪਤ ਕਰਨ ਦੀ ਸਮਰੱਥਾ। 'ਸਮਰੱਥਾ ਨਿਰਮਾਣ' ਜਾਂ 'ਸਮਰੱਥਾ ਵਿਕਾਸ' ਸ਼ਬਦਾਂ ਦਾ ਉਪਯੋਗ ਮਨੁੱਖੀ ਅਤੇ ਸੰਸਥਾਗਤ ਸਮਰੱਥਾ ਸਥਾਪਿਤ ਕਰਨ ਦੇ ਕੰਮ ਲਈ ਕੀਤਾ ਜਾਂਦਾ ਹੈ।



**ਆਈਐੱਨਟੀਆਰਏਸੀ ਸਿਖਲਾਈ, ਅੰਤਰਰਾਸ਼ਟਰੀ ਐੱਨਜੀਓ ਸਿਖਲਾਈ ਅਤੇ ਖੋਜ ਕੇਂਦਰ**

ਸਮਰੱਥਾ ਨਿਰਮਾਣ ਦੀ ਢੁਕਵੀਂ ਉਦਾਹਰਨ ਜੋ ਵਿਸ਼ੇਸ਼ ਤੌਰ 'ਤੇ ਵਿਕਾਸਸ਼ੀਲ ਦੇਸ਼ਾਂ ਲਈ ਪ੍ਰਸੰਗਿਕ ਹੈ ਉਹ ਹੈ ਪਾਣੀ, ਖੇਤੀ, ਪੋਸ਼ਣ, ਸਿਹਤ ਆਦਿ ਖੇਤਰਾਂ ਵਿੱਚ ਕਾਰਜਸ਼ੀਲ ਸਮੁਦਾਏ ਦੇ ਕਾਰਜਕਰਤਾਵਾਂ ਨੂੰ ਸਿਖਲਾਈ ਦੇਣਾ।

ਸਥਾਨਕ ਸੰਗਠਨ ਜਿਵੇਂ ਵਿਅਕਤੀਗਤ ਸੰਗਠਨ ਸਮਰੱਥਾ ਨਿਰਮਾਣ ਪ੍ਰੋਗਰਾਮਾਂ ਦੇ ਮਹੱਤਵਪੂਰਨ ਪਰਦਾਤਾਂ ਹਨ ਜਦੋਂਕਿ ਖੁਦ ਅਕਸਰ ਆਪਣੇ ਮਿਸ਼ਨ ਨੂੰ ਬਣਾ ਕੇ ਰੱਖਣ ਦੀ ਸਮਰੱਥਾ ਦੀ ਘਾਟ ਹੁੰਦੀ ਹੈ। ਅੰਦਰੂਨੀ ਪ੍ਰਬੰਧਨ ਢਾਂਚੇ ਵਿੱਚ ਸੁਧਾਰ, ਜਾਣਕਾਰੀ ਅਤੇ ਤਕਨਾਲੋਜੀ ਤੱਕ ਪਹੁੰਚ ਅਤੇ ਨੈੱਟਵਰਕਿੰਗ ਸੰਸਥਾਗਤ ਸਮਰੱਥਾ ਨਿਰਮਾਣ ਦੇ ਅਟੁੱਟ ਅੰਗ ਹਨ।

Notes

### 7.6.1 ਐਲੀਮੈਂਟਰੀ ਸਿੱਖਿਆ ਦੇ ਸਰਬਵਿਆਪੀਕਰਨ ਦੇ ਪ੍ਰਬੰਧਨ ਲਈ ਸੂਚਨਾ ਅਤੇ ਸੰਚਾਰ ਤਕਨਾਲੋਜੀ

ਸੂਚਨਾ ਅਤੇ ਸੰਚਾਰ ਤਕਨਾਲੋਜੀ (ਆਈ.ਸੀ.ਟੀ.) ਉਹ ਤਕਨਾਲੋਜੀਆਂ ਹਨ ਜਿਨ੍ਹਾਂ ਦਾ ਪ੍ਰਯੋਗ ਯੂਈਈ ਦੀ ਪ੍ਰਭਾਵੀ ਡਲਿਵਰੀ ਲਈ ਸੂਚਨਾਵਾਂ ਸਿਰਜਣ ਅਤੇ ਉਤਪੰਨ ਕਰਨ, ਸੰਭਾਲਣ, ਪ੍ਰਬੰਧ ਅਤੇ ਵੰਡਣ ਲਈ ਉਪਯੋਗ ਕੀਤਾ ਜਾਂਦਾ ਹੈ। ਸਕੂਲ ਨੈੱਟ ਲਈ ਉਪਭੋਗਤਾਵਾਂ ਦੀਆਂ ਸੂਚਨਾਵਾਂ ਨੂੰ ਆਨਲਾਈਨ ਸੰਚਾਰ, ਸਹਿਯੋਗ ਅਤੇ ਆਦਾਨ ਪ੍ਰਦਾਨ ਕਰਨ ਦੀ ਯੋਗਤਾ ਵਿਸ਼ੇਸ਼ ਰੂਪ ਨਾਲ ਮਹੱਤਵਪੂਰਨ ਹੈ। ਇਸ ਸੰਦਰਭ ਵਿੱਚ ਸੂਚਨਾ ਅਤੇ ਸੰਚਾਰ ਤਕਨਾਲੋਜੀ (ਆਈਸੀਟੀ) ਦਾ ਸੰਕੇਤ ਕੰਪਿਊਟਰ, ਕੰਪਿਊਟਰ ਨੈੱਟਵਰਕਿੰਗ, ਇੰਟਰਨੈੱਟ, ਟੈਲੀਫੋਨ, ਟੈਲੀਵਿਜ਼ਨ, ਰੇਡਿਓ ਅਤੇ ਆਡਿਓ ਵੀਡਿਓ ਉਪਕਰਨਾਂ ਅਤੇ ਹੋਰ ਅਜਿਹੇ ਉਪਕਰਨ ਜਿਨ੍ਹਾਂ ਦਾ ਪ੍ਰਯੋਗ ਨੈੱਟਵਰਗ ਜਾਂ ਇੰਟਰਨੈੱਟ ਪਹੁੰਚ ਡਿਵਾਇਸਾਂ ਦੇ ਰੂਪ ਵਿੱਚ ਹੁੰਦਾ ਹੈ, ਦੀ ਤਰਫ਼ ਹੈ। ਇਹ ਵਿਅਕਤੀ (ਵਿਦਿਆਰਥੀ) ਜਿਨ੍ਹਾਂ ਦੀ ਪਹੁੰਚ ਆਸਾਨੀ ਨਾਲ ਸੂਚਨਾ ਅਤੇ ਸੰਚਾਰ ਤਕਨਾਲੋਜੀ ਤੱਕ ਹੈ ਵਿਭਿੰਨ ਗਤੀਵਿਧੀਆਂ ਵਿੱਚ ਸੰਪੂਰਨ ਰੂਪ ਨਾਲ ਸ਼ਾਮਲ ਹੋ ਸਕਦੇ ਹਨ ਅਤੇ ਸੰਚਾਰ ਤਕਨਾਲੋਜੀ (ਆਈ.ਸੀ.ਟੀ.) ਸਬੰਧੀ ਢਾਂਚਾ ਅਤੇ ਉਪਕਰਨਾਂ ਦੀ ਉਪਲੱਬਧਤਾ ਹੁੰਦੇ ਹੋਏ ਵੀ ਬਹੁਤ ਸਾਰੇ ਵਿਅਕਤੀਆਂ ਦੀ ਪਹੁੰਚ ਇਨ੍ਹਾਂ ਤੱਕ ਨਹੀਂ ਹੁੰਦੀ। ਇਸ ਲਈ ਉਹ ਇਨ੍ਹਾਂ ਦਾ ਉਪਯੋਗ ਨਹੀਂ ਕਰ ਪਾਉਂਦੇ। ਸੂਚਨਾ ਅਤੇ ਸੰਚਾਰ ਤਕਨਾਲੋਜੀ (ਆਈ.ਸੀ.ਟੀ.) ਪ੍ਰਤੀ ਵਿਭਿੰਨ ਪਹੁੰਚ ਨੂੰ 'ਡਿਜੀਟਲ ਡਿਵਾਇਸ' ਦਾ ਨਾਂ ਦਿੱਤਾ ਜਾਂਦਾ ਹੈ।

ਸੂਚਨਾ ਅਤੇ ਸੰਚਾਰ ਤਕਨਾਲੋਜੀ (ਆਈ.ਸੀ.ਟੀ.) ਉਪਭੋਗ ਦੇ ਤਿੰਨ ਚਾਲਕ ਹਨ, ਭਾਸ਼ਾ ( ਉਸ ਭਾਸ਼ਾ ਦੇ ਉਪਯੋਗ ਦੀ ਯੋਗਤਾ ਜੋ ਵਿਆਪਕ ਰੂਪ ਨਾਲ ਇੰਟਰਨੈੱਟ 'ਤੇ ਪ੍ਰਯੋਗ ਹੁੰਦੀ ਹੈ), ਸਾਖਰਤਾ (ਵਿਸ਼ੇਸ਼ ਰੂਪ ਨਾਲ ਅਧਿਆਪਨ ਦੀ ਸੰਸਕ੍ਰਿਤੀ) ਅਤੇ ਸਿਖਲਾਈ ( ਸਿੱਖਿਆ ਉਪਲੱਬਧੀ ਦਾ ਪੱਧਰ)। ਗਿਆਨ ਸਮਾਜ, ਆਰਥਿਕ ਵਿਕਾਸ ਅਤੇ ਸੰਪਨਤਾ ਦੇ ਸਿਰਜਣ

Notes

ਲਈ ਸਿੱਖਿਆ ਇੱਕ ਅਤਿਅੰਤ ਮਹੱਤਵਪੂਰਨ ਹਿੱਸਾ ਹੈ। ਸਿੱਖਿਆ ਕੇਵਲ ਉਹ ਸਾਧਨ ਹੀ ਨਹੀਂ ਹੈ ਜਿਸ ਰਾਹੀਂ ਵਿਅਕਤੀ ਸਮਾਜ ਅਤੇ ਅਰਥਵਿਵਸਥਾ ਵਿੱਚ ਕੁਸ਼ਲ ਭਾਗੀਦਾਰ ਬਣਦੇ ਹਨ, ਸੂਚਨਾ ਅਤੇ ਸੰਚਾਰ ਤਕਨਾਲੋਜੀ (ਆਈ.ਸੀ.ਟੀ.) ਉਪਯੋਗ ਦੇ ਪ੍ਰਸਾਰ ਵਿੱਚ ਵੀ ਇਹ ਇੱਕ ਮੁੱਖ ਚਾਲਕ ਹੈ। ਸੂਚਨਾ ਅਤੇ ਸੰਚਾਰ ਤਕਨਾਲੋਜੀ (ਆਈ.ਸੀ.ਟੀ.) ਦਾ ਵਿਕਾਸ ਇੱਕ ਅਜਿਹੇ ਵਾਤਾਵਰਣ ਦੀ ਰਚਨਾ ਕਰੇਗਾ ਜਿਸ ਵਿੱਚ ਵਿਅਕਤੀ ਗਿਆਨ ਵਿੱਚ ਸਾਂਝੇਦਾਰੀ ਕਰੇਗਾ ਅਤੇ ਜਿਵੇਂ ਜਿਵੇਂ ਇਸ ਗਿਆਨ ਦੀ ਵੰਡ ਹੋਏਗੀ (ਮਤਲਬ ਇਹ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਪ੍ਰਾਪਤ ਹੋਏਗਾ), ਜ਼ਿਆਦਾ ਗਿਆਨ ਦੀ ਸਿਰਜਣਾ ਹੋਏਗੀ।

ਸੂਚਨਾ ਅਤੇ ਸੰਚਾਰ ਤਕਨਾਲੋਜੀ (ਆਈ.ਸੀ.ਟੀ.) ਦਾ ਉਪਯੋਗ ਸਿੱਖਿਆ ਨਾਲ ਸਬੰਧਿਤ ਬਹੁਤ ਸਾਰੀਆਂ ਸਮੱਸਿਆਵਾਂ ਦੇ ਸਮਾਧਾਨ ਵਿੱਚ ਸਹਾਇਕ ਹੋ ਸਕਦਾ ਹੈ ਜਿਵੇਂ ਇਸ ਦਾ ਉਪਯੋਗ ਪ੍ਰਸ਼ਾਸਨਿਕ ਅਤੇ ਅਧਿਆਪਨ ਕੁਸ਼ਲਤਾ ਨੂੰ ਵਧਾਉਣ ਵਿੱਚ, ਵਿਸ਼ੇਸ਼ ਖੇਤਰਾਂ (ਪਾਠ ਪੁਸਤਕਾਂ ਅਤੇ ਅਧਿਆਪਕਾਂ ਅਤੇ ਉਨ੍ਹਾਂ ਦੀ ਸਹਾਇਤਾ ਸਮੱਗਰੀ) ਵਿੱਚ ਸਰੋਤ ਵਿਕਾਸ ਵਿੱਚ, ਇਕੁਇਟੀ ਸਬੰਧੀ ਸਮੱਸਿਆਵਾਂ ਦਾ ਨਿਪਟਾਰਾ ਕਰਨ ਵਿੱਚ ਅਤੇ ਅਜਿਹੇ ਅਧਿਆਪਕਾਂ ਦੀ ਸਹਾਇਤਾ ਕਰਨ ਵਿੱਚ ਜੋ ਕੁਝ ਨਵੀਆਂ ਅਧਿਆਪਨ ਸਬੰਧੀ ਚੁਣੌਤੀਆਂ ਦਾ ਸਾਹਮਣਾ ਕਰਨ ਵਿੱਚ ਭਲੀ ਭਾਂਤ ਸੁਸੱਜਿਤ ਨਹੀਂ ਹੈ, ਕੀਤਾ ਜਾ ਸਕਦਾ ਹੈ।

### 7.6.2 ਸਕੂਲ ਨੈੱਟ ਕੀ ਹੈ ?

ਸਕੂਲ ਨੈੱਟ ਸਕੂਲ ਨੂੰ ਇੰਟਰਨੈੱਟ ਨਾਲ ਜੋੜ ਕੇ ਐਲੀਮੈਂਟਰੀ ਸਿੱਖਿਆ ਲਈ ਇੱਕ ਸੂਚਨਾ ਪ੍ਰਬੰਧਨ ਪ੍ਰਣਾਲੀ ਨੂੰ ਪ੍ਰੋਤਸਾਹਨ ਦਿੰਦਾ ਹੈ ਜਿਸਦੇ ਜ਼ਰੀਏ ਵਿਭਿੰਨ ਵਿਦਿਆਰਥੀ, ਅਧਿਆਪਕ, ਸਕੂਲ, ਪ੍ਰਸ਼ਾਸਨਿਕ ਏਜੰਸੀਆਂ, ਮਾਪੇ ਅਤੇ ਆਮ ਲੋਕ ਪਰਸਪਰ ਜੁੜ ਜਾਂਦੇ ਹਨ ਅਤੇ ਸੂਚਨਾ ਅਤੇ ਸਰੋਤਾਂ ਦਾ ਆਪਸ ਵਿੱਚ ਆਦਾਨ ਪ੍ਰਦਾਨ ਕਰਦੇ ਹਨ। ਇਸ ਪ੍ਰਕਾਰ ਇਹ ਨੈੱਟਵਰਕ ਨਾਲ ਜੁੜੀਆਂ ਸਿੱਖਿਆ ਸੰਸਥਾਵਾਂ ਦੇ ਕੁਸ਼ਲ ਅਤੇ ਪ੍ਰਭਾਵੀ ਪ੍ਰਬੰਧਨ ਨੂੰ ਸਹਾਰਾ ਦਿੰਦਾ ਹੈ। ਸੰਖੇਪ ਰੂਪ ਵਿੱਚ ਕਹੀਏ ਤਾਂ ਸਕੂਲ ਨੈੱਟ ਸਿੱਖਿਆ ਅਥਾਰਿਟੀ, ਸਕੂਲਾਂ, ਅਧਿਆਪਕਾਂ, ਮਾਪਿਆਂ, ਸਮੁਦਾਏ ਅਤੇ ਵਿਸਥਾਰਤ ਸਿੱਖਿਆ ਸਰੋਤਾਂ ਦਾ ਨੈੱਟਵਰਕ ਹੈ। ਇਹ ਸ਼ਬਦ **ਸਕੂਲ ਨੈੱਟ ਅੰਤਰਰਾਸ਼ਟਰੀ ਪੱਧਰ 'ਤੇ ਸਵੀਕਾਰਤ ਆਮ ਨਾਂ ਹੈ ਜਿਸਦਾ ਸਬੰਧ ਸਕੂਲ ਸਿੱਖਿਆ ਪ੍ਰਸ਼ਾਸਨ ਤੰਤਰ ਦਾ ਸੂਚਨਾ ਅਤੇ ਸੰਚਾਰ ਤਕਨਾਲੋਜੀ ਆਧਾਰਿਤ ਈ-ਪ੍ਰਬੰਧਨ ਹੈ ਜੋ ਸੰਗਠਨਾਤਮਕ ਰੂਪ ਨਾਲ ਕਾਫ਼ੀ ਰੂਪਾਂ ਵਿੱਚ ਪਾਏ ਜਾਂਦੇ ਹਨ।** ਇੱਕ ਸਕੂਲ ਨੈੱਟ ਕਿਸੇ ਸਰਕਾਰੀ ਵਿਭਾਗ ਵਿੱਚ ਸਥਾਪਿਤ ਪ੍ਰੋਗਰਾਮ ਹੋ ਸਕਦਾ ਹੈ, ਇਹ ਇੱਕ ਗੈਰ ਸਰਕਾਰੀ ਸੰਗਠਨ, ਕਿਸੇ ਨਿੱਜੀ ਕੰਪਨੀ ਜਾਂ ਇੱਕ ਸਕੂਲ ਵਿੱਚ ਵੀ ਸਥਾਪਿਤ ਹੋ ਸਕਦਾ ਹੈ। ਇਹ ਸਾਰੇ ਹਿੱਤਧਾਰਕਾਂ ਨੂੰ ਦੁਨੀਆਂ ਦੇ ਕਿਸੇ ਕੋਨੇ ਨਾਲ ਯੂ.ਈ.ਈ. ਦੇ ਵਿਸ਼ੇ ਵਿੱਚ ਸੂਚਨਾ ਪ੍ਰਾਪਤ ਕਰਨ ਵਿੱਚ ਸਮਰੱਥ ਬਣਾਉਂਦਾ ਹੈ। ਦੂਜੇ ਸ਼ਬਦਾਂ ਵਿੱਚ ਸਕੂਲ ਨੈੱਟ ਨੂੰ ਇੱਕ ਰਾਸ਼ਟਰੀ/ਰਾਜ ਪੱਧਰੀ ਪ੍ਰੋਗਰਾਮ ਦੇ ਰੂਪ ਵਿੱਚ ਸਮਝਿਆ ਜਾ ਸਕਦਾ ਹੈ ਜਿਸ ਦਾ ਉਦੇਸ਼ ਸਕੂਲ ਵਿੱਚ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੇ ਉਪਯੋਗ ਨੂੰ ਵਿਕਸਤ ਅਤੇ ਸਮਰਥਿਤ ਕਰਨਾ ਹੈ।

ਸਕੂਲ ਨੈੱਟ ਸਿੱਖਿਆ ਸੰਸਥਾਵਾਂ ਨੂੰ ਇਕੱਠੇ ਕਰਦੇ ਹਨ ਅਤੇ ਸਿੱਖਿਆ ਸੂਚਨਾ ਤੰਤਰ ਦੇ ਪ੍ਰਬੰਧਨ ਦੀ ਨੀਂਹ ਰੱਖਦਾ ਹੈ ਅਤੇ ਪ੍ਰਭਾਵੀ ਸਿੱਖਿਆ ਸੇਵਾਵਾਂ ਪ੍ਰਦਾਨ ਕਰਨ ਲਈ ਇੱਕ ਡਾਟਾਬੇਸ ਤਿਆਰ ਕਰਦੇ ਹਨ। ਜੇਕਰ ਸੂਚਨਾ ਅਤੇ ਸੰਚਾਰ ਤਕਨਾਲੋਜੀ ਦਾ ਪ੍ਰਯੋਗ ਐਲੀਮੈਂਟਰੀ ਸਿੱਖਿਆ ਦੇਣ ਵਿੱਚ ਪ੍ਰਭਾਵੀ ਰੂਪ ਨਾਲ ਕਰਨਾ ਹੈ ਤਾਂ ਵਿਭਿੰਨ ਸਰਕਾਰੀ ਵਿਭਾਗਾਂ ਦੇ ਵਿਚਕਾਰ ਸਹਿਯੋਗ ਨੂੰ ਸੁਚਾਰੂ ਬਣਾਉਣ ਲਈ ਰਾਸ਼ਟਰੀ ਸਹਾਇਤਾ ਦੀ ਲੋੜ ਪਏਗੀ।

### 7.6.3 ਸਕੂਲ ਨੈੱਟ ਦੇ ਕਾਰਜ ਅਤੇ ਸੇਵਾਵਾਂ

ਸਕੂਲ ਨੈੱਟ ਵੱਲੋਂ ਦਿੱਤੇ ਜਾਣ ਵਾਲੇ ਕੁਝ ਕਾਰਜ, ਗਤੀਵਿਧੀਆਂ ਅਤੇ ਸੇਵਾਵਾਂ ਨਿਮਨਲਿਖਤ ਹਨ:

**ਤਕਨਾਲੋਜੀ ਸੇਵਾਵਾਂ**

• ਕੁਨੈਕਟੀਵਿਟੀ ਸੇਵਾਵਾਂ ਸਕੂਲ ਲਈ, ਸਰਕਾਰੀ ਅਧਿਕਾਰੀਆਂ ਲਈ ਅਤੇ ਆਮ ਲੋਕਾਂ ਲਈ ਇੰਟਰਨੈੱਟ ਸਰਵਿਸ ਪ੍ਰੋਵਾਈਡਰ (ਆਈਐੱਸਪੀ) ਦਾ ਕਾਰਜ ਕਰਦੇ ਹਨ ਅਤੇ ਵਿਭਿੰਨ ਸੰਗਠਨਾਂ ਵਿੱਚ ਸਾਂਝੇਦਾਰੀ ਸੁਚਾਰੂ ਬਣਾਉਂਦੇ ਹਨ।

• ਸਕੂਲਾਂ ਨੂੰ ਢੁਕਵੇਂ ਉਪਕਰਨ ਦੀ ਸਪਲਾਈ ਕਰਨੀ

• ਸਕੂਲਾਂ ਵਿੱਚ ਸਿੱਖਿਆ ਪ੍ਰਦਾਨ ਕਰਨ ਸੰਬਧੀ ਪ੍ਰਬੰਧਨ ਲਈ ਢੁਕਵੇਂ ਸਾਫਟਵੇਅਰ ਸੌਲਿਊਸ਼ਨ ਵਿਕਸਤ ਕਰਨੇ।

**ਵਿਸ਼ਾ ਵਸਤੂ ਸਬੰਧੀ ਸੇਵਾਵਾਂ**

• ਅਧਿਆਪਕਾਂ ਅਤੇ ਸਿਖਿਲਾਰਥੀਆਂ ਨੂੰ ਢੁਕਵਾਂ ਇੰਟਰਨੈੱਟ ਵਿਸ਼ਾ ਵਸਤੂ ਦੇ ਨਿਰਦੇਸ਼ ਕਰਨ ਲਈ ਪੋਰਟਲ ਸਾਇਟਸ।

• ਸਥਾਨਕ ਪੱਧਰ ’ਤੇ ਵਿਕਸਤ ਆਨਲਾਈਨ ਸਮੱਗਰੀ

• ਪੇਸ਼ੇਵਰ ਪੱਧਰ (ਸਮੱਗਰੀ ਮਾਹਿਰਾਂ ਵੱਲੋਂ ਵਿਕਸਤ) ਜਾਂ ਜ਼ਮੀਨੀ ਪੱਧਰ (ਅਭਿਆਸੀ ਅਧਿਆਪਕਾਂ ਵੱਲੋਂ ਯੋਗਦਾਨ ਪਾਇਆ ਗਿਆ।)

**ਸਹਿਯੋਗਾਤਮਕ ਪ੍ਰਾਜੈਕਟ**

• ਆਨਲਾਈਨ ਪ੍ਰਾਜੈਕਟਾਂ ਵਿੱਚ ਵਿਭਿੰਨ ਸਰੋਤ ਕੇਂਦਰਾਂ ਦੇ ਸ਼ਾਮਲ ਹੋਣ ਅਤੇ ਸਹਿਯੋਗ ਵਿੱਚ ਸੁਵਿਧਾ ਦੇਣਾ।

• ਦੇਸ਼ ਪੱਧਰ ’ਤੇ ਸਹਿਯੋਗਾਤਮਕ ਪ੍ਰਾਜੈਕਟਾਂ ਦਾ ਕਲਪਨਾ ਅਤੇ ਸੰਚਾਲਨ

**ਪੇਸ਼ੇਵਰ ਵਿਕਾਸ**

• ਅਧਿਆਪਨ ਅਤੇ ਸਿਖਲਾਈ ਵਿੱਚ ਸੂਚਨਾ ਅਤੇ ਸੰਚਾਰ ਤਕਨਾਲੋਜੀ ਦਾ ਪ੍ਰਯੋਗ ਕਰਦੇ ਹੋਏ ਸੂਚਨਾ ਅਤੇ ਸੰਚਾਰ ਤਕਨਾਲੋਜੀ ਹੁਨਰਾਂ ’ਤੇ ਅਧਿਆਪਕਾਂ ਦੀ ਸੇਵਾਕਾਲੀਨ ਸਿਖਲਾਈ।

**ਪ੍ਰਯੋਗੀਕਰਨ, ਨਵੀਨਤਾ ਅਤੇ ਸਮਰਥਨ**

• ਵਿਭਿੰਨ ਵਾਤਾਵਰਣਾਂ ਅਤੇ ਪਰਿਸਥਿਤੀਆਂ ’ਤੇ ਪ੍ਰਾਇਲਟ ਪ੍ਰਾਜੈਕਟ।

• ਅਧਿਆਪਨ ਸਬੰਧੀ ਸਰਵਉੱਚ ਵਿਧੀਆਂ ਨੂੰ ਵਿਕਸਤ ਕਰਨਾ ਅਤੇ ਪ੍ਰਚਾਰ ਪ੍ਰਸਾਰ ਕਰਨਾ

• ਸਿੱਖਿਆ ਤਕਨਾਲੋਜੀ ਦੇ ਪ੍ਰਯੋਗ ਵਿੱਚ ਨਵੀਨਤਾ ਨੂੰ ਪ੍ਰੋਤਸਾਹਨ ਦੇਣਾ ਅਤੇ ਸਮਰਥਨ ਕਰਨਾ।

**ਸਕੂਲ ਅਤੇ ਸਰੋਤਾਂ ਦਾ ਪ੍ਰਬੰਧਨ**

• ਫੈਸਲਾਕੁੰਨ ਪ੍ਰਕਿਰਿਆ ਲਈ ਸੂਚਨਾ ਪ੍ਰਦਾਨ ਕਰਨਾ

• ਨੀਤੀ ਨਿਰਧਾਰਣ ਲਈ ਸੂਚਨਾ ਪ੍ਰਦਾਨ ਕਰਨਾ

### 7.6.4 ਸਕੂਲ ਨੈੱਟ: ਇੱਕ ਸਿੱਖਿਆ ਪ੍ਰਬੰਧਨ ਪ੍ਰਣਾਲੀ ਦੇ ਰੂਪ ਵਿੱਚ

ਸੂਚਨਾ ਅਤੇ ਸੰਚਾਰ ਤਕਨਾਲੋਜੀ ਸਕੂਲਾਂ ਦੀ ਕੁਸ਼ਲਤਾ ਅਤੇ ਹੋਰ ਸਕੂਲਾਂ ਤੋਂ ਡਾਟਾ ਸੰਚਾਲਨ ਦੀ ਗਤੀ ਵਿੱਚ ਮਹੱਤਵਪੂਰਨ ਸੁਧਾਰ ਲਿਆ ਸਕਦੀ ਹੈ ਅਤੇ ਪ੍ਰਸ਼ਾਸਨੀ ਕਾਰਜਾਂ ਵਿੱਚ ਲਗਾਈ ਗਈ ਮਿਹਨਤ ਨੂੰ ਘੱਟ ਕਰ ਸਕਦੀ ਹੈ। ਅਜਿਹੇ ਬਹੁਤ ਸਾਰੇ ਸੂਚਨਾ ਅਤੇ ਸੰਚਾਰ ਤਕਨਾਲੋਜੀ ਉਪਕਰਨ

Notes

Notes

ਅਤੇ ਪ੍ਰਣਾਲੀਆਂ ਹਨ ਜੋ ਪ੍ਰਸ਼ਾਸਨਿਕ ਕਾਰਜ ਜਾਂ ਉਪਰਾਲਿਆਂ ਨੂੰ ਘੱਟ ਕਰਨ ਜਾਂ ਸੂਚਨਾ ਪ੍ਰਤੀ ਹੋਰ ਜ਼ਿਆਦਾ ਸਿਖਲਾਈ ਪ੍ਰਦਾਨ ਕਰਨ ਲਈ ਉਨ੍ਹਾਂ ਦਾ ਪ੍ਰਤੱਖ ਮਹੱਤਵ ਹੈ।

ਜਦੋਂ ਸਕੂਲ ਦਾਖਲੇ ਵਿੱਚ ਸਕੂਲਨੈੱਟ ਆ ਜਾਂਦਾ ਹੈ ਤਾਂ ਉਸ ਪਰਿਵੇਸ਼ ਵਿੱਚ ਬਹੁਤ ਸਾਰੀਆਂ ਚੀਜ਼ਾਂ ਤਬਦੀਲ ਹੋ ਜਾਣਗੀਆਂ। ਸੂਚਨਾ ਅਤੇ ਸੰਚਾਰ ਤਕਨਾਲੋਜੀ ਕੁਸ਼ਲ ਤਹਿਤ ਬਹੁਤ ਸਾਰੇ ਪ੍ਰਕਾਰ ਦੇ ਹੁਨਰ ਆਉਂਦੇ ਹਨ ਜਿਵੇਂ ਈ-ਮੇਲ ਭੇਜਣਾਂ, ਉੱਚ ਪੱਧਰੀ ਹੁਨਰ, ਜਿਵੇਂ ਵਿਭਿੰਨ ਪ੍ਰਕਾਰ ਦੇ ਸਰੋਤਾਂ ਨਾਲ ਸੂਚਨਾ ਲੱਭਣੀ, ਉਸ ਦਾ ਮੁਲਾਂਕਣ ਕਰਨ, ਵਿਸ਼ਲੇਸ਼ਣ ਕਰਨ ਅਤੇ ਸੰਸ਼ਲੇਸ਼ਣ ਕਰਨ ਦੀ ਯੋਗਤਾ। ਇਨ੍ਹਾਂ ਉੱਚ ਪੱਧਰੀ ਹੁਨਰਾਂ ਦਾ ਪ੍ਰਯੋਗ ਪ੍ਰਬੰਧਨ ਦੇ ਸਾਰੇ ਖੇਤਰਾਂ ਵਿੱਚ ਕੀਤਾ ਜਾ ਸਕਦਾ ਹੈ।

## 7.7 ਵਿੱਤ ਵਿਵਸਥਾ ਸਬੰਧੀ ਸਵਰੂਪ

ਸਰਵ ਸਿੱਖਿਆ ਅਭਿਆਨ ਨੂੰ ਲਾਗੂ ਕਰਨ ਲਈ ਭਾਰਤ ਸਰਕਾਰ ਨੇ ਵਿਸ਼ਵ ਬੈਂਕ, ਯੂ.ਕੇ. ਸਰਕਾਰ ਆਦਿ ਤੋਂ ਵਿਕਾਸ ਸਹਾਇਤਾ ਪ੍ਰਾਪਤ ਕੀਤੀ ਹੈ। ਇਸ ਲਈ ਵਿਭਿੰਨ ਪ੍ਰਾਜੈਕਟਾਂ ਨੂੰ ਸਹਾਇਤਾ ਦੇਣ ਲਈ ਅਨੁਦਾਨਾਂ ਦੀ ਵੰਡ ਵਿੱਚ ਸਾਰੇ ਕਾਨੂੰਨੀ ਸਮਝੌਤਿਆਂ ਦਾ ਪਾਲਣ ਕਰਨਾ ਪਏਗਾ। ਇਸ ਦਾ ਇਹ ਵੀ ਮਤਲਬ ਨਿਕਲਦਾ ਹੈ ਕਿ ਇਨ੍ਹਾਂ ਅੰਤਰਰਾਸ਼ਟਰੀ ਦਾਤਾਵਾਂ ਤੋਂ ਅਨੁਦਾਨ ਦੀ ਅਗਲੀ ਕਿਸ਼ਤ ਪ੍ਰਾਪਤ ਕਰਨ ਲਈ ਸਕੂਲ ਪੱਧਰ, ਬਸਤੀ, ਪਿੰਡ, ਖੰਡ, ਜ਼ਿਲ੍ਹਾ ਅਤੇ ਰਾਜ ਪੱਧਰ 'ਤੇ ਕਾਰਜ ਰਿਪੋਰਟ ਅਤੇ ਖਰਚੇ ਦੀ ਰਿਪੋਰਟ ਸਮੇਂ 'ਤੇ ਦੇਣੀ ਹੋਏਗੀ।

**ਖਰਚ ਵੰਡਣ ਲਈ ਵਿਵਸਥਾ**: ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਤਹਿਤ ਵਿੱਤੀ ਸਹਾਇਤਾ **ਖਰਚ ਵੰਡਣ ਦੀ ਵਿਵਸਥਾ** 'ਤੇ ਆਧਾਰਿਤ ਹੈ। **ਕੇਂਦਰੀ ਅਤੇ ਰਾਜ ਸਰਕਾਰਾਂ ਦੇ ਵਿਚਕਾਰ** ਇਹ ਆਧਾਰ ਨੌਵੀਂ ਪੰਜ ਸਾਲਾ ਯੋਜਨਾ ਵਿੱਚ 85: 15 ਸੀ, ਦਸਵੀਂ ਪੰਜ ਸਾਲਾ ਯੋਜਨਾ ਦੇ ਸਮੇਂ ਵਿੱਚ 75: 25 ਸੀ ਅਤੇ ਉਸ ਤੋਂ ਬਾਅਦ 50:50 ਹੋ ਗਿਆ ਸੀ। ਰਾਜ ਸਰਕਾਰਾਂ ਤੋਂ ਹੁਣ ਇਹ ਉਮੀਦ ਹੈ ਕਿ ਉਹ ਯੂ.ਈ.ਈ. ਦੀ ਵਿੱਤ ਵਿਵਸਥਾ ਦੀਆਂ ਹੋਰ ਜ਼ਿਆਦਾ ਜ਼ਿੰਮੇਵਾਰੀ ਲੈਣਗੀਆਂ। ਰਾਜ ਸਰਕਾਰਾਂ ਤੋਂ ਲਾਗਤ ਨੂੰ ਵੰਡਣ ਸਬੰਧੀ ਵਚਨਬੱਧਤਾ ਲਿਖਤ ਰੂਪ ਵਿੱਚ ਲਈ ਜਾਂਦੀ ਹੈ।

**ਰਾਜ ਲਾਗੂ ਕਰਨ ਸੁਸਾਇਟੀ**: ਰਾਜ ਸਰਕਾਰਾਂ ਲਈ ਇਹ ਲਾਜ਼ਮੀ ਹੈ ਕਿ ਉਹ ਸਰਵ ਸਿੱਖਿਆ ਅਭਿਆਨ ਤਹਿਤ ਅਨੁਦਾਨ ਪ੍ਰਾਪਤ ਕਰਨ ਲਈ **ਰਾਜ ਲਾਗੂ ਕਰਨ ਸੁਸਾਇਟੀ** ਨੂੰ ਇੱਕ ਪਰਉਪਕਾਰੀ ਸੁਸਾਇਟੀ ਦੇ ਰੂਪ ਵਿੱਚ ਰਜਿਸਟਰ ਕਰਾਉਣ। ਭਾਰਤ ਸਰਕਾਰ ਇਸ ਪ੍ਰਕਾਰ ਦੇ ਅਨੁਦਾਨ ਕੇਵਲ ਰਾਜ ਸਰਕਾਰਾਂ ਜਾਂ ਸੰਘੀ ਖੇਤਰਾਂ ਨੂੰ ਹੀ ਦਿੰਦੀ ਹੈ। ਰਾਜ ਸਰਕਾਰ ਅਨੁਦਾਨ ਦੀ ਦੂਜੀ ਕਿਸ਼ਤ ਤਾਂ ਹੀ ਦੇਏਗੀ ਜਦੋਂ ਇਸ ਤੋਂ ਪਹਿਲਾਂ ਰਾਸ਼ਟਰੀ ਜਾਂ ਰਾਜ ਸਰਕਾਰ ਤੋਂ ਪ੍ਰਾਪਤ ਕਿਸ਼ਤ ਰਾਜ ਲਾਗੂ ਕਰਨ ਸੁਸਾਇਟੀ ਨੂੰ ਟਰਾਂਸਫਰ ਹੋ ਜਾਏਗੀ। ਸਰਵ ਸਿੱਖਿਆ ਅਭਿਆਨ ਤਹਿਤ ਨਿਯੁਕਤ ਅਧਿਆਪਕਾਂ ਦੇ ਵੇਤਨ ਖਰਚ ਨੂੰ ਕੇਂਦਰੀ ਅਤੇ ਰਾਜ ਸਰਕਾਰਾਂ ਢੁਕਵੇਂ ਅਨੁਪਾਤ ਵਿੱਚ ਵੰਡਦੀਆਂ ਹਨ।

ਪ੍ਰਾਇਮਰੀ ਸਿੱਖਿਆ ਦਾ ਰਾਸ਼ਟਰੀ ਪੋਸ਼ਣ ਸਹਾਇਤਾ ਪ੍ਰੋਗਰਾਮ (ਮਿਡ-ਡੇ-ਮੀਲ) ਸਰਵ ਸਿੱਖਿਆ ਅਭਿਆਨ ਦਾ ਭਾਗ ਨਹੀਂ ਹੈ। ਇਸ ਪ੍ਰੋਗਰਾਮ ਵਿੱਚ ਖਾਦ ਅਤੇ ਇਸ ਦੀ ਆਵਾਜਾਈ ਖਰਚ ਨੂੰ ਕੇਂਦਰ ਸਰਕਾਰ ਉਠਾਉਂਦੀ ਹੈ ਅਤੇ ਪੱਕੇ ਭੋਜਨ ਦਾ ਖਰਚ ਰਾਜ ਸਰਕਾਰਾਂ ਉਠਾਉਂਦੀਆਂ ਹਨ। ਕੇਂਦਰ ਸਰਕਾਰ ਦੀ ਐਲੀਮੈਂਟਰੀ ਸਿੱਖਿਆ ਸਬੰਧੀ ਬਾਕੀ ਸਾਰੀਆਂ ਯੋਜਨਾਵਾਂ ਨੌਵੀਂ ਪੰਜ ਸਾਲਾ ਯੋਜਨਾ ਦੇ ਬਾਅਦ ਸਰਵ ਸਿੱਖਿਆ ਅਭਿਆਨ ਵਿੱਚ ਮਿਲਾ ਦਿੱਤੀਆਂ ਗਈਆਂ ਹਨ। (ਸਿਵਾਏ ਰਾਸ਼ਟਰੀ ਬਾਲ ਭਵਨ ਅਤੇ ਐੱਨਸੀਟੀਆਈ)।

ਜ਼ਿਲ੍ਹਾ ਸਿੱਖਿਆ ਯੋਜਨਾਵਾਂ ਲਈ ਲਾਜ਼ਮੀ ਹੈ ਕਿ ਉਹ ਵਿਭਿੰਨ ਸਕੀਮਾਂ ਤਹਿਤ ਉਪਲੱਬਧ ਨਿਧੀ/ਸਰੋਤਾਂ ਦਾ ਸਪੱਸ਼ਟ ਬਿਓਰਾ ਦੇਣ। ਇਹ ਯੋਜਨਾਵਾਂ ਹਨ ਜਿਵੇਂ ਪ੍ਰਧਾਨ ਮੰਤਰੀ

ਗ੍ਰਾਮਉਦਯੋਗ ਯੋਜਨਾ, ਜਵਾਹਰ ਗ੍ਰਾਮ ਕਮੇਟੀ ਯੋਜਨਾ, ਸੁਨਿਸ਼ਚਿਤ ਰੁਜ਼ਗਾਰ ਯੋਜਨਾ, ਰਾਜ ਯੋਜਨਾ, ਵਿਦੇਸ਼ੀ ਰਾਸ਼ੀ (ਜੇਕਰ ਕੋਈ ਹੈ ਤਾਂ) ਸਾਰੇ ਸਰੋਤਾਂ ਤੋਂ ਪ੍ਰਾਪਤ ਰਾਸ਼ੀ ਦਾ ਉਪਯੋਗ ਸਕੂਲ ਭਵਨਾ ਨੂੰ ਸੁਧਾਰਨ, ਰੱਖ ਰਖਾਅ ਕਰਨ ਅਤੇ ਮੁਰੰਮਤ ਲਈ ਕਰਨਾ ਹੋਏਗਾ।ਅਧਿਆਪਨ ਸਿਖਲਾਈ ਸਮੱਗਰੀ ਅਤੇ ਸਥਾਨਕ ਸ਼ਾਸਨ ਦੇ ਸਮਰੱਥਾ ਨਿਰਮਾਣ ਨੂੰ ਹੌਲੀ ਹੌਲੀ ਗ੍ਰਾਮ ਸਿੱਖਿਆ ਕਮੇਟੀ/ਸਕੂਲ ਪ੍ਰਬੰਧਨ ਕਮੇਟੀ/ ਗ੍ਰਾਮ ਪੰਚਾਇਤ ਆਦਿ ਨੂੰ ਤਬਦੀਲ ਕਰਨਾ ਹੋਏਗਾ। ਇਹ ਕਾਰਜ ਇਨ੍ਹਾਂ ਸੰਸਥਾਵਾਂ ਦਾ ਹੋਏਗਾ ਕਿ ਰਾਸ਼ੀ ਦੀ ਵਰਤੋਂ ਸਭ ਤੋਂ ਉੱਤਮ ਰੂਪ ਵਿੱਚ ਯੋਜਨਾ ਦੀ ਤਰਜੀਹ ਅਨੁਸਾਰ ਕਿਵੇਂ ਕੀਤੀ ਜਾਏ।

Notes

**ਆਪਣੀ ਪ੍ਰਗਤੀ ਨੂੰ ਪਰਖੋ-8**

1. 1. ਯੂ.ਈ.ਈ. ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਦੇ ਵਿਚਕਾਰ ਵਿੱਤੀ ਜ਼ਿੰਮੇਵਾਰੀ ਨੂੰ ਵੰਡਣ ਦਾ ਕੀ ਸਵਰੂਪ ਹੈ ?

————————————————————————————————

————————————————————————————————

————————————————————————————————

2. 2. ਸਰਬਵਿਆਪੀ ਐਲੀਮੈਂਟਰੀ ਸਿੱਖਿਆ ਵਿੱਚ ਵਿਭਿੰਨ ਸਕੀਮਾਂ ਦੇ ਫੰਡਾਂ ਦੀ ਕਨਵਰਜੈਂਸ ਕਿਵੇਂ ਕੀਤੀ ਜਾਂਦੀ ਹੈ ? ਉਦਾਹਰਨਾਂ ਦਿਓ।

————————————————————————————————

————————————————————————————————

————————————————————————————————

**ਗਤੀਵਿਧੀ-1**

1. 1. ਆਪਣੇ ਸਕੂਲ ਵਿੱਚ ਘੱਟਗਿਣਤੀ ਵਰਗ ਦੀਆਂ ਲੜਕੀਆਂ ਦੇ ਦਾਖਲੇ ਨੂੰ ਵਧਾਉਣ ਅਤੇ ਉਨ੍ਹਾਂ ਨੂੰ ਸਕੂਲ ਵਿੱਚ ਬਣਾਏ ਰੱਖਣ ਦੀ ਇੱਕ ਯੋਜਨਾ ਤਿਆਰ ਕਰੋ।

————————————————————————————————

————————————————————————————————

————————————————————————————————

**ਗਤੀਵਿਧੀ-2**

1. 1. ਗਤੀਵਿਧੀ-1 ਲਈ ਬਜਟ ਤਿਆਰ ਕਰੋ।

————————————————————————————————

————————————————————————————————

————————————————————————————————

Notes

2. 2. ਪ੍ਰਵਾਨਗੀ ਲੈਣ ਲਈ ਤੁਹਾਡੇ ਵੱਲੋਂ ਯੋਜਨਾ ਅਤੇ ਤਿਆਰ ਬਜਟ ਕਿਸ ਨੂੰ ਸਬਮਿਟ ਕੀਤਾ ਜਾਏਗਾ ਵਿਆਖਿਆ ਕਰੋ ?

————————————————————————————

————————————————————————————

————————————————————————————

7.8 ਸਿੱਟਾ

ਇਸ ਇਕਾਈ ਵਿੱਚ ਤੁਸੀਂ ਪੜ੍ਹਿਆ ਹੈ ਕਿ ਸਿੱਖਿਆ ਦੇ ਅਧਿਕਾਰ ਕਾਨੂੰਨ ਤਹਿਤ ਯੂਈਈ ਨੂੰ ਲਾਗੂ ਕਰਨ ਲਈ ਵਿਕੇਂਦਰੀਕਰਨ ਕਰ ਦਿੱਤਾ ਹੈ। ਤੁਸੀਂ ਇਹ ਵੀ ਪੜ੍ਹਿਆ ਹੈ ਕਿ ਜ਼ਿਲ੍ਹਾ, ਬਲਾਕ, ਪਿੰਡ ਅਤੇ ਸਕੂਲ ਪੱਧਰ 'ਤੇ ਸੂਖਮ ਯੋਜਨਾਬੰਦੀ ਤੋਂ ਕੀ ਮਤਲਬ ਹੈ, ਇਨ੍ਹਾਂ ਪੱਧਰਾਂ 'ਤੇ ਸਿੱਖਿਆ ਵਿਕਾਸ ਯੋਜਨਾ ਤਿਆਰ ਕੌਣ ਕਰ ਸਕਦੇ ਹਨ, ਸਿੱਖਿਆ ਵਿਕਾਸ ਯੋਜਨਾ ਦਾ ਵਿਸ਼ਾ ਵਸਤੂ ਕੀ ਹੋਏਗਾ, ਇਸ ਯੋਜਨਾ ਦਾ ਮੂਲ ਨਿਰਧਾਰਨ ਕੀ ਹੁੰਦਾ ਹੈ ਅਤੇ ਇਸ ਨੂੰ ਕਿਵੇਂ ਪ੍ਰਵਾਨ ਕਰਾਇਆ ਜਾਂਦਾ ਹੈ ਅਤੇ ਯੋਜਨਾ ਨੂੰ ਲਾਗੂ ਕਰਨ ਦੀ ਨਿਗਰਾਨੀ ਕੌਣ ਕਰੇਗਾ।

ਇਸ ਤੋਂ ਇਲਾਵਾ ਤੁਸੀਂ ਐਲੀਮੈਂਟਰੀ ਸਿੱਖਿਆ ਦੇ ਵਿਕੇਂਦਰੀਕ੍ਰਿਤ ਪ੍ਰਬੰਧਨ ਵਿੱਚ ਸ਼ਾਸਨ ਸਬੰਧੀ ਸਮੱਸਿਆਵਾਂ ਦਾ ਅਧਿਐਨ ਕੀਤਾ ਹੈ। ਇਹ ਵੀ ਪੜ੍ਹਿਆ ਹੈ ਕਿ ਇੱਕ ਨਿੱਜੀ ਸਹਾਇਤਾ ਪ੍ਰਾਪਤ/ ਗੈਰ ਸਹਾਇਤਾ ਪ੍ਰਾਪਤ ਸਕੂਲ ਨੂੰ ਮਾਨਤਾ ਕੌਣ ਦਿੰਦਾ ਹੈ, ਇਸ ਦੀ ਵਿਧੀ ਕੀ ਹੈ, ਜਿਵੇਂ ਕਿ ਸਿੱਖਿਆ ਦੇ ਅਧਿਕਾਰ ਕਾਨੂੰਨ ਵਿੱਚ ਨਿਰਧਾਰਤ ਹੈ।

ਤੁਸੀਂ ਇਹ ਵੀ ਸਿੱਖਿਆ ਹੈ ਕਿ ਕਿਸੇ ਵੀ ਬੱਚੇ ਨੂੰ ਸਕੂਲ ਵਿੱਚ ਦਾਖਲਾ ਦੇਣ ਤੋਂ ਮਨ੍ਹਾਂ ਨਹੀਂ ਕੀਤਾ ਜਾ ਸਕਦਾ। ਅੱਗੇ ਸਿੱਖਿਆ ਕਿ ਬੱਚੇ ਦੇ ਅਧਿਕਾਰਾਂ ਦੀ ਸੁਰੱਖਿਆ ਦਾ ਜ਼ਿੰਮੇਵਾਰ ਕੌਣ ਹੈ। ਅੰਤ ਵਿੱਚ ਤੁਸੀਂ ਪੜ੍ਹਿਆ ਕਿ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੇ ਉਪਯੋਗ ਨਾਲ ਸਕੂਲਨੈੱਟ ਨੈੱਟਵਰਕਿੰਗ ਕਿਸ ਪ੍ਰਕਾਰ ਰਾਸ਼ਟਰੀ, ਰਾਜ, ਜ਼ਿਲ੍ਹਾ, ਬਲਾਕ ਅਤੇ ਸਕੂਲ ਪੱਧਰਾਂ 'ਤੇ ਐਲੀਮੈਂਟਰੀ ਸਿੱਖਿਆ ਨੂੰ ਬਿਹਤਰ ਸਮਰੱਥਾ ਨਿਰਮਾਣ ਅਤੇ ਪ੍ਰਬੰਧਨ ਲਈ ਸਹਾਇਕ ਹੋ ਸਕਦਾ ਹੈ। ਤੁਸੀਂ ਐਲੀਮੈਂਟਰੀ ਸਿੱਖਿਆ ਦੇ ਵਿਭਿੰਨ ਸਵਰੂਪਾਂ ਦੇ ਵਿਸ਼ਿਆਂ ਵਿੱਚ ਵੀ ਪੜ੍ਹਿਆ ਹੈ।

7.9 ਸੰਦਰਭ ਗ੍ਰੰਥ/ ਕੁਝ ਉਪਯੋਗੀ ਪੁਸਤਕਾਂ


**Educational planning and management in small states: concepts and**

**experiences**

-By Godfrey Baldacchino, Charles Farrugia, Commonwealth Secretariat

**A Comprehensive Study of Education -** By S. Samuel Ravi

http://ssa.ap.nic.in/

http://en.wikipedia.org/wiki/Sarva_Shiksha_Abhiyan

http://www.educationforallinindia.com/page112.html

http://scertdelhi.info/

Notes

## 7.10 ਇਕਾਈ ਅੰਤ ਅਭਿਆਸ

1. ਸੂਖਮ ਯੋਜਨਾਬੰਦੀ ਕੀ ਹੁੰਦੀ ਹੈ। ਆਪਣੇ ਖੇਤਰ ਵਿੱਚ ਸਮੁਦਾਏ ਮਾਲਕੀ ਦੇ ਸੰਦਰਭ ਵਿੱਚ ਵਰਣਨ ਕਰੋ।

2. ਆਪਣੇ ਜ਼ਿਲ੍ਹੇ ਵਿੱਚ ਮੌਜੂਦ ਕੁੱਲ ਬੀਆਰਸੀਜ਼ ਅਤੇ ਸੀਆਰਸੀਜ਼ ਦੀ ਸੂਚੀ ਬਣਾਓ ਅਤੇ ਇਨ੍ਹਾਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਨੂੰ ਪਰਿਭਾਸ਼ਿਤ ਕਰੋ।

Notes